ਸੋਮਵਾਰ, 7 ਜੁਲਾਈ, 2025
23 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 36

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 7 JULY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਮਸਕ ਨੇ ਸਿਆਸੀ ਕਾਰਖਾਨਾ ਵੀ ਲਾ ਲਿਆ

## ਰਿਪਬਲੀਕਨ ਤੇ ਡੈਮੋਕਰੇਟਿਕ ਪਾਰਟੀਆਂ ਤੋਂ 'ਆਜ਼ਾਦੀ' ਲਈ 'ਅਮਰੀਕਾ ਪਾਰਟੀ' ਖੜ੍ਹੀ ਕਰਨ ਦਾ ਐਲਾਨ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵਧੇ ਤਕਰਾਰ ਦਰਮਿਆਨ ਦੁਨੀਆ ਦੇ ਸਭ ਤੋਂ ਅਮੀਰ ਬਿਜ਼ਨਸਮੈਨ ਤੇ ਟੈਸਲਾ ਦੇ ਸੀ ਈ ਓ ਐਲਨ ਮਸਕ ਨੇ 'ਅਮਰੀਕਾ ਪਾਰਟੀ' ਦੇ ਗਠਨ ਦਾ ਐਲਾਨ ਕਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਟਰੰਪ ਦਾ ਵੱਡਾ ਟੈਕਸ ਬਿੱਲ ਅਮਰੀਕਾ ਨੂੰ ਦੀਵਾਲੀਆ ਕਰ ਦੇਵੇਗਾ। ਉਸ ਨੇ ਇਕ ਦਿਨ ਪਹਿਲਾਂ ਆਪਣੇ 'ਐਕਸ' ਪਲੇਟਫਾਰਮ 'ਤੇ ਫਾਲੋਅਰਜ਼ ਨੂੰ ਪੁੱਛਿਆ ਸੀ ਕਿ ਕੀ ਇੱਕ ਨਵੀਂ ਅਮਰੀਕੀ ਸਿਆਸੀ ਪਾਰਟੀ ਬਣਾਈ ਜਾਣੀ ਚਾਹੀਦੀ ਹੈ। ਇਸ ਪੋਲ ਵਿੱਚ 66 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਉਹ ਅਮਰੀਕਾ ਵਿੱਚ ਨਵੀਂ ਪਾਰਟੀ ਚਾਹੁੰਦੇ ਹਨ। ਇਸ ਤੋਂ ਬਾਅਦ ਮਸਕ ਨੇ ਪੋਸਟ ਵਿੱਚ ਐਲਾਨ ਕੀਤਾ, "ਅੱਜ ਅਮਰੀਕਾ ਪਾਰਟੀ ਤੁਹਾਨੂੰ ਤੁਹਾਡੀ ਆਜ਼ਾਦੀ ਵਾਪਸ ਦੇਣ ਲਈ ਬਣਾਈ ਗਈ ਹੈ।" ਮਸਕ ਵੱਲੋਂ ਇਹ ਐਲਾਨ ਟਰੰਪ ਵੱਲੋਂ ਬੀਤੇ ਦਿਨੀਂ ਟੈਕਸ ਕਟੌਤੀ ਅਤੇ ਖਰਚ ਬਿੱਲ 'ਤੇ ਦਸਤਖਤ ਕਰਨ ਤੋਂ ਬਾਅਦ ਕੀਤਾ ਗਿਆ ਹੈ।

ਮਸਕ ਨੇ ਟਰੰਪ ਦੀ ਚੋਣ 'ਤੇ ਵੱਡੀ ਰਕਮ ਖਰਚ ਕੀਤੀ ਸੀ, ਪਰ ਟਰੰਪ ਵੱਲੋਂ ਪਿਛਲੇ ਕੁਝ ਸਮੇਂ ਤੋਂ ਉਸ ਖਿਲਾਫ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਟਰੰਪ ਨੇ ਕੁਝ ਦਿਨ ਪਹਿਲਾਂ ਮਸਕ ਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ ਜੇ ਉਨ੍ਹਾ ਦੀ ਕੰਪਨੀ ਦੀ ਸਬਸਿਡੀ ਬੰਦ ਕਰ ਦਿੱਤੀ ਤਾਂ ਉਨ੍ਹਾ ਨੂੰ ਆਪਣਾ ਕਾਰੋਬਾਰ ਛੱਡ ਕੇ ਦੱਖਣੀ ਅਫਰੀਕਾ ਪਰਤਣਾ ਪਵੇਗਾ। ਟਰੰਪ ਨੇ ਕਿਹਾ ਸੀ ਕਿ ਸਬਸਿਡੀ ਬੰਦ ਹੋਣ ਨਾਲ ਟੈਸਲਾ ਨਾ ਤਾਂ ਇਲੈਕਟ੍ਰਿਕ ਕਾਰਾਂ ਦਾ ਉਤਪਾਦਨ ਕਰ ਸਕੇਗੀ ਤੇ ਨਾ ਹੀ ਸਪੇਸਐਕਸ ਦੇ ਰਾਕੇਟ, ਸੈਟੇਲਾਈਟ ਲਾਂਚ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਮਸਕ ਨੂੰ ਸਰਕਾਰੀ ਸਬਸਿਡੀ ਵਜੋਂ ਕਾਫੀ ਪੈਸਾ ਮਿਲਿਆ ਹੈ ਤੇ ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਟਰੰਪ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਇਲੈਕਟ੍ਰਿਕ ਵਾਹਨਾਂ ਲਈ ਲਾਈਆਂ ਜਾਂਦੀਆਂ ਸ਼ਰਤਾਂ ਖਿਲਾਫ ਹਨ, ਭਾਵੇਂ ਇਲੈਕਟ੍ਰਿਕ ਗੱਡੀਆਂ ਚੰਗੀਆਂ ਹਨ, ਪਰ ਇਨ੍ਹਾਂ ਗੱਡੀਆਂ ਨੂੰ ਖਰੀਦਣ ਲਈ ਹਰ ਇਕ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਮਸਕ ਨੇ ਰਿਪਬਲੀਕਨ ਅਤੇ ਡੈਮੋਕ੍ਰੇਟਿਕ ਦੀ ਵੀ ਆਲੋਚਨਾ ਕੀਤੀ ਹੈ। ਉਨ੍ਹਾ ਕਿਹਾ ਕਿ



ਜਦੋਂ ਅਮਰੀਕਾ ਨੂੰ ਬਰਬਾਦ ਕਰਨ ਅਤੇ ਭ੍ਰਿਸ਼ਟਾਚਾਰ ਦੀ ਗੱਲ ਆਉਂਦੀ ਹੈ ਤਾਂ ਦੋਵੇਂ ਪਾਰਟੀਆਂ ਇੱਕੋ ਜਿਹੀਆਂ ਹਨ। ਹੁਣ ਦੇਸ਼ ਨੂੰ ਦੋ ਪਾਰਟੀ ਪ੍ਰਣਾਲੀ ਤੋਂ ਆਜ਼ਾਦੀ ਮਿਲੇਗੀ।

'ਬਿਗ ਬਿਊਟੀਫੁੱਲ ਬਿੱਲ' ਪਾਸ ਹੋਣ ਨਾਲ ਟੈਸਲਾ ਵਰਗੀਆਂ ਕੰਪਨੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਇਲੈਕਟ੍ਰਿਕ ਵਾਹਨ ਅਤੇ ਗਰੀਨ ਐਨਰਜੀ ਸਬਸਿਡੀਆਂ ਖਤਮ ਹੋ ਜਾਣਗੀਆਂ, ਜਿਸ ਕਾਰਨ ਮਸਕ ਦੀਆਂ ਕੰਪਨੀਆਂ ਨੂੰ ਵੱਡਾ ਨੁਕਸਾਨ ਹੋਵੇਗਾ।

ਮਸਕ ਦਾ ਮੰਨਣਾ ਹੈ ਕਿ ਇਹ ਬਿੱਲ ਪ੍ਰਦੂਸ਼ਣ ਫੈਲਾਉਣ ਵਾਲੇ ਜੈਵਿਕ ਬਾਲਣ ਅਤੇ ਨਿਰਮਾਣ ਉਦਯੋਗਾਂ ਨੂੰ ਲਾਭ, ਜਦੋਂ ਕਿ ਤਕਨਾਲੋਜੀ ਅਤੇ ਨਵੀਨਤਾ ਖੇਤਰ ਨੂੰ ਨੁਕਸਾਨ ਪਹੁੰਚਾਏਗਾ।

ਮੀਡੀਆ ਰਿਪੋਰਟਾਂ ਅਨੁਸਾਰ, ਮਸਕ ਨੇ ਟਰੰਪ ਨੂੰ ਰਾਸ਼ਟਰਪਤੀ ਬਣਾਉਣ ਲਈ ਲੱਗਭੱਗ 2500 ਕਰੋੜ ਰੁਪਏ ਖਰਚ ਕੀਤੇ ਸਨ। ਟਰੰਪ ਨੇ ਚੋਣ ਜਿੱਤਣ ਤੋਂ ਬਾਅਦ ਮਸਕ ਨੂੰ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਵੀ ਦਿੱਤੀ। ਮਸਕ ਨੂੰ ਸਰਕਾਰੀ ਕੁਸ਼ਲਤਾ ਵਿਭਾਗ ਦਾ ਮੁਖੀ ਬਣਾਇਆ ਗਿਆ ਸੀ। ਇਹ ਵਿਭਾਗ ਇਸ ਲਈ ਬਣਾਇਆ ਗਿਆ ਸੀ ਤਾਂ ਜੋ ਅਮਰੀਕਾ ਵਿੱਚ ਫਜ਼ੂਲ ਸਰਕਾਰੀ ਖਰਚਿਆਂ ਨੂੰ ਰੋਕਿਆ ਜਾ ਸਕੇ, ਪਰ ਬਾਅਦ ਵਿੱਚ ਨਾਰਾਜ਼ ਹੋ ਕੇ ਮਸਕ ਲਾਂਭੇ ਹੋ ਗਿਆ ਸੀ।

ਅਮਰੀਕੀ ਸੰਵਿਧਾਨ ਦੇ ਅਨੁਸਾਰ ਅਮਰੀਕਾ ਵਿੱਚ ਪੈਦਾ ਹੋਣ ਵਾਲਾ ਹੀ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲੜ ਸਕਦਾ ਹੈ। ਐਲਨ ਮਸਕ ਦਾ ਜਨਮ ਦੱਖਣੀ ਅਫਰੀਕਾ ਵਿੱਚ ਹੋਇਆ ਸੀ। ਮਸਕ ਪਹਿਲਾਂ ਹੀ ਮੰਨ ਚੁੱਕਾ ਹੈ ਕਿ ਉਸ ਦੀ ਦਾਦੀ ਅਮਰੀਕੀ ਨਾਗਰਿਕ ਸੀ, ਪਰ ਉਸ ਦਾ ਜਨਮ ਦੱਖਣੀ ਅਫਰੀਕਾ ਵਿੱਚ ਹੋਇਆ ਸੀ। ਇਸ ਲਈ ਉਹ ਅਮਰੀਕਾ ਦਾ ਰਾਸ਼ਟਰਪਤੀ ਨਹੀਂ ਬਣ ਸਕਦਾ। ਉਸ ਨੂੰ ਸਾਲ 2002 ਵਿੱਚ ਅਮਰੀਕੀ ਨਾਗਰਿਕਤਾ ਮਿਲੀ ਸੀ।

ਭਾਵੇਂ ਅਮਰੀਕਾ ਵਿੱਚ ਬਹੁ-ਪਾਰਟੀ ਪ੍ਰਣਾਲੀ ਹੈ। ਰਿਫਾਰਮ ਪਾਰਟੀ, ਲਿਬਰਟੇਰੀਅਨ ਪਾਰਟੀ, ਸੋਸ਼ਲਿਸਟ ਪਾਰਟੀ, ਨੈਚੁਰਲ ਲਾਅ ਪਾਰਟੀ, ਕੰਸਟੀਚਿਊਸ਼ਨ ਪਾਰਟੀ ਅਤੇ ਗ੍ਰੀਨ ਪਾਰਟੀ ਵਰਗੀਆਂ ਪਾਰਟੀਆਂ ਵੀ ਚੋਣਾਂ ਲੜਦੀਆਂ ਰਹੀਆਂ ਹਨ ਪਰ ਅਮਰੀਕਾ ਦੀ ਆਜ਼ਾਦੀ ਤੋਂ ਬਾਅਦ ਸਿਰਫ ਦੋ ਪਾਰਟੀਆਂ—ਰਿਪਬਲੀਕਨ ਤੇ ਡੈਮੋਕ੍ਰੇਟਿਕ ਪਾਰਟੀ—ਦਾ ਦਬਦਬਾ ਰਿਹਾ ਹੈ।

ਅਮਰੀਕਾ ਵਿੱਚ ਛੋਟੀਆਂ ਪਾਰਟੀਆਂ ਲਈ ਚੋਣਾਂ ਲੜਨਾ ਇੰਨਾ ਆਸਾਨ ਨਹੀਂ ਹੈ। ਦਰਅਸਲ, ਡੈਮੋਕ੍ਰੇਟਿਕ ਅਤੇ ਰਿਪਬਲੀਕਨ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਂਅ ਆਮ ਚੋਣ ਬੈਲਟ 'ਤੇ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ, ਪਰ ਛੋਟੀਆਂ ਪਾਰਟੀਆਂ ਨੂੰ ਆਪਣਾ ਨਾਂਅ ਬੈਲਟ 'ਤੇ ਪਾਉਣ ਲਈ ਕਾਫੀ ਗਿਣਤੀ ਵਿੱਚ ਰਜਿਸਟਰਡ ਵੋਟਰਾਂ ਦੇ ਦਸਤਖਤਾਂ ਦੀ ਲੋੜ ਹੁੰਦੀ ਹੈ। ਇਹ ਇੱਕ ਬਹੁਤ ਮਹਿੰਗੀ ਪ੍ਰਕਿਰਿਆ ਹੈ।

ਡੈਮੋਕ੍ਰੇਟਿਕ ਅਤੇ ਰਿਪਬਲੀਕਨ ਰਾਸ਼ਟਰਪਤੀ ਉਮੀਦਵਾਰਾਂ ਨੂੰ ਆਮ ਚੋਣਾਂ ਲਈ ਪੂਰੀ ਫੈਡਰਲ ਵਿੱਤੀ ਸਹਾਇਤਾ ਮਿਲਦੀ ਹੈ, ਪਰ ਇੱਕ ਛੋਟੀ ਪਾਰਟੀ ਨੂੰ ਫੈਡਰਲ ਫੰਡ ਦਾ ਹਿੱਸਾ ਤਾਂ ਹੀ ਮਿਲੇਗਾ ਜੇ ਉਸ ਦੇ ਉਮੀਦਵਾਰ ਨੇ ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿੱਚ 5 ਪ੍ਰਤੀਸ਼ਤ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਹੋਣ।


ਭਾਵੇਂ ਛੋਟੀਆਂ ਪਾਰਟੀਆਂ ਦੇ ਉਮੀਦਵਾਰਾਂ ਲਈ ਰਾਸ਼ਟਰਪਤੀ ਬਣਨਾ ਬਹੁਤ ਮੁਸ਼ਕਲ ਹੈ ਪਰ ਇਹ ਪਾਰਟੀਆਂ ਕਈ ਵਾਰ ਗੇਮ ਚੇਂਜਰ ਸਾਬਤ ਹੋਈਆਂ ਹਨ। 1912 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਸਾਬਕਾ ਰਿਪਬਲਿਕਨ ਰਾਸ਼ਟਰਪਤੀ ਥੀਓਡੋਰ ਰੂਜ਼ਵੈਲਟ ਨੇ ਰਿਪਬਲੀਕਨ ਰਾਸ਼ਟਰਪਤੀ ਵਿਲੀਅਮ ਹਾਵਰਡ ਟਾਫਟ ਦੇ ਵਿਰੁੱਧ ਚੋਣ ਲੜੀ।

ਰੂਜ਼ਵੈਲਟ ਦੇ ਚੋਣ ਲੜਨ ਨਾਲ ਰਿਪਬਲਿਕਨ ਪਾਰਟੀ ਦੀਆਂ ਵੋਟਾਂ ਵੰਡੀਆਂ ਗਈਆਂ। ਨਤੀਜਾ ਇਹ ਹੋਇਆ ਕਿ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਵੁੱਡਰੋ ਵਿਲਸਨ ਸਿਰਫ 42 ਪ੍ਰਤੀਸ਼ਤ ਵੋਟਾਂ ਨਾਲ ਰਾਸ਼ਟਰਪਤੀ ਚੋਣ ਜਿੱਤਣ ਵਿੱਚ ਕਾਮਯਾਬ ਰਹੇ। 2000 ਵਿੱਚ ਗ੍ਰੀਨ ਪਾਰਟੀ ਦੇ ਉਮੀਦਵਾਰ ਰਾਲਫ ਨਾਡਰ ਨੂੰ ਸਿਰਫ 2.7 ਪ੍ਰਤੀਸ਼ਤ ਵੋਟਾਂ ਮਿਲੀਆਂ, ਪਰ ਇਸ ਵੋਟ ਪ੍ਰਤੀਸ਼ਤਤਾ ਦੇ ਕਾਰਨ ਰਿਪਬਲੀਕਨ ਉਮੀਦਵਾਰ ਜਾਰਜ ਡਬਲਯੂ ਬੁਸ਼ ਨੇ ਰਾਸ਼ਟਰਪਤੀ ਚੋਣ ਜਿੱਤੀ। ਜੇ ਨਾਡਰ ਚੋਣ ਮੈਦਾਨ ਵਿੱਚ ਨਾ ਹੁੰਦੇ ਤਾਂ ਡੈਮੋਕ੍ਰੇਟਿਕ ਉਮੀਦਵਾਰ ਅਲ ਗੋਰ ਜਿੱਤ ਸਕਦੇ ਸਨ।

# ਮਹਿਲਾਵਾਂ ਦੇ 5000 ਤੇ 1500 ਮੀਟਰ ਦੇ ਵਿਸ਼ਵ ਰਿਕਾਰਡ ਟੁੱਟੇ



ਫੇਥ ਕਿਪਯੇਗੋਨ ਨੇ 1500 ਮੀਟਰ ਦਾ ਆਪਣਾ ਹੀ ਰਿਕਾਰਡ ਸੁਧਾਰਿਆ।



ਬੀਟਰਾਈਸ ਚੇਬੇਟ ਵਿਸ਼ਵ ਰਿਕਾਰਡ ਬਣਾਉਣ 'ਤੇ ਖੁਸ਼ੀ ਜ਼ਾਹਰ ਕਰਦੀ ਹੋਈ।

**ਯੂਜੀਨ (ਅਮਰੀਕਾ)** : ਕੀਨੀਆ ਦੀ ਬੀਟਰਾਈਸ ਚੇਬੇਟ ਨੇ ਪ੍ਰੀਫੋਂਟੇਨ ਕਲਾਸਿਕ ਅਥਲੈਟਿਕ ਮੁਕਾਬਲੇ ਵਿੱਚ ਮਹਿਲਾਵਾਂ ਦੀ 5000 ਮੀਟਰ ਦੌੜ 13 ਮਿੰਟ 58.06 ਸੈਕਿੰਡ ਨਾਲ ਜਿੱਤ ਕੇ ਵਿਸ਼ਵ ਰਿਕਾਰਡ ਬਣਾਇਆ। ਚੇਬੇਟ ਇਸ ਮੁਕਾਬਲੇ ਵਿੱਚ 14 ਮਿੰਟ ਤੋਂ ਘੱਟ ਸਮਾਂ ਕੱਢਣ ਵਾਲੀ ਪਹਿਲੀ ਮਹਿਲਾ ਅਥਲੀਟ ਬਣ ਗਈ ਹੈ। ਉਸ ਨੇ ਇਥੋਪੀਆ ਦੀ ਗੁਡਾਫ਼ ਤਸੇਗੇ ਵੱਲੋਂ ਬਣਾਏ ਗਏ 14:00:21 ਦੇ ਪਿਛਲੇ ਰਿਕਾਰਡ ਨੂੰ ਤੋੜਿਆ। ਤਸੇਗੇ ਨੇ 2023 ਪ੍ਰੀਫੋਂਟੇਨ ਕਲਾਸਿਕ ਵਿੱਚ ਇਹ ਰਿਕਾਰਡ ਬਣਾਇਆ ਸੀ। ਇਸੇ ਤਰ੍ਹਾਂ ਕੀਨੀਆ ਦੀ ਹੀ ਫੇਥ ਕਿਪਯੇਗੋਨ ਨੇ ਮਹਿਲਾਵਾਂ ਦੀ 1500 ਮੀਟਰ ਦੌੜ ਤਿੰਨ ਮਿੰਟ 48.68 ਸੈਕਿੰਡ ਵਿੱਚ ਪੂਰੀ ਕਰਕੇ ਵਿਸ਼ਵ ਰਿਕਾਰਡ ਬਣਾਇਆ। ਇਸ ਮੁਕਾਬਲੇ ਵਿੱਚ ਤਿੰਨ ਵਾਰ ਦੀ ਉਲੰਪਿਕ ਚੈਂਪੀਅਨ ਕਿਪਯੇਗੋਨ ਨੇ 3:49:04 ਦੇ ਆਪਣੇ ਹੀ ਰਿਕਾਰਡ ਵਿੱਚ ਸੁਧਾਰ ਕੀਤਾ, ਜੋ ਉਸ ਨੇ ਪਿਛਲੇ ਸਾਲ ਜੁਲਾਈ 'ਚ ਪੈਰਿਸ ਉਲੰਪਿਕ ਖੇਡਾਂ ਦੌਰਾਨ ਬਣਾਇਆ ਸੀ।

# ਪਾਕੇਟ ਚਾਕੂ ਤੇ ਹੇਅਰ ਕਲਿੱਪ ਨਾਲ ਬੱਚੇ ਨੂੰ ਲਿਆਂਦਾ ਦੁਨੀਆ 'ਚ

**ਝਾਂਸੀ** : ਪਾਕੇਟ ਚਾਕੂ ਤੇ ਹੇਅਰ ਕਲਿੱਪ—ਇਹ ਉਹ ਔਜ਼ਾਰ ਸਨ, ਜਿਨ੍ਹਾਂ ਦੀ ਮਦਦ ਨਾਲ ਫੌਜ ਦੇ ਡਾਕਟਰ ਨੇ ਸ਼ਨਿੱਚਰਵਾਰ ਦੁਪਹਿਰ ਝਾਂਸੀ ਰੇਲਵੇ ਸਟੇਸ਼ਨ 'ਤੇ ਇੱਕ ਮਹਿਲਾ ਨੂੰ ਬੱਚੇ ਨੂੰ ਜਨਮ ਦੇਣ ਵਿੱਚ ਮਦਦ ਕੀਤੀ। ਝਾਂਸੀ ਮਿਲਟਰੀ ਹਸਪਤਾਲ ਵਿੱਚ ਤਾਇਨਾਤ 31 ਸਾਲਾ ਮੇਜਰ ਰੋਹਿਤ ਬਚਵਾਲਾ ਆਪਣੇ ਪਰਵਾਰ ਨੂੰ ਮਿਲਣ ਲਈ ਇੱਕ ਮਹੀਨੇ ਦੀ ਛੁੱਟੀ 'ਤੇ ਵਾਇਆ ਬੇਂਗਲੁਰੂ ਹੈਦਰਾਬਾਦ ਜਾ ਰਹੇ ਸਨ। ਗੱਡੀ ਦੀ ਉਡੀਕ 'ਚ ਉਨ੍ਹਾ ਫੁਟਓਵਰ ਬ੍ਰਿਜ 'ਤੇ ਇੱਕ ਗਰਭਵਤੀ ਮਹਿਲਾ ਨੂੰ ਬਹੁਤ ਦਰਦ ਵਿੱਚ ਦੇਖਿਆ। ਉਨ੍ਹਾ ਤੁਰੰਤ ਆਪਣੇ ਪਾਕੇਟ ਚਾਕੂ ਤੇ ਹੇਅਰ ਕਲਿੱਪ ਤੋਂ ਇਲਾਵਾ ਧੋਤੀ ਦਾ ਜੁਗਾੜ ਕਰਕੇ ਡਿਲੀਵਰੀ ਕਰਵਾ ਦਿੱਤੀ। ਰੇਲਵੇ ਮੁਲਾਜ਼ਮਾਂ ਨੇ ਦਸਤਾਨਿਆਂ ਦਾ ਪ੍ਰਬੰਧ ਕੀਤਾ।

ਡਿਲੀਵਰੀ ਤੋਂ ਬਾਅਦ ਮਹਿਲਾ ਤੇ ਬੱਚੇ ਨੂੰ ਨੇੜਲੇ ਹਸਪਤਾਲ ਪਹੁੰਚਾ ਦਿੱਤਾ ਗਿਆ। ਮੇਜਰ ਬਚਵਾਲਾ ਨੇ ਦੱਸਿਆ, "ਮਹਿਲਾ ਟੀ ਟੀ ਈ ਗਰਭਵਤੀ ਮਹਿਲਾ ਨੂੰ ਵ੍ਹੀਲਚੇਅਰ 'ਤੇ ਡਾਕਟਰੀ ਸਹਾਇਤਾ ਲਈ ਲਿਜਾ ਰਹੀ ਸੀ। ਜਦੋਂ ਉਸਨੂੰ ਫੁਟਓਵਰ ਬ੍ਰਿਜ 'ਤੇ ਲਿਫਟ ਤੋਂ ਬਾਹਰ ਲਿਆਂਦਾ ਗਿਆ, ਉਹ ਦਰਦ ਨਾਲ ਕਰਾਹੁਣ ਲੱਗੀ। ਮੈਂ ਉਸ ਕੋਲ ਗਿਆ ਤੇ ਜੋ ਵੀ ਵਸੀਲੇ ਮੇਰੇ ਕੋਲ ਸਨ, ਉਨ੍ਹਾਂ ਦੀ ਮਦਦ ਨਾਲ ਬੱਚੇ ਨੂੰ ਜਨਮ ਦੇਣ ਵਿੱਚ ਮਦਦ ਕੀਤੀ।" ਮਹਿਲਾ



ਪਤੀ ਨਾਲ ਪਨਵੇਲ ਤੋਂ ਬਾਰਾਬੰਕੀ ਜਾ ਰਹੀ ਸੀ ਪਰ ਅਚਾਨਕ ਦਰਦਾਂ ਹੋਣ 'ਤੇ ਪਤੀ ਨੇ ਰੇਲਵੇ ਤੋਂ ਮਦਦ ਮੰਗੀ ਤੇ ਉਨ੍ਹਾਂ ਨੂੰ ਝਾਂਸੀ ਸਟੇਸ਼ਨ 'ਤੇ ਉਤਾਰਿਆ ਗਿਆ।

## ਮੰਡੀ ਜ਼ਿਲ੍ਹੇ 'ਚ ਬੱਦਲ ਫਟਿਆ

**ਸ਼ਿਮਲਾ** : ਮੰਡੀ ਜ਼ਿਲ੍ਹੇ ਦੀ ਚੌਹਾਰ ਘਾਟੀ ਵਿੱਚ ਬੱਦਲ ਫਟਣ ਕਾਰਨ ਪੂਰੇ ਖੇਤਰ 'ਚ ਪਾਣੀ ਭਰ ਗਿਆ। ਇਹ ਬੱਦਲ ਪਿੰਡ ਕੋਰਤਾਂਗ ਵਿੱਚ ਫਟਿਆ। ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ ਪਰ ਆਵਾਜਾਈ ਵਾਲਾ ਪੁਲ ਤੇ ਪੈਦਲ ਜਾਣ ਵਾਲੇ ਦੋ ਰਸਤੇ ਵਹਿ ਗਏ ਹਨ। ਦੂਜੇ ਪਾਸੇ ਚੰਬਾ ਵਿੱਚ ਭਾਰੀ ਮੀਂਹ ਪਿਆ, ਜਿਸ ਕਾਰਨ ਕਨਘੇਲਾ ਨਾਲੇ ਵਾਲਾ ਪੁਲ ਪਾਣੀ ਵਿਚ ਵਹਿ ਗਿਆ। ਇਸ ਨਾਲ ਮੁੱਖ ਰਸਤਾ ਬੰਦ ਹੋ ਗਿਆ।

## ਕਾਰ ਖੱਡ 'ਚ, 4 ਮੌਤਾਂ

**ਕੁੱਲੂ** : ਰੋਹਤਾਂਗ ਪਾਸ ਨੇੜੇ ਰਹਿਣੀ ਨਾਲਾ ਕੋਲ ਕਾਰ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਪੀੜਤਾਂ ਦੀ ਫੌਰੀ ਤੌਰ 'ਤੇ ਪਛਾਣ ਨਹੀਂ ਹੋਈ।

## ਟੈਕਸਾਸ 'ਚ ਭਾਰੀ ਜਾਨੀ ਹਾਨੀ

**ਵਾਸ਼ਿੰਗਟਨ** : ਟੈਕਸਾਸ ਵਿੱਚ ਭਾਰੀ ਮੀਂਹ ਤੋਂ ਬਾਅਦ ਹੜ੍ਹ ਆਉਣ ਕਾਰਨ 51 ਜਣਿਆਂ ਦੀ ਮੌਤ ਹੋ ਗਈ ਹੈ। ਇੱਕ ਨਹਿਰ ਕਿਨਾਰੇ ਸਮਰ ਕੈਂਪ ਲੱਗਿਆ ਸੀ ਤੇ ਹੜ੍ਹ ਆਉਣ ਕਾਰਨ 27 ਕੁੜੀਆਂ ਲਾਪਤਾ ਹੋ ਗਈਆਂ ਹਨ। ਕੈਂਪ ਵਿੱਚ ਸਾਢੇ ਸੱਤ ਸੌ ਦੇ ਕਰੀਬ ਕੁੜੀਆਂ ਸਨ। ਇੰਨਾ ਤੇਜ਼ ਮੀਂਹ ਪਿਆ ਕਿ ਮਹਿਜ਼ 45 ਮਿੰਟ ਵਿੱਚ ਹੀ ਨਦੀ ਦਾ ਪੱਧਰ 26 ਫੁੱਟ ਤੱਕ ਵਧ ਗਿਆ, ਜਿਸ ਕਾਰਨ ਘਰ ਤੇ ਵਾਹਨ ਪਾਣੀ ਵਿਚ ਰੁੜ੍ਹ ਗਏ।

## ਮਜੀਠੀਆ ਹੁਣ 14 ਦਿਨ ਦੇ ਜੁਡੀਸ਼ੀਅਲ ਰਿਮਾਂਡ 'ਤੇ

**ਮੁਹਾਲੀ** : ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਪੁਲਸ ਰਿਮਾਂਡ ਖਤਮ ਹੋਣ 'ਤੇ ਐਤਵਾਰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਨੇ ਉਨ੍ਹਾ ਨੂੰ 14 ਦਿਨ ਦੇ ਜੁਡੀਸ਼ੀਅਲ ਰਿਮਾਂਡ 'ਤੇ ਨਿਊ ਨਾਭਾ ਜੇਲ੍ਹ ਭੇਜ ਦਿੱਤਾ। ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਇੱਕ ਮਾਮਲੇ ਵਿੱਚ ਅੰਮ੍ਰਿਤਸਰ ਘਰੋਂ ਗ੍ਰਿਫਤਾਰ ਕੀਤਾ ਸੀ।

## 120 ਯੂਕਰੇਨੀ ਡਰੋਨ ਫੁੰਡੇ

**ਮਾਸਕੋ** : ਰੂਸ ਦੇ ਐਂਟੀ-ਏਅਰਕ੍ਰਾਫਟ ਸਿਸਟਮ ਨੇ ਸ਼ਨਿੱਚਰਵਾਰ ਰਾਤ 120 ਯੂਕਰੇਨੀ ਡਰੋਨ ਡੇਗ ਦਿੱਤੇ। ਇਨ੍ਹਾਂ ਵਿਚੋਂ ਜ਼ਿਆਦਾਤਰ ਡਰੋਨ ਯੂਕਰੇਨ ਦੀ ਸਰਹੱਦ ਨਾਲ ਲੱਗਦੇ ਖੇਤਰਾਂ ਵਿੱਚ ਡੇਗੇ ਗਏ, ਜਿਨ੍ਹਾਂ ਨਾਲ ਕੋਈ ਨੁਕਸਾਨ ਨਹੀਂ ਹੋਇਆ। ਦੋਵਾਂ ਦੇਸ਼ਾਂ ਦਰਮਿਆਨ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਜੰਗ ਜਾਰੀ ਹੈ।

# ਸਾਬਕਾ ਚੀਫ ਜਸਟਿਸ ਤੋਂ ਬੰਗਲਾ ਖਾਲੀ ਕਰਾਉਣ ਲਈ ਕੇਂਦਰੀ ਮੰਤਰਾਲੇ ਨੂੰ ਪੱਤਰ

**ਨਵੀਂ ਦਿੱਲੀ** : ਸੁਪਰੀਮ ਕੋਰਟ ਪ੍ਰਸ਼ਾਸਨ ਨੇ ਕੇਂਦਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਕ੍ਰਿਸ਼ਨਾ ਮੈਨਨ ਮਾਰਗ 'ਤੇ ਭਾਰਤ ਦੇ ਚੀਫ ਜਸਟਿਸ ਦੀ ਸਰਕਾਰੀ ਰਿਹਾਇਸ਼ ਨੂੰ ਖਾਲੀ ਕਰਵਾਏ। ਇਸ ਵਿੱਚ ਮੌਜੂਦਾ ਸਮੇਂ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਡੀ ਵਾਈ ਚੰਦਰਚੂੜ ਮਿਆਦ ਪੁੱਗਣ ਤੋਂ ਬਾਅਦ ਵੀ ਠਹਿਰੇ ਹੋਏ ਹਨ।



ਸੁਪਰੀਮ ਕੋਰਟ ਨੇ ਪਹਿਲੀ ਜੁਲਾਈ ਨੂੰ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੂੰ ਪੱਤਰ ਭੇਜ ਕੇ ਕਿਹਾ ਕਿ ਭਾਰਤ ਦੇ ਮੌਜੂਦਾ ਚੀਫ ਜਸਟਿਸ ਲਈ ਕ੍ਰਿਸ਼ਨਾ ਮੈਨਨ ਮਾਰਗ 'ਤੇ ਬੰਗਲਾ ਨੰਬਰ 5 ਨੂੰ ਖਾਲੀ ਕੀਤਾ ਜਾਵੇ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਸਟਿਸ ਚੰਦਰਚੂੜ ਨੂੰ ਦਿੱਤੀ ਗਈ ਇਜਾਜ਼ਤ ਨਾ ਸਿਰਫ਼ 31 ਮਈ ਨੂੰ ਖਤਮ ਹੋ ਗਈ ਸੀ, ਸਗੋਂ 2022 ਦੇ ਨਿਯਮਾਂ ਤਹਿਤ ਦਿੱਤੀ ਗਈ ਛੇ ਮਹੀਨਿਆਂ ਦੀ ਮਿਆਦ ਵੀ ਖਤਮ ਹੋ ਗਈ ਹੈ।

ਸੁਪਰੀਮ ਕੋਰਟ ਦੇ ਜੱਜ (ਸੋਧ) ਨਿਯਮ, 2022 ਦੇ ਨਿਯਮ 32 ਦੇ ਤਹਿਤ, ਭਾਰਤ ਦਾ ਇੱਕ ਸੇਵਾਮੁਕਤ ਚੀਫ ਜਸਟਿਸ ਸੇਵਾਮੁਕਤੀ ਤੋਂ ਬਾਅਦ ਵੱਧ ਤੋਂ ਵੱਧ ਛੇ ਮਹੀਨਿਆਂ ਲਈ 5, ਕ੍ਰਿਸ਼ਨਾ ਮੈਨਨ ਮਾਰਗ ਬੰਗਲੇ ਤੋਂ ਹੇਠਾਂ ਟਾਈਪ 7 ਬੰਗਲਾ ਰੱਖ ਸਕਦਾ ਹੈ। ਚੰਦਰਚੂੜ ਨੇ ਨਵੰਬਰ 2022 ਅਤੇ ਨਵੰਬਰ 2024 ਵਿਚਕਾਰ 50ਵੇਂ ਚੀਫ ਜਸਟਿਸ ਵਜੋਂ ਸੇਵਾਵਾਂ ਨਿਭਾਈਆਂ ਸਨ।

ਜਸਟਿਸ ਚੰਦਰਚੂੜ ਤੋਂ ਬਾਅਦ ਚੀਫ ਜਸਟਿਸ ਵਜੋਂ ਸੰਜੀਵ ਖੰਨਾ ਆਏ, ਪਰ ਉਨ੍ਹਾ ਨੇ ਆਪਣੇ ਛੇ ਮਹੀਨਿਆਂ ਦੇ ਕਾਰਜਕਾਲ ਦੌਰਾਨ ਸਰਕਾਰੀ ਰਿਹਾਇਸ਼ ਵਿੱਚ ਨਾ ਜਾਣ ਦਾ ਫੈਸਲਾ ਕੀਤਾ। ਇੱਥੋਂ ਤੱਕ ਕਿ ਮੌਜੂਦਾ ਚੀਫ ਜਸਟਿਸ ਬੀ ਆਰ ਗਵਈ ਨੇ ਪਹਿਲਾਂ ਤੋਂ ਅਲਾਟ ਕੀਤੇ ਬੰਗਲੇ ਵਿੱਚ ਰਹਿਣ ਨੂੰ ਤਰਜੀਹ ਦਿੱਤੀ।

ਪਿਛਲੇ ਸਾਲ 18 ਦਸੰਬਰ ਨੂੰ ਜਸਟਿਸ ਚੰਦਰਚੂੜ ਨੇ ਤੱਤਕਾਲੀ ਚੀਫ ਜਸਟਿਸ ਖੰਨਾ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਸੀ ਕਿ ਉਹ 30 ਅਪਰੈਲ, 2025 ਤੱਕ 5, ਕ੍ਰਿਸ਼ਨਾ ਮੈਨਨ ਨਿਵਾਸ ਵਿੱਚ ਰਹਿਣ ਦੀ ਆਗਿਆ ਦੇਣ, ਜਿਹੜੀ ਚੀਫ ਜਸਟਿਸ ਖੰਨਾ ਨੇ ਮੰਨ ਲਈ ਸੀ। ਜਸਟਿਸ ਚੰਦਰਚੂੜ ਦਾ ਕਹਿਣਾ ਹੈ ਕਿ ਉਨ੍ਹਾ ਦੀਆਂ ਦੋਨੋਂ ਧੀਆਂ ਦਾ ਏਮਜ਼ ਵਿੱਚ ਇਲਾਜ ਚੱਲ ਰਿਹਾ ਹੈ। ਫਿਰ ਵੀ ਉਹ ਛੇਤੀ ਬੰਗਲਾ ਖਾਲੀ ਕਰ ਦੇਣਗੇ।

# ਨਰੇਗਾ ਹੱਕਾਂ ਨੂੰ ਨਹੀਂ ਚੜ੍ਹਨ ਦਿੱਤਾ ਜਾਵੇਗਾ ਅਫ਼ਸਰਸ਼ਾਹੀ ਦੀ ਭੇਟ : ਜਗਰੂਪ, ਜਗਸੀਰ ਖੋਸਾ

## ਨਰੇਗਾ ਮਜ਼ਦੂਰ 25 ਜੁਲਾਈ ਨੂੰ ਕਰਨਗੇ ਸ਼ਕਤੀ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਰਜਿ:) ਦੀ ਸੂਬਾ ਕੌਂਸਲ ਮੀਟਿੰਗ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਅਤੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ ਨੇ ਕਿਹਾ ਕਿ ਨਰੇਗਾ ਮਜ਼ਦੂਰਾਂ ਦਾ ਭਲਾ ਨਰੇਗਾ ਐਕਟ ਦੇ ਵਾਧੇ ਵਿੱਚ ਹੈ, ਜਦੋਂ ਕਿ ਸਰਮਾਏਦਾਰੀ ਨੀਤੀਆਂ 'ਤੇ ਚੱਲਣ ਵਾਲੀਆਂ ਸਰਕਾਰਾਂ ਇਸ ਨੂੰ ਨਕਾਰਾ ਕਰਨ ਦੀ ਮਨਸ਼ਾ ਰੱਖਦੀਆਂ ਹਨ। ਪੰਜਾਬ ਦੇ ਚੇਤਨ ਮਜ਼ਦੂਰ ਸਰਕਾਰਾਂ ਦੀਆਂ ਅਜਿਹੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਹਨਾਂ ਅੱਗੇ ਕਿਹਾ ਕਿ ਨਰੇਗਾ (ਐਕਟ) ਤਹਿਤ ਪਿੰਡਾਂ ਦੇ ਮਜ਼ਦੂਰਾਂ ਨੂੰ ਕੰਮ ਮੰਗਣ 'ਤੇ 100 ਦਿਨਾਂ ਦੀ ਗਾਰੰਟੀ ਹੈ। ਪਰ ਕੰਮ ਦੀ ਮੰਗ ਦੀਆਂ ਰਸੀਦਾਂ ਨਾ ਜਾਰੀ ਕਰਨ ਕਾਰਨ ਨਰੇਗਾ ਮਜ਼ਦੂਰਾਂ ਦੀ ਕੰਮ ਗਾਰੰਟੀ ਨੂੰ ਢਾਅ ਲਗਦੀ ਹੈ। ਇਸ ਲਈ ਨਰੇਗਾ ਮਜ਼ਦੂਰਾਂ ਨੂੰ ਕੰਮ ਦੀਆਂ ਅਰਜ਼ੀਆਂ ਦੀ ਰਸੀਦ ਹਾਸਲ ਕਰਨ ਦੀ ਮਹੱਤਤਾ ਨੂੰ ਸਮਝਣਾ ਅਤੇ ਅਮਲ ਕਰਵਾਉਣਾ ਸਮੇਂ ਦੀ ਲੋੜ ਹੈ।ਆਗੂਆਂ ਨੇ ਦੱਸਿਆ ਕਿ ਨਰੇਗਾ ਐਕਟ ਮੁਤਾਬਿਕ ਨਰੇਗਾ ਮੇਟਾਂ ਨੂੰ ਵੇਜ ਰੇਟ ਸੈਮੀ ਸਕਿਲਡ ਵਾਲੀ ਮਿਲਣੀ ਹੈ ਜੋ ਕਿ ਨਰੇਗਾ ਫੰਡ ਦੇ 40% ਮਟੀਰੀਅਲ ਵਾਲੇ ਹਿੱਸੇ ਤੋਂ ਉਜਰਤ ਦੇਣੀ ਹੈ।ਪਰ ਉਹਨਾਂ ਨੂੰ ਅਨਸਕਿਲਡ (ਲੇਬਰ) ਵਾਲੀ ਦਿਹਾੜੀ ਹੀ ਦਿੱਤੀ ਜਾਂਦੀ ਹੈ ਅਤੇ ਇਹ ਅਨਸਕਿਲਡ ਲੇਬਰ ਦੇ ਖਾਤੇ ਨੂੰ ਖੋਰਾ ਲਾਉਂਦੀ ਹੈ।ਮੇਟ ਦੀ ਉਜਰਤ ਕਿਸੇ ਵੀ ਸੂਰਤ ਵਿੱਚ ਅਨਸਕਿਲਡ ਹਿੱਸੇ ਵਿਚੋਂ ਪਾਉਣੀ ਬੰਦ ਕੀਤੀ ਜਾਵੇ।ਜੋ ਕਿ ਨਰੇਗਾ ਐਕਟ ਦੀ ਸ਼ਰੇਆਮ ਉਲੰਘਣਾ ਹੈ। ਇਹਨਾਂ ਸਾਰੇ ਮਸਲਿਆਂ ਅਤੇ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਚਲਵਾਉਣ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ।ਮੀਟਿੰਗ ਵਿੱਚ ਫੈਸਲੇ ਹੋਏ ਕਿ ਨਰੇਗਾ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਘੋਲ ਤੇਜ਼ ਕੀਤਾ ਜਾਵੇ। ਨਰੇਗਾ ਫੰਡ ਦੀ 60% ਰਾਸ਼ੀ ਜੋ ਨਰੇਗਾ ਲੇਬਰ ਲਈ ਰਾਖਵੀਂ ਹੈ, ਉਹ ਕੇਵਲ ਅਨਸਕਿਲਡ ਉਜਰਤਾਂ ਲਈ ਵਰਤੀ ਜਾਏ। ਮੇਟ ਨੂੰ ਪੂਰੀ ਉਜਰਤ ਸੈਮੀ ਸਕਿਲਡ ਰੇਟ ਜੋ 40% ਹਿੱਸੇ ਵਿਚੋਂ ਦਿੱਤਾ ਜਾਣਾ ਹੈ, ਇਸ 'ਤੇ ਅਮਲ ਕੀਤਾ ਜਾਵੇ, ਜਿੱਥੇ ਇਸ ਦਾ ਉਲੰਘਣ ਹੋਇਆਂ ਉੱਥੇ ਇਸ ਦੀ ਰਿਕਵਰੀ ਕੀਤੀ ਜਾਵੇ ਅਤੇ ਦੋਸ਼ੀ ਖਿਲਾਫ ਕਾਰਵਾਈ ਕੀਤੀ ਜਾਵੇ ।ਮੇਟ ਦੀ ਜ਼ਿੰਮੇਵਾਰੀ ਅਤੇ ਹੱਕਾਂ ਦੇ ਪ੍ਰਚਾਰ ਬੋਰਡ ਲਾਏ ਜਾਣ।ਉਜਰਤਾਂ ਦਾ ਭੁਗਤਾਨ ਨਰੇਗਾ ਨਿਯਮਾਂ ਅਨੁਸਾਰ 15 ਦਿਨਾਂ ਵਿੱਚ ਹੋਣਾ ਯਕੀਨੀ ਬਣਾਇਆ ਜਾਵੇ, ਲੇਟ ਹੋਣ ਦੀ ਸੂਰਤ ਵਿੱਚ ਹਰਜਾਨੇ ਦੀ ਭਰਪਾਈ ( ਸਵਾਇਆ

• ਬਾਕੀ ਸਫਾ 2 'ਤੇ

# ਗੈਸ ਚੜ੍ਹਨ ਨਾਲ 4 ਏ ਸੀ ਮਕੈਨਿਕਾਂ ਦੀ ਮੌਤ

**ਨਵੀਂ ਦਿੱਲੀ** : ਦੱਖਣੀ ਦਿੱਲੀ ਦੇ ਦੱਖਣਪੁਰੀ ਇਲਾਕੇ ਵਿੱਚ ਸ਼ਨੀਵਾਰ ਇੱਕ ਘਰ ਦੇ ਅੰਦਰ ਏ ਸੀ ਦੀ ਮੁਰੰਮਤ ਕਰ ਰਹੇ ਚਾਰ ਨੌਜਵਾਨ ਮ੍ਰਿਤਕ ਪਾਏ ਗਏ। ਸ਼ੁਰੂਆਤੀ ਜਾਂਚ ਵਿੱਚ ਇਹ ਮੰਨਿਆ ਜਾ ਰਿਹਾ ਹੈ ਕਿ ਏ ਸੀ ਦੀ ਗੈਸ ਦੇ ਲੀਕ ਹੋਣ ਕਾਰਨ ਦਮ ਘੁਟਣ ਕਾਰਨ ਉਨ੍ਹਾਂ ਦੀ ਮੌਤ ਹੋਈ ਹੈ। ਮ੍ਰਿਤਕਾਂ ਦੀ ਪਛਾਣ ਇਮਰਾਨ ਉਰਫ ਸਲਮਾਨ (30), ਮੋਹਸਿਨ (20), ਹਸੀਬ ਅਤੇ ਕਪਿਲ ਉਰਫ ਅੰਕਿਤ ਰਸਤੋਗੀ (18) ਵਜੋਂ ਹੋਈ ਹੈ। ਇਹ ਸਾਰੇ ਯੂ ਪੀ ਦੇ ਬਰੇਲੀ ਦੇ ਰਹਿਣ ਵਾਲੇ ਸਨ ਅਤੇ ਦਿੱਲੀ ਵਿੱਚ ਏ ਸੀ ਮੁਰੰਮਤ ਕਰਨ ਦਾ ਕੰਮ ਕਰਦੇ ਸਨ। ਜਦੋਂ ਦੋ ਮ੍ਰਿਤਕਾਂ ਦੇ ਚਚੇਰੇ ਭਰਾ ਜੀਸ਼ਾਨ ਨੇ ਫੋਨ ਕੀਤਾ ਤਾਂ ਕੋਈ ਜਵਾਬ ਨਹੀਂ ਆਇਆ। ਸ਼ੱਕ ਹੋਣ 'ਤੇ ਉਸਨੇ ਪੁਲਸ ਨੂੰ ਸੂਚਤ ਕੀਤਾ। ਪੁਲਸ ਮੌਕੇ 'ਤੇ ਪਹੁੰਚੀ ਤਾਂ ਦੇਖਿਆ ਕਿ ਘਰ ਅੰਦਰੋਂ ਬੰਦ ਸੀ। ਜਦੋਂ ਪੁਲਸ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋਈ ਤਾਂ ਚਾਰੇ ਨੌਜਵਾਨ ਪਹਿਲੀ ਮੰਜ਼ਿਲ 'ਤੇ ਬੇਹੋਸ਼ ਪਏ ਸਨ। ਉਨ੍ਹਾਂ ਨੂੰ ਤੁਰੰਤ ਡਾ. ਅੰਬੇਡਕਰ ਹਸਪਤਾਲ ਲਿਜਾਇਆ ਗਿਆ, ਜਿੱਥੇ ਤਿੰਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂ ਕਿ ਹਸੀਬ ਦੀ ਇਲਾਜ ਦੌਰਾਨ ਮੌਤ ਹੋ ਗਈ।

ਹਾਲਾਂਕਿ, ਏ ਸੀ ਦੀ ਗੈਸ ਏਨੀ ਜ਼ਹਿਰੀਲੀ ਨਹੀਂ ਹੁੰਦੀ ਕਿ ਇਹ ਇੱਕ ਵਾਰ ਵਿੱਚ ਮੌਤ ਦਾ ਕਾਰਨ ਬਣ ਜਾਵੇ। ਪਰ ਜੇ ਬੰਦ ਕਮਰੇ ਵਿੱਚ ਵੱਡੀ ਮਾਤਰਾ ਵਿੱਚ ਗੈਸ ਲੀਕ ਹੋ ਜਾਵੇ, ਤਾਂ ਇਹ ਆਕਸੀਜਨ ਦੀ ਥਾਂ ਲੈ ਲੈਂਦੀ ਹੈ, ਜਿਸ ਨਾਲ ਦਮ ਘੁੱਟ ਸਕਦਾ ਹੈ। ਇਹੀ ਕਾਰਨ ਹੈ ਕਿ ਜੇ ਹਵਾਦਾਰੀ ਨਾ ਹੋਵੇ ਤਾਂ ਏ ਸੀ ਦੀ ਮੁਰੰਮਤ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ।

# ਦਲਾਈਲਾਮਾ 90 ਸਾਲ ਦੇ

**ਧਰਮਸ਼ਾਲਾ** : ਤਿੱਬਤੀਆਂ ਦੇ ਅਧਿਆਤਮਕ ਆਗੂ ਦਲਾਈਲਾਮਾ ਐਤਵਾਰ 90 ਸਾਲ ਦੇ ਹੋ ਗਏ ਹਨ ਤੇ ਇੱਥੇ ਉਨ੍ਹਾ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ ਗਿਆ।



ਉਨ੍ਹਾ ਦੇ ਪੈਰੋਕਾਰਾਂ ਨੇ ਇੱਕ ਹਫਤਾ ਜਸ਼ਨ ਮਨਾਏ। ਦਲਾਈਲਾਮਾ ਨੇ ਚੀਨ 'ਤੇ ਹਮਲੇ ਕੀਤੇ ਤੇ 130 ਸਾਲ ਤੋਂ ਵੱਧ ਜਿਊਣ ਅਤੇ ਮਰਨ ਤੋਂ ਬਾਅਦ ਪੁਨਰਜਨਮ ਲੈਣ ਬਾਰੇ ਗੱਲ ਕੀਤੀ। ਨੋਬਲ ਪੁਰਸਕਾਰ ਜੇਤੂ ਦਲਾਈਲਾਮਾ ਨੇ ਚੀਨੀ ਸ਼ਾਸਨ ਵਿਰੁੱਧ ਵਿਦਰੋਹ ਦੇ ਮੱਦੇਨਜ਼ਰ 1959 ਵਿੱਚ ਆਪਣੇ ਜੱਦੀ ਤਿੱਬਤ ਨੂੰ ਛੱਡ ਦਿੱਤਾ ਸੀ ਤੇ ਲੱਖਾਂ ਤਿੱਬਤੀਆਂ ਨਾਲ ਭਾਰਤ ਵਿੱਚ ਸ਼ਰਨ ਲਈ ਸੀ ਅਤੇ ਉਹ ਉਦੋਂ ਤੋਂ ਤਿੱਬਤੀ ਲੋਕਾਂ ਲਈ ਖੁਦਮੁਖਤਿਆਰੀ ਅਤੇ ਧਾਰਮਿਕ ਆਜ਼ਾਦੀ ਦੀ ਮੰਗ ਕਰਦੇ ਆ ਰਹੇ ਹਨ।

## ਅੱਜ-ਨਾਮਾ

ਕੋਝ ਰਿਸ਼ਤਿਆਂ ਦਾ ਆਈ ਬਾਹਰ ਜਾਂਦਾ,
ਖ਼ੂਨ-ਖਰਾਬੇ ਦੀ ਵਹਿੰਦੜੀ ਲਹਿਰ ਬੇਲੀ।
ਭਾਈ-ਭਾਈ ਨੂੰ ਮਾਰੇ ਜਾਂ ਪਿਉ ਨੂੰ ਪੁੱਤ,
ਹੁੰਦਾ ਕਤਲ ਦਾ ਸਾਵਾਂ ਈ ਕਹਿਰ ਬੇਲੀ।
ਇਸ ਤੋਂ ਪਿੰਡ ਦਾ ਨਹੀਂ ਸਮਾਜ ਬਚਿਆ,
ਛੋਟੇ ਕਸਬੇ ਜਾਂ ਬਚੇ ਨਹੀਂ ਸ਼ਹਿਰ ਬੇਲੀ।
ਸੁਪਾਰੀ ਨਾਲ ਕਰਵਾਏ ਆ ਕਤਲ ਜਾਂਦੇ,
ਕਿਹੜਾ ਵਕਤ ਦਾ ਮੰਨੀਏ ਪਹਿਰ ਬੇਲੀ।
ਕੋਈ ਨਾ ਕਿਸੇ ਦਾ ਮਿੱਤਰੋ ਸਕਾ ਲੱਗਦਾ,
ਚੜ੍ਹੀ ਹੈ ਲੋਕਾਂ ਨੂੰ ਸਿਖਰ ਦੀ ਕੌੜ ਬੇਲੀ।
ਲੱਗੇ ਆਪਣੇ ਜਦੋਂ ਕਈ ਬਣਨ ਦੁਸ਼ਮਣ,
ਜਾਊਗਾ ਕਿੱਥੇ ਫਿਰ ਆਦਮੀ ਦੌੜ ਬੇਲੀ।

-ਤੀਸ ਮਾਰ ਖਾਂ

# ਸਾਂਝੇ ਮਜ਼ਦੂਰ ਮੋਰਚੇ ਵੱਲੋਂ 20 ਨੂੰ ਬਠਿੰਡਾ ਤੇ 22 ਨੂੰ ਜਲੰਧਰ 'ਚ ਕਨਵੈਨਸ਼ਨਾਂ

## ਮਜ਼ਦੂਰਾਂ, ਕਿਸਾਨਾਂ ਦੀ 25 ਦੀ ਸੰਗਰੂਰ 'ਚ ਜਬਰ ਵਿਰੋਧੀ ਰੈਲੀ ਦਾ ਸਮਰਥਨ

**ਜਲੰਧਰ (ਰਾਜੇਸ਼ ਥਾਪਾ)**

ਇੱਥੇ ਸਥਾਨਕ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਦਫ਼ਤਰ ਵਿਖੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੀਟਿੰਗ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਸਾਥੀ ਗੁਲਜ਼ਾਰ ਗੋਰੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪਹਿਲਾਂ ਹੀ ਐਲਾਨੀਆਂ ਗਈਆਂ ਦੋ ਸੂਬਾਈ ਕਨਵੈਨਸ਼ਨਾਂ ਦੀ ਤਿਆਰੀ ਦਾ ਜਾਇਜ਼ਾ ਲੈਣ ਉਪਰੰਤ ਤਸੱਲੀ ਪ੍ਰਗਟ ਕੀਤੀ ਗਈ।

ਜ਼ਿਕਰਯੋਗ ਹੈ ਕਿ ਮਜ਼ਦੂਰਾਂ ਦਾ ਸਾਂਝਾ ਮੋਰਚਾ ਪਿਛਲੇ ਲੰਮੇ ਸਮੇਂ ਤੋਂ ਮਜ਼ਦੂਰ ਮੰਗਾਂ ਲਈ ਸੰਘਰਸ਼ ਕਰਦਾ ਆ ਰਿਹਾ ਹੈ, ਪਰ ਕਾਰਪੋਰੇਟ ਪੱਖੀ ਅਤੇ ਮਜ਼ਦੂਰਾਂ ਵਿਰੋਧੀ ਸੂਬਾ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਬਣਾਈਆਂ ਤੇ ਲਾਗੂ ਕੀਤੀਆਂ ਜਾ ਰਹੀਆਂ ਹਨ । ਸਾਂਝੇ ਮੋਰਚੇ ਦੇ ਆਗੂਆਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਗੁਰਨਾਮ ਸਿੰਘ ਦਾਊਦ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਗੁਰਮੇਸ਼ ਸਿੰਘ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਅੱਤ ਦੀ ਮਹਿੰਗਾਈ ਅਤੇ ਰੁਜ਼ਗਾਰ ਦੀ ਭਾਰੀ ਥੁੜ ਕਾਰਨ ਬੇਜ਼ਮੀਨੇ ਮਜ਼ਦੂਰਾਂ ਨੂੰ ਦੋ ਡੰਗ ਦਾ ਚੁੱਲ੍ਹਾ ਤਪਾਉਣ ਅਤੇ ਹੋਰ ਸਮਾਜਿਕ ਲੋੜਾਂ ਪੂਰੀਆਂ ਕਰਨ ਲਈ ਭਾਰੀ ਵਿਆਜ 'ਤੇ ਕਰਜ਼ੇ ਚੁੱਕਣੇ ਪੈ ਰਹੇ ਹਨ, ਪਰ ਸਰਕਾਰ ਨਿਗੂਣੀਆਂ ਰਾਹਤਾਂ ਦੇ ਕੇ ਕੱਛਾਂ ਵਜਾ ਰਹੀ ਹੈ। ਉਨ੍ਹਾਂ ਅੱਜ ਦੀ ਮੀਟਿੰਗ ਵਿੱਚ ਇਸ ਗੱਲ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਮਜ਼ਦੂਰਾਂ ਦੀ ਕੰਮ ਦਿਹਾੜੀ ਦੇ ਘੰਟੇ ਵਧਾ ਦਿੱਤੇ ਗਏ, ਸੰਘਰਸ਼ਸ਼ੀਲ ਮਜ਼ਦੂਰਾਂ 'ਤੇ ਸਰਕਾਰੀ ਜਬਰ ਤੇਜ਼ ਕੀਤਾ ਜਾ ਰਿਹਾ ਹੈ ਤੇ ਇਉਂ ਕਰਕੇ ਜਿੱਥੇ ਸਰਕਾਰ ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹ ਰਹੀ ਹੈ, ਉਥੇ ਪੇਂਡੂ ਧਨਾਢਾਂ ਨੂੰ ਮਜ਼ਦੂਰਾਂ 'ਤੇ ਜਬਰ ਕਰਨ ਲਈ ਹੱਲਾਸ਼ੇਰੀ ਵੀ ਦੇ ਰਹੀ ਹੈ ਜਿਸ ਨੂੰ ਕਤੱਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ 20 ਜੁਲਾਈ ਨੂੰ ਸੰਗਰੂਰ ਦੀ ਬਜਾਏ ਬਠਿੰਡਾ ਦੇ ਟੀਚਰਜ਼ ਹੋਮ ਵਿਖੇ ਅਤੇ 22 ਜੁਲਾਈ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੀਤੀਆਂ ਜਾ ਰਹੀਆਂ ਸੂਬਾਈ ਕਨਵੈਨਸ਼ਨਾਂ ਵਿਚ ਅਗਲੇ ਸੂਬਾ ਪੱਧਰੀ ਸਾਂਝੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ, ਜਿਸ ਦੀ ਤਿਆਰੀ ਲਈ ਪੰਜਾਬ ਭਰ ਵਿੱਚ ਪਿੰਡ-ਪਿੰਡ ਮੀਟਿੰਗਾਂ, ਰੈਲੀਆਂ ਕੀਤੀਆਂ ਜਾਣਗੀਆਂ।

ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਵਰਾ ਨੇ ਇਨ੍ਹਾਂ ਫੈਸਲਿਆਂ ਨਾਲ ਸਹਿਮਤੀ ਪ੍ਰਗਟ ਕੀਤੀ ਜੋ ਕਿ ਜ਼ਰੂਰੀ ਰੁਝੇਵਿਆਂ ਕਾਰਨ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕੇ। ਇਸ ਮੌਕੇ ਇਕ ਮਤੇ ਰਾਹੀਂ ਸਾਂਝੇ ਮਜ਼ਦੂਰ ਮੋਰਚੇ ਵੱਲੋਂ 25 ਜੁਲਾਈ ਨੂੰ ਮਜ਼ਦੂਰ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਸੰਗਰੂਰ ਵਿਖੇ ਕੀਤੀ ਜਾ ਰਹੀ ਸਰਕਾਰੀ ਜਬਰ ਵਿਰੋਧੀ ਰੈਲੀ ਦੇ ਸਮਰਥਨ ਦਾ ਐਲਾਨ ਕੀਤਾ ਅਤੇ ਦੂਜੇ ਮਤੇ ਰਾਹੀਂ 9 ਜੁਲਾਈ ਦੀ ਦੇਸ਼-ਵਿਆਪੀ ਹੜਤਾਲ ਦੇ ਸਮਰਥਨ ਦਾ ਵੀ ਐਲਾਨ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਵਸਾਥੀ ਦਰਸ਼ਨ ਨਾਹਰ, ਬਲਦੇਵ ਨੂਰਪੁਰੀ, ਸੋਢੀ ਰਾਮ ਉੱਪਲਭੂਪਾ ਅਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਆਤਮਾ ਰਾਮ ਸਕੂਲ ਦੇ ਬੱਚਿਆਂ ਨੇ ਜਿੱਤੇ ਨੈਸ਼ਨਲ ਮੈਡਲ



**ਬਰੇਟਾ (ਰੀਤਵਾਲ)**-ਹਿਮਾਚਲ ਦੇ ਵਿੱਚ ਹੋਏ ਰਾਸਟਰ ਪੱਧਰ ਤੇ ਕਰਾਟੇ ਮੁਕਾਬਲੇ ਦੇ ਵਿੱਚ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਬਰੇਟਾ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਲਵਪ੍ਰੀਤ ਸਿੰਘ (-74 ਵਰਗ) ਨੇ ਗੋਲਡ ਮੈਡਲ ਤੇ ਹਰਮਨ ਸਿੰਘ (-60 ਵਰਗ) ਨੇ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਚੇਅਰਮੈਨ ਸ਼ੈਰਿਕ ਗਰਗ ਤੇ ਐੱਮ ਡੀ ਮੋਨੀਕਾ ਗਰਗ ਤੇ ਪ੍ਰਿੰਸੀਪਲ ਵਿਜੇ ਕੁਮਾਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।ਸਕੂਲ ਵਿੱਚ ਬੱਚਿਆਂ ਦਾ ਸਵਾਗਤ ਕੀਤਾ ਗਿਆ।ਇਸ ਸਬੰਧੀ ਖੁਸ਼ੀ ਸਾਂਝੀ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ ਨੇ ਦੱਸਿਆ ਕਿ ਨਿਰੰਤਰ ਮਿਹਨਤ ਦਾ ਫਲ ਮਿੱਠਾ ਹੁੰਦਾ ਹੈ।ਸਾਡੇ ਦੋਨੋਂ ਬੱਚੇ ਇਸ ਗੱਲ ਦਾ ਜਿਉਂਦਾ ਜਾਗਦਾ ਪ੍ਰਮਾਣ ਹਨ।ਉਨ੍ਹਾਂ ਬੱਚਿਆਂ ਦੀ ਜਿੱਤ ਦਾ ਸਿਹਰਾ ਉਨ੍ਹਾਂ ਦੇ ਕੋਚ ਅਮਨ ਤੇ ਬੱਚਿਆਂ ਦੀ ਸਖਤ ਮਿਹਨਤ ਨੂੰ ਦਿੱਤਾ।ਉਨ੍ਹਾਂ ਕਿਹਾ ਕਿ ਸਕੂਲ ਨੇ ਤੀਸਰੀ ਵਾਰ ਨੈਸ਼ਨਲ ਪੱਧਰ ਦੀ ਕਰਾਟੇ ਪ੍ਰਤੀਯੋਗਤਾ ਵਿੱਚ ਜਿੱਤ ਪ੍ਰਾਪਤ ਕੀਤੀ ਹੈ, ਜੋ ਸਕੂਲ ਤੇ ਪੂਰੇ ਸੂਬੇ ਲਈ ਮਾਨ ਵਾਲੀ ਗੱਲ ਹੈ।

## ਗੀਤਕਾਰ ਮੀਤ ਮੈਹਮਦਪੁਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਚੌਂਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪ੍ਰਸਿੱਧ ਗੀਤਕਾਰ ਉਸਤਾਦ ਲੋਕ ਦੇਵ ਥਰੀਕੇ ਵਾਲੇ ਦੇ ਸ਼ਗਿਰਦ ਪੰਜਾਬੀ ਗੀਤਕਾਰ ਮੀਤ ਮੈਹਮਦਪੁਰ ਸੰਖੇਪ ਬਿਮਾਰੀ ਕਾਰਨ ਅੱਜ ਸਮੂਹ ਪਰਵਾਰ, ਰਿਸ਼ਤੇਦਾਰ, ਦੋਸਤਾਂ, ਮਿੱਤਰਾਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।ਇਸ ਮੌਕੇ ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਪ੍ਰਧਾਨ ਪਾਲੀ ਦੇਤਵਾਲੀਆ, ਉੱਪ ਚੇਅਰਮੈਨ ਜਸਵੰਤ ਸੰਦੀਲਾ, ਸਰਪ੍ਰਸਤ ਅਮਰੀਕ ਸਿੰਘ ਤਲਵੰਡੀ, ਜਗਵੰਤ ਸਿੰਘ ਥਰੀਕੇ, ਜਨਰਲ ਸਕੱਤਰ ਬਲਬੀਰ ਸਿੰਘ ਮਾਨ, ਸਕੱਤਰ ਕਰਨੈਲ ਸਿਵੀਆ, ਅਨਿਲ ਫ਼ਤਹਿਗੜ੍ਹ ਜੱਟਾਂ, ਸੁਖਬੀਰ ਸੰਧੇ, ਅਮਰਜੀਤ ਸ਼ੇਰਪੁਰੀ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਦਿਲਸ਼ਾਦ, ਵਿੱਤ ਸਕੱਤਰ ਬਲਜੀਤ ਸਿੰਘ ਬਾਗੀ, ਲੋਕ ਗਾਇਕ ਗੁਰਮੀਤ ਮੀਤ, ਜਸਪਾਲ ਮਾਨ ਆਦਿ ਨੇ ਇਸ ਵਿਛੋੜੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਤੇ ਗੀਤਕਾਰੀ ਜਗਤ ਨੂੰ ਵੀ ਵੱਡਾ ਘਾਟਾ ਪਿਆ ਹੈ।ਪ੍ਰਮਾਤਮਾ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

## ਸੀਨੀਅਰ ਸਿਟੀਜ਼ਨ ਹੋਮ ਦੇ ਪ੍ਰਵੇਸ਼ ਦੁਆਰ 'ਤੇ ਮਿੰਨੀ ਬੁੱਕ ਬੈਂਕ ਸਥਾਪਤ



**ਲੁਧਿਆਣਾ (ਰੈਕਟਰ ਕਥੂਰੀਆ)**-ਲੁਧਿਆਣਾ ਬੁੱਕ ਕਲੱਬ, ਸ਼ਹਿਰ ਦੇ ਅਧਿਆਪਕਾਂ, ਵਿਗਿਆਨੀਆਂ, ਬੈਂਕਰਾਂ ਤੇ ਸੇਵਾਮੁਕਤ ਸੀਨੀਅਰ ਨਾਗਰਿਕਾਂ ਦਾ ਇੱਕ ਸਮੂਹ, ਕਿਤਾਬ ਪੜ੍ਹਨ ਦੇ ਸੱਭਿਆਚਾਰ ਨੂੰ ਪ੍ਰਸਿੱਧ ਬਣਾਉਣ ਲਈ ਇੱਕ ਮਿਸ਼ਨ ਮੋਡ 'ਤੇ ਹੈ।ਮੈਂਬਰਾਂ ਨੇ ਹੁਣ ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨ ਹੋਮ ਦੇ ਪ੍ਰਵੇਸ਼ ਦੁਆਰ 'ਤੇ ਇੱਕ ਹੋਰ ਮਿੰਨੀ ਬੁੱਕ ਬੈਂਕ ਸਥਾਪਤ ਕੀਤਾ ਹੈ।ਬਹੁਤ ਸਾਰੀਆਂ ਕਿਤਾਬਾਂ ਵਾਲਾ ਇਹ ਮਿੰਨੀ ਬੁੱਕ ਬੈਂਕ ਸੇਵਾਮੁਕਤ ਪ੍ਰਿੰਸੀਪਲ ਪਰਮਜੀਤ ਸਿੰਘ ਗਰੇਵਾਲ ਦੁਆਰਾ ਦਾਨ ਕੀਤਾ ਗਿਆ ਹੈ, ਜੋ ਪਹਿਲਾਂ ਹੀ ਸ਼ਹਿਰ ਤੇ ਨੇੜਲੇ ਪਿੰਡਾਂ ਵਿੱਚ 5 ਹੋਰ ਅਜਿਹੇ ਕਿਤਾਬ ਬੈਂਕ ਸਥਾਪਤ ਕਰ ਚੁੱਕੇ ਹਨ।ਇਸ ਮੌਕੇ ਪ੍ਰੋਫੈਸਰ ਡਾ. ਐੱਮ. ਐੱਸ. ਤੂਰ, ਬ੍ਰਿਜ ਭੂਸ਼ਣ ਗੋਇਲ, ਪ੍ਰੋਫੈਸਰ ਪੀ. ਐੱਸ. ਗਰੇਵਾਲ, ਪ੍ਰੋਫੈਸਰ ਬਹਾਦਰ ਸਿੰਘ, ਡਾ. ਗੁਰਚਰਨ ਸਿੰਘ, ਪਰਮਿੰਦਰ ਕੌਰ, ਪ੍ਰੋਫੈਸਰ ਡਾ. ਜੀ. ਐੱਸ. ਆਹਲੂਵਾਲੀਆ, ਡਾ. ਐੱਸ. ਐੱਸ. ਔਲਖ, ਹਰਚਰਨਜੀਤ ਸਿੰਘ (ਆਈ.ਏ.ਐੱਸ.) ਸੇਵਾਮੁਕਤ, ਪੀ.ਓ.ਐੱਫ. ਜਗਮੋਹਨ ਸਿੰਘ ਸਿੱਧੂ, ਪ੍ਰੋਫੈਸਰ ਬਲਜਿੰਦਰ ਸਿੰਘ, ਪ੍ਰੋਫੈਸਰ ਰਾਜਵਰ ਸਿੰਘ ਤੇ ਹਰਸਿਮਰ ਕੌਰ ਹਾਜ਼ਰ ਸਨ।

## ਬੀ ਸੀ ਐੱਮ ਕਾਲਜ ਵੱਲੋਂ ਮੱਤੇਵਾੜਾ ਜੰਗਲਾਂ ਦਾ ਦੌਰਾ



**ਲੁਧਿਆਣਾ (ਰੈਕਟਰ ਕਥੂਰੀਆ)**-ਬੀ ਸੀ ਐੱਮ ਕਾਲਜ ਆਫ਼ ਐਜੂਕੇਸ਼ਨ ਦੇ ਈਕੋ ਕਲੱਬ ਨੇ ਡੀ ਐੱਫ ਓ ਲੁਧਿਆਣਾ ਤੇ ਰੇਂਜ ਫਾਰੈਸਟ ਅਫ਼ਸਰ ਮੱਤੇਵਾੜਾ ਦੇ ਸਹਿਯੋਗ ਨਾਲ ਮੱਤੇਵਾੜਾ ਜੰਗਲ ਦੇ ਤੀਜੇ ਵਰ੍ਹੇਗੰਢ ਸਮਾਰੋਹ ਵਿੱਚ ਹਿੱਸਾ ਲਿਆ।ਇਹ ਦੌਰਾ ਵਿਦਿਆਰਥੀਆਂ ਨੂੰ ਵਾਤਾਵਰਣ ਵਿਭਿੰਨਤਾ ਨੂੰ ਮੁੜ ਸੁਰਜੀਤ ਕਰਨ, ਉਤਸ਼ਾਹਤ ਕਰਨ ਤੇ ਮਨਾਉਣ ਲਈ ਵਾਤਾਵਰਣ ਦੇ ਵਧ ਰਹੇ ਵਿਗਾੜ ਬਾਰੇ ਸੰਵੇਦਨਸ਼ੀਲ ਬਣਾਉਣ ਲਈ ਆਯੋਜਤ ਕੀਤਾ ਗਿਆ।ਈਕੋ ਕਲੱਬ ਇੰਚਾਰਜ ਡਾ. ਜਸਦੀਪ ਕੌਰ ਨੇ ਚੁਸਤ ਬੀ ਸੀ ਮਾਈਟਸ ਦੇ ਨਾਲ ਇਸ ਵਣ ਮਹਾਂਉਤਸਵ 2025 ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਤੇ ਮੱਤੇਵਾੜਾ ਜੰਗਲਾਂ ਵਿੱਚ ਪੌਦੇ ਲਗਾਏ।

## ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਪਿੰਡਾਂ 'ਚ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਮਜ਼ਦੂਰ ਟਰੇਡ ਯੂਨੀਅਨ ਦੇ ਸੱਦੇ ਉੱਤੇ ਪਿੰਡ ਅਮਲਾ ਸਿੰਘ ਵਾਲਾ, ਭੱਦਲਵੱਢ ਤੇ ਠੀਕਰੀਵਾਲ ਵਿਖੇ ਮਜ਼ਦੂਰਾਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।ਆਲ ਇੰਡੀਆ ਟਰੇਡ ਯੂਨੀਅਨ ਆਗੂਆਂ ਸ਼ੇਰ ਸਿੰਘ ਫਰਵਾਹੀ, ਕੁਲਵੰਤ ਸਿੰਘ, ਖੁਸ਼ੀਆ ਸਿੰਘ ਬਰਨਾਲਾ, ਭੋਲਾ ਸਿੰਘ ਕਲਾਲ ਮਾਜਰਾ ਨੇ ਦੱਸਿਆ ਕਿ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਤੇ 60 ਤੋਂ ਵੱਧ ਫੈਡਰੇਸ਼ਨਾਂ ਵੱਲੋਂ 9 ਜੁਲਾਈ ਨੂੰ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਖ਼ਿਲਾਫ ਹੜਤਾਲ ਦੀ ਅਪੀਲ ਕੀਤੀ ਗਈ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਖ਼ਤਮ ਕਰ ਦਿੱਤੇ ਹਨ, ਮਹਿੰਗਾਈ ਕਾਬੂ ਤੋਂ ਬਾਹਰ ਹੈ, ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਵੇਚ ਕੇ ਦੇਸ਼ ਦੀ ਸੰਪਤੀ ਕਾਰਪੋਰੇਟ ਘਰਾਣਿਆਂ ਨੂੰ ਸੌਂਪੀ ਜਾ ਰਹੀ ਹੈ। ਆਗੂਆਂ ਨੇ ਹਰ ਵਰਗ ਦੇ ਕਿਰਤੀ ਲੋਕਾਂ ਨੂੰ 9 ਜੁਲਾਈ ਨੂੰ ਡੀ. ਸੀ. ਦਫਤਰ ਸਾਹਮਣੇ ਹੋਣ ਵਾਲੇ ਰੋਸ ਪ੍ਰਦਰਸ਼ਨ 'ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸੱਜਣ ਸਿੰਘ, ਸੁਖਦੇਵ ਸਿੰਘ, ਪ੍ਰੀਤਮ ਸਿੰਘ, ਕਰਮਜੀਤ ਕੌਰ, ਚਰਨਜੀਤ ਕੌਰ, ਅਨਪ੍ਰੀਤ ਕੌਰ, ਜਗਸੀਰ ਸਿੰਘ ਸਮੇਤ ਕਈ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

## ਸਿਲਵਰ ਓਕਸ ਸਕੂਲ ਵਿਖੇ ਅਧਿਆਪਕ ਸਿਖਲਾਈ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਵਿਖੇ 5 ਦਿਨਾ ਅਧਿਆਪਕ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਮਾਹਿਰ ਟ੍ਰੇਨਰ ਮਿਸ ਬਲਵਿੰਦਰ ਕੌਰ ਤੇ ਡਾ. ਸ਼ਿਕਸ਼ਾ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਪਹੁੰਚੇ।ਉਨ੍ਹਾਂ ਦਾ ਇੱਥੇ ਪਹੁੰਚਣ 'ਤੇ ਸਕੂਲ ਪ੍ਰਿੰ. ਛਾਇਆ ਵਿਨੋਚਾ ਵੱਲੋਂ ਸ਼ਮ੍ਹਾਂ ਜਗਾ ਕੇ ਸੁਆਗਤੀ ਕਾਰਡ ਦਿੰਦੇ ਹੋਏ ਪਿਆਰ ਭਰੇ ਸ਼ਬਦਾਂ ਨਾਲ ਸਵਾਗਤ ਕੀਤਾ ਗਿਆ।ਇਸ ਸਿਖਲਾਈ ਕੈਂਪ ਵਿੱਚ ਅਧਿਆਪਕਾਂ ਨੂੰ ਬੱਚਿਆਂ ਲਈ ਸਹੀ ਧੁਨੀ ਉਚਾਰਨ, ਪਿੱਚ, ਲੈਅ, ਹਾਵ-ਭਾਵ ਆਦਿ ਸਭ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਮਾਹਰਾਂ ਵੱਲੋਂ ਹਿੰਦੀ ਭਾਸ਼ਾ ਤੇ ਇਸ ਵਿਸ਼ੇ ਬਾਰੇ ਸਪੱਸ਼ਟ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਅੰਦਰ ਨਵੇਂ ਦ੍ਰਿਸ਼ਟੀਕੋਣਾਂ ਨੂੰ ਉਜਾਗਰ ਕੀਤਾ।ਬਿਨਾਂ ਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਇਹ ਸਿਖਲਾਈ ਕੈਂਪ ਅਧਿਆਪਕਾਂ ਨੂੰ ਨਵੇਂ ਤਰੀਕੇ ਨਾਲ ਸੋਚਣ ਤੇ ਨਵੀਆਂ ਤਕਨੀਕਾਂ ਨਾਲ ਬੱਚਿਆਂ ਤੱਕ ਪਹੁੰਚਣ ਵਿੱਚ ਬਹੁਤ ਸਹਾਈ ਸਿੱਧ ਹੋਣਗੇ।



ਨੌਕਰੀ ਤੋਂ ਰਿਟਾਇਰ ਹੋ ਕੇ ਆਏ ਕਸਬਾ ਸ਼ੇਰਪੁਰ ਪੱਤੀ ਖਲੀਲ ਦੇ ਹੌਲਦਾਰ ਚਮਕੌਰ ਸਿੰਘ ਗੋਗੀ ਤੇ ਉਨ੍ਹਾਂ ਦੀ ਧਰਮ ਪਤਨੀ ਹਰਵਿੰਦਰ ਕੌਰ ਨਾਲ ਐੱਸ ਆਰ ਰਿਜ਼ੋਰਟ ਕਾਤਰੋਂ ਰੋਡ ਵਿਖੇ ਦਿੱਤੀ ਪਾਰਟੀ ਸਮੇਂ ਖੁਸ਼ੀ ਸਾਂਝੀ ਕਰਦੇ ਹੋਏ ਪਿੰਡ ਦੇ ਨੌਜਵਾਨ ਤੇ ਪਤਵੰਤੇ ਸੱਜਣ ਮਾਸਟਰ ਗੁਰਵਿੰਦਰ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਕੁੱਕੂ ਸਰਾਂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਬੜੀ, ਗੁਰਮੇਲ ਸਿੰਘ, ਬੁੱਧ ਸਿੰਘ ਆਦਿ। (ਫੋਟੋ ਤੇ ਵੇਰਵਾ : ਰਵੀ ਟਿੱਬਾ, ਸ਼ੇਰਪੁਰ)

# ਜਨਤਕ ਜਥੇਬੰਦੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਸੰਬੰਧੀ ਤਿਆਰੀਆਂ ਜ਼ੋਰਾਂ 'ਤੇ

- ਬਾਲ ਭਵਨ ਵਿਖੇ ਆਂਗਣਵਾੜੀ ਮੁਲਾਜ਼ਮਾਂ ਸਮੇਤ ਕਿਰਤੀ ਕਿਸਾਨਾਂ ਵੱਲੋਂ ਹੋਵੇਗਾ ਪ੍ਰਦਰਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**-ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਸਵਰਨਜੀਤ ਸਿੰਘ ਦਲਿਓ ਐਡਵੋਕੇਟ, ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੀ ਜ਼ਿਲ੍ਹਾ ਆਗੂ ਰਣਜੀਤ ਕੌਰ ਬਰੇਟਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾ. ਜਗਸੀਰ ਸਿੰਘ ਜੱਗਾ ਨੇ ਕਿਹਾ ਕਿ 9 ਜੁਲਾਈ ਨੂੰ ਬਾਲ ਭਵਨ ਮਾਨਸਾ ਵਿਖੇ ਵੱਡੀ ਗਿਣਤੀ ਵਿੱਚ ਕਿਰਤੀ-ਕਿਸਾਨ ਇਕੱਠੇ ਹੋ ਕੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਕੇ ਰੋਸ ਪ੍ਰਦਰਸ਼ਨ ਕਰਨਗੇ।

ਆਗੂਆਂ ਵੱਲੋਂ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਜ਼ਾਦ ਭਾਰਤ ਵਿੱਚ ਦੇਸ਼ ਦੇ ਕਿਰਤੀਆਂ ਨੇ ਵੱਡੇ ਸੰਘਰਸ਼ ਕਰਕੇ ਆਪਣੇ ਹੱਕਾਂ ਹਿੱਤਾਂ ਦੀ ਰਖਵਾਲੀ ਤੇ ਲੁੱਟ ਖਸੁੱਟ ਨੂੰ ਰੋਕਣ ਲਈ ਕਾਨੂੰਨ ਬਣਵਾਏ ਸਨ, ਪਰ ਮੋਦੀ ਸਰਕਾਰ ਵੱਲੋਂ ਇੰਨਾਂ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ, ਜਿਸ ਨਾਲ ਦੇਸ਼ ਭਰ ਵਿੱਚ ਕਿਰਤੀਆਂ ਦੀ ਲੁੱਟ ਵਧ ਗਈ ਹੈ।ਮਹਿੰਗਾਈ ਤੇ ਬੇਰੁਜ਼ਗਾਰੀ ਦਿਨੋਂ ਦਿਨ ਵਧ ਰਹੀ ਹੈ।ਉਨ੍ਹਾਂ ਹਰੇਕ ਅਣਸਿੱਖਿਅਤ ਮਜ਼ਦੂਰ ਦੀ ਮਾਸਿਕ ਤਨਖਾਹ 26 ਹਜ਼ਾਰ ਰੁਪਏ ਕੀਤੇ ਜਾਣ, ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕਰਨ ਤੇ ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ 10 ਹਜ਼ਾਰ ਰੁਪਏ ਕੀਤੇ ਜਾਣ ਦੀ ਮੰਗ ਵੀ ਕੀਤੀ। ਆਗੂਆਂ ਨੇ ਕਿਹਾ ਕਿ ਇਸ ਹੜਤਾਲ ਦੀ ਸਫਲਤਾ ਲਈ ਮਾਨਸਾ ਜ਼ਿਲ੍ਹੇ ਦੇ ਉੱਘੇ ਟਰੇਡ ਯੂਨੀਅਨ ਆਗੂ ਕਾਮਰੇਡ ਅਮਰਜੀਤ ਸਿੰਘ ਸਿੱਧੂ, ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀਆਂ ਜ਼ਿਲ੍ਹਾ ਆਗੂਆਂ ਸ਼ਿੰਦਰ ਕੌਰ ਬਰੇਟਾ, ਡੇਜ਼ੀ ਗੁਪਤਾ, ਮਨਜੀਤ ਕੌਰ ਬੀਰੋਕੇ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾਮਰੇਡ ਘਨੀਸ਼ਾਮ ਨਿੱਕੂ, ਕਾਮਰੇਡ ਪਰਵਿੰਦਰ ਸਿੰਘ ਭੀਖੀ, ਕਾ. ਰੂਪਾ ਸਿੰਘ ਬੁਢਲਾਡਾ, ਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਤੇਜਾ ਸਿੰਘ ਹੀਰਕੇ, ਕਾਮਰੇਡ ਗੁਰਪ੍ਰੀਤ ਸਿੰਘ ਬਰਨ, ਲਾਲ ਝੰਡਾ ਭੱਠਾ ਵਰਕਰਜ਼ ਯੂਨੀਅਨ (ਸੀਟੂ) ਦੇ ਜ਼ਿਲ੍ਹਾ ਆਗੂ ਕਾਮਰੇਡ ਸੰਤ ਰਾਮ ਬੀਰੋਕੇ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਦਰਸ਼ਨ ਸਿੰਘ ਧਲੇਵਾਂ, ਸੀਨੀਅਰ ਮੀਤ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਬੀਰੋਕੇ, ਕਾ. ਹਰਜਿੰਦਰ ਸਿੰਘ ਬਰੇਟਾ, ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਕਾ. ਮਾਨਵ ਮਾਨਸਾ, ਸੀਟੂ ਆਗੂ ਕਾਮਰੇਡ ਨਛੱਤਰ ਸਿੰਘ ਢੈਪਈ, ਕਾ. ਅਵਤਾਰ ਸਿੰਘ, ਕਾ. ਜਗਦੇਵ ਸਿੰਘ ਢੈਪਈ, ਪੰਜਾਬ ਭਵਨ ਨਿਰਮਾਣ ਮਜ਼ਦੂਰ ਯੂਨੀਅਨ (ਸੀਟੂ) ਦੇ ਜ਼ਿਲ੍ਹਾ ਆਗੂ ਕਾਮਰੇਡ ਸੁਰੇਸ਼ ਕੁਮਾਰ ਮਾਨਸਾ, ਕਾ. ਅਮਨਦੀਪ ਸਿੰਘ ਬਿੱਟੂ, ਕਾ. ਗੁਰਜੰਟ ਸਿੰਘ ਕੋਟੜਾ, ਕਾ. ਸੰਜੀਤ ਕੁਮਾਰ, ਕਾ. ਪਰਵਿੰਦਰ ਮਾਨਸਾ, ਕਾ. ਰਾਜ ਕੁਮਾਰ ਗਰਗ, ਟੀ. ਐਸ. ਯੂ. ਦੇ ਆਗੂ ਪ੍ਰਦੀਪ ਸਿੰਘ, ਕਾ. ਗੁਰਦੀਪ ਸਿੰਘ ਬਰਨ, ਕਾ. ਪ੍ਰੀਤਮ ਸਿੰਘ ਝੰਡੂਕੇ ਆਦਿ ਪੂਰੀ ਸਰਗਰਮੀ ਨਾਲ ਜੁੱਟੇ ਹੋਏ ਹਨ।ਆਗੂਆਂ ਨੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ, ਵਪਾਰੀਆਂ, ਦੁਕਾਨਦਾਰਾਂ, ਸਰਕਾਰੀ ਤੇ ਪ੍ਰਾਈਵੇਟ ਟਰਾਂਸਪੋਰਟ ਕਾਮਿਆਂ, ਇਸਤਰੀਆਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ 9 ਜੁਲਾਈ ਦੀ ਹੜਤਾਲ ਵਿੱਚ ਸ਼ਮੂਲੀਅਤ ਕਰਨ ਲਈ ਵੱਡੀ ਗਿਣਤੀ ਵਿੱਚ ਬਾਲ ਭਵਨ ਮਾਨਸਾ ਵਿਖੇ ਪਹੁੰਚਣ।

## ਪੁਰਾਣੇ ਝਗੜੇ ਦੇ ਚੱਲਦਿਆਂ ਵਿਅਕਤੀ ਦੇ ਸੱਟਾਂ ਮਾਰਨ ਦੇ ਦੋਸ਼ 'ਚ 13 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਅਧੀਨ ਆਉਂਦੀ ਬਸਤੀ ਦੂਲਾ ਸਿੰਘ ਵਾਲੀ ਵਿਖੇ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਦੇ ਸੱਟਾਂ ਮਾਰ ਕੇ ਜ਼ਖ਼ਮੀਂ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 13 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਸ਼ਨਦੀਪ ਸਿੰਘ ਪੁੱਤਰ ਮੇਵਾ ਸਿੰਘ ਵਾਸੀ ਬਸਤੀ ਦੂਲਾ ਸਿੰਘ ਵਾਲੀ ਵਾਰਡ ਨੰਬਰ 1 ਮੱਲਾਂਵਾਲਾ ਨੇ ਦੱਸਿਆ ਕਿ ਉਸ ਦਾ ਕੁਝ ਵਿਅਕਤੀਆਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਜਸ਼ਨਦੀਪ ਸਿੰਘ ਨੇ ਦੱਸਿਆ ਕਿ ਇਸੇ ਝਗੜੇ ਦੇ ਚੱਲਦਿਆਂ ਦੋਸ਼ੀਆਨ ਮਹਾਂਵੀਰ ਸਿੰਘ ਪੁੱਤਰ ਹਰਦੇਵ ਸਿੰਘ, ਗੁਰਭਿੰਦਰ ਸਿੰਘ ਪੁੱਤਰ ਦਾਰਾ ਸਿੰਘ, ਹਰਨੇਕ ਸਿੰਘ ਪੁੱਤਰ ਯੂਸਫ ਸਿੰਘ, ਜਰਮਨ ਸਿੰਘ ਪੁੱਤਰ ਹਰਨੇਕ ਸਿੰਘ, ਹੁਸਨਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਤੇ 7 ਹੋਰ ਨਾਮਜ਼ਦ ਵਿਅਕਤੀ ਵਾਸੀ ਪਿੰਡ ਕੁਤਬਦੀਨ ਵਾਲਾ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਜਸ਼ਨਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਅਮਨਦੀਪ ਹਸਪਤਾਲ ਅੰਮ੍ਰਿਤਸਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪਟਿਆਲਾ ਦੀ ਸੈਂਟਰਲ ਜੇਲ੍ਹ 'ਚ ਬੰਦ ਕੈਦੀ ਦੀ ਮੌਤ, ਪਰਵਾਰ ਨੇ ਲਾਏ ਵੱਡੇ ਇਲਜ਼ਾਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਧੋਖਾਧੜੀ ਦੇ ਮਾਮਲੇ ਵਿੱਚ ਪਟਿਆਲਾ ਦੀ ਸੈਂਟਰਲ ਜੇਲ੍ਹ 'ਚ ਬੰਦ ਇੱਕ ਅੰਡਰ ਟਰਾਇਲ ਕੈਦੀ ਦੀ ਹਾਰਟ ਅਟੈਕ ਕਾਰਨ ਮੌਤ ਹੋ ਗਈ।ਮ੍ਰਿਤਕ ਦੀ ਪਛਾਣ ਸੁਖਵਿੰਦਰ ਸਿੰਘ ਨਿਵਾਸੀ ਜ਼ੀਰਕਪੁਰ ਵਜੋਂ ਹੋਈ ਹੈ।ਅੱਜ ਪੋਸਟਮਾਰਟਮ ਕਰਵਾਉਣ ਆਏ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੁਖਵਿੰਦਰ ਨੂੰ ਪਹਿਲਾਂ ਵੀ ਹਾਰਟ ਦੀ ਦਿੱਕਤ ਰਹਿੰਦੀ ਸੀ, ਜਿਸ ਦੇ ਚਲਦਿਆਂ ਪਰਵਾਰ ਨੇ ਕਈ ਵਾਰ ਉਨ੍ਹਾਂ ਨੂੰ ਦਵਾਈ ਦੇਣ ਦੀ ਕੋਸ਼ਿਸ਼ ਕੀਤੀ, ਪਰ ਦਵਾਈ ਅੰਦਰ ਨਹੀਂ ਜਾਣ ਦਿੱਤੀ ਗਈ, ਜਿਸ ਤੋਂ ਬਾਅਦ ਕੱਲ੍ਹ ਉਨ੍ਹਾਂ ਦੇ ਬੇਟੇ ਨੂੰ ਫੋਨ ਆਇਆ ਕਿ ਪਿਤਾ ਸੁਖਵਿੰਦਰ ਦੀ ਮੌਤ ਹੋ ਗਈ ਹੈ। ਪਰਿਵਾਰਕ ਮੈਂਬਰ ਤੁਰੰਤ ਪਟਿਆਲਾ ਪਹੁੰਚੇ।ਅੱਜ ਮ੍ਰਿਤਕ ਵਿਅਕਤੀ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ।ਪਰਵਾਰ ਮੁਤਾਬਕ ਧੋਖਾਧੜੀ ਦੇ ਇੱਕ ਕੇਸ ਵਿੱਚ ਸੁਖਵਿੰਦਰ ਨੂੰ ਨਾਜਾਇਜ਼ ਉਲਝਾਇਆ ਗਿਆ ਸੀ, ਜਿਸ ਦੇ ਚਲਦਿਆਂ ਇਸ ਕੇਸ ਦੇ ਇਨਵੈਸਟੀਗੇਸ਼ਨ ਅਫ਼ਸਰ ਵੱਲੋਂ ਸੁਖਵਿੰਦਰ ਨੂੰ ਟਾਰਚਰ ਕੀਤਾ ਗਿਆ ਅਤੇ ਉਸੇ ਟਾਰਚਰ ਦੇ ਚਲਦਿਆਂ ਉਸ ਦੇ ਪਿਤਾ ਨੂੰ ਹਾਰਟ ਅਟੈਕ ਆ ਗਿਆ।ਇਸ ਸਬੰਧੀ ਸੁਪਰਡੈਂਟ ਜੇਲ੍ਹ ਵਰੁਣ ਸ਼ਰਮਾ ਵੱਲੋਂ ਫੋਨ 'ਤੇ ਇਹ ਜਾਣਕਾਰੀ ਦਿੱਤੀ ਗਈ ਕਿ ਇਸ ਨੂੰ ਕੱਲ੍ਹ ਛਾਤੀ ਵਿੱਚ ਦਰਦ ਹੋਣ ਦੀ ਸਮੱਸਿਆ ਆਈ ਸੀ, ਜਿਸ ਤੋਂ ਬਾਅਦ ਤੁਰੰਤ ਇਸ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਲਿਜਾਇਆ ਗਿਆ ਸੀ।

## ਸਾਊਦੀ ਅਰਬ ਤੋਂ ਦਿੱਲੀ ਪਹੁੰਚਿਆ ਪੰਜਾਬ ਦੇ ਹਾਜੀਆਂ ਦਾ ਪਹਿਲਾ ਜਥਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਾਊਦੀ ਅਰਬ ਗਏ ਹੱਜ ਯਾਤਰੀਆਂ ਦੀ ਜਿੱਥੇ ਹੁਣ ਵਾਪਸੀ ਸ਼ੁਰੂ ਹੋ ਗਈ ਹੈ, ਉੱਥੇ ਹੀ ਹੱਜ ਕਮੇਟੀ ਆਫ ਇੰਡੀਆ ਦੀ ਸਰਪ੍ਰਸਤੀ ਤੇ ਪੰਜਾਬ ਸਟੇਟ ਹੱਜ ਕਮੇਟੀ ਦੀ ਅਗਵਾਈ 'ਚ ਮੁਸਲਿਮ ਧਰਮ ਦੀ ਪਵਿੱਤਰ ਹੱਜ ਯਾਤਰਾ 2025 ਲਈ ਪੰਜਾਬ ਭਰ ਤੋਂ ਗਏ ਕੁੱਲ 310 ਹੱਜ ਯਾਤਰੀਆਂ 'ਚੋਂ 272 ਹੱਜ ਯਾਤਰੀਆਂ ਦਾ ਪਹਿਲਾ ਵੱਡਾ ਜਥਾ ਐਤਵਾਰ ਸਵੇਰੇ ਦਿੱਲੀ ਏਅਰਪੋਰਟ ਪੁੱਜਿਆ।ਹਾਜੀਆਂ ਨੂੰ ਲੈਣ ਲਈ ਭਾਰੀ ਸੰਖਿਆ 'ਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਦਿੱਲੀ ਏਅਰਪੋਰਟ ਪੁੱਜੇ, ਜਿੱਥੇ ਹਾਜ਼ੀਆਂ ਦਾ ਫੁੱਲਾਂ ਦੀਆਂ ਮਾਲਾਂ ਨਾਲ ਸਵਾਗਤ ਕੀਤਾ ਗਿਆ।ਇਸ ਦੌਰਾਨ ਹਾਜ਼ੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਚਿਹਰੇ 'ਤੇ ਹੱਜ ਯਾਤਰਾ ਪੂਰੀ ਕਰਕੇ ਘਰ ਵਾਪਸ ਆਉਣ ਦੀ ਖੁਸ਼ੀ ਝਲਕ ਰਹੀ ਸੀ।ਮਦੀਨਾ ਏਅਰਪੋਰਟ ਤੋਂ ਪੰਜਾਬ ਦੇ ਹਾਜੀਆਂ ਦੀ ਪਹਿਲੀ ਉਡਾਣ ਰਾਤ ਕਰੀਬ 2:00 ਵਜੇ ਰਵਾਨਾ ਹੋਈ ਸੀ ਤੇ ਆਪਣੇ ਨਿਰਧਾਰਤ ਸਮੇਂ ਸਵੇਰ ਕਰੀਬ 9:50 ਵਜੇ ਦਿੱਲੀ ਏਅਰਪੋਰਟ 'ਤੇ ਪਹੁੰਚੀ।ਕਰੀਬ 11:30 ਵਜੇ ਹਾਜੀਆਂ ਨੂੰ ਹੱਜ ਕਮੇਟੀ ਦੇ ਵਲੰਟੀਅਰਾਂ ਨੇ ਉਨ੍ਹਾਂ ਦੇ ਸਾਮਾਨ ਸਮੇਤ ਏਅਰਪੋਰਟ ਤੋਂ ਬਾਹਰ ਲਿਆਏ।ਇਸ ਦੌਰਾਨ ਹਾਜੀਆਂ ਨੇ ਚੰਗੇ ਪ੍ਰਬੰਧਾਂ ਲਈ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ।ਮਾਲੇਰਕੋਟਲਾ ਦੇ ਹਾਜੀ ਮੁਹੰਮਦ ਯੂਨਸ ਬਖਸ਼ੀ, ਮਨਜ਼ੂਰ ਅਹਿਮਦ ਚੌਹਾਨ, ਮੁਹੰਮਦ ਅਲੀ, ਪ੍ਰੋ. ਮਨਜ਼ੂਰ ਹਸਨ ਆਦਿ ਹਾਜੀਆਂ ਨੇ ਕਿਹਾ ਕਿ ਉਨ੍ਹਾਂ ਨੇ ਹੱਜ ਦੌਰਾਨ ਅੱਲ੍ਹਾ ਦੇ ਘਰ 'ਚ ਪੰਜਾਬ ਤੇ ਦੇਸ਼ 'ਚ ਅਮਨ-ਸ਼ਾਂਤੀ ਦੀ ਦੁਆ ਕੀਤੀ।ਉਨ੍ਹਾਂ ਦੱਸਿਆ ਕਿ ਕੇਂਦਰ ਤੇ ਰਾਜ ਸਰਕਾਰਾਂ ਨੇ ਵਧੀਆ ਪ੍ਰਬੰਧ ਕੀਤੇ ਸਨ।ਸਾਊਦੀ ਸਰਕਾਰ ਨੇ ਵੀ ਹਾਜੀਆਂ ਲਈ ਚੰਗੇ ਪ੍ਰਬੰਧ ਕੀਤੇ ਸਨ। ਕਿਸੇ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਈ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਮੀਟਿੰਗ

**ਬੁਢਲਾਡਾ (ਅਸ਼ੋਕ ਲਾਕੜਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਮਹੀਨਾਵਾਰ ਮੀਟਿੰਗ ਚਾਵਲਾ ਰੈਸਟੋਰੈਂਟ ਭੀਖੀ ਰੋਡ ਬੁਢਲਾਡਾ ਵਿਖੇ ਹੋਈ।ਇਸ ਮੀਟਿੰਗ ਵਿੱਚ ਪਾਰਕ ਹਸਪਤਾਲ ਬਠਿੰਡਾ ਦੇ ਮਾਹਿਰ ਡਾਕਟਰ ਹਰਵਿੰਦਰ ਸਿੰਘ ਸਰਜਨ ਆਪ੍ਰੇਸ਼ਨਾਂ ਦੇ ਮਾਹਰ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨਾਲ ਪਾਰਕ ਹਸਪਤਾਲ ਬਠਿੰਡਾ ਦੀ ਟੀਮ ਪਹੁੰਚੀ।ਇਸ ਮੌਕੇ ਡਾਕਟਰ ਹਰਵਿੰਦਰ ਸਿੰਘ ਨੇ ਜਨਰਲ ਸਰਜਰੀ ਬਾਰੇ ਸਾਥੀਆਂ ਨੂੰ ਜਾਣਕਾਰੀ ਦਿੱਤੀ।ਇਸ ਮੌਕੇ ਬਲਾਕ ਬੁਢਲਾਡਾ ਦੇ ਡਾਕਟਰ ਸਾਥੀਆਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।ਡਾਕਟਰ ਸ਼ਿਸ਼ਨ ਗੋਇਲ ਗੁਰਨੇ ਕਲਾਂ ਨੇ ਯੂਨੀਅਨ ਬਾਰੇ ਵਧੀਆ ਜਾਣਕਾਰੀ ਸਾਂਝੀ ਕੀਤੀ ਤੇ ਡਾਕਟਰ ਪ੍ਰੇਮ ਸਾਗਰ ਨੇ ਯੂਨੀਅਨ ਦੇ ਲੰਮੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ।ਡਾਕਟਰ ਗੁਰਜੀਤ ਸਿੰਘ ਬਰ੍ਹੇ ਬਲਾਕ ਪ੍ਰਧਾਨ ਨੇ ਭਗਵੰਤ ਮਾਨ ਸਰਕਾਰ ਤੋਂ ਮੰਗ ਕਰਦਿਆਂ ਆਖਿਆ ਕਿ ਐੱਮਪੀਐਪੀ ਯੂਨੀਅਨ ਦੇ ਰਹਿੰਦੇ ਮਸਲੇ ਜਲਦੀ ਹੱਲ ਕੀਤੇ ਜਾਣ।ਅਖੀਰ 'ਚ ਡਾ. ਨਾਇਬ ਸਿੰਘ ਅਹਿਮਦਪੁਰ ਨੇ ਮੀਟਿੰਗ ਵਿੱਚ ਆਏ ਸਾਰੇ ਡਾਕਟਰ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਚੇਅਰਮੈਨ ਰਮਜਾਨ ਖਾਨ, ਲੱਖਾ ਸਿੰਘ ਸੈਕਟਰੀ ਬੂਟਾ ਸਿੰਘ, ਮੇਜਰ ਸਿੰਘ, ਪਵਨ ਜੈਨ, ਜਗਦੇਵ ਦਾਸ, ਰਾਮ ਸਿੰਘ, ਡਾ. ਪ੍ਰਿਤਪਾਲ ਸਿੰਘ ਕੋਹਲੀ, ਬਲਰਾਜ ਸਿੰਘ, ਸ਼ੇਰਜੀਤ ਸਿੰਘ ਮਾਰਕੀਟਿੰਗ ਮੈਨੇਜਰ ਆਦਿ ਹਾਜ਼ਰ ਸਨ।ਸਟੇਜ ਦੀ ਭੂਮਿਕਾ ਡਾ. ਪ੍ਰਕਾਸ਼ ਸਿੰਘ ਨੇ ਬਾਖੂਬੀ ਨਿਭਾਈ।

# ਹੈੱਡਮਾਸਟਰ ਐਸੋਸੀਏਸ਼ਨ ਵੱਲੋਂ ਸ਼ਿਕਾਇਤ ਅਧਾਰਤ ਬਦਲੀ ਦਾ ਵਿਰੋਧ

- ਬਿਨਾਂ ਪੱਖ ਸੁਣੇ ਬਦਲੀ ਕਰਨਾ ਕੋਝੀ ਸਿਆਸਤ ਦਾ ਹਿੱਸਾ : ਕਟਾਰੀਆ
- ਸਮੁੱਚੇ ਹੈੱਡਮਾਸਟਰ ਕਾਡਰ 'ਚ ਫੈਲਿਆ ਰੋਸ


**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਐੱਸ.ਏ.ਐੱਸ. ਨਗਰ ਜ਼ਿਲ੍ਹੇ ਵਿੱਚ ਪੈਂਦੇ ਸਰਕਾਰੀ ਹਾਈ ਸਕੂਲ, ਸੈਦਪੁਰ ਦੀ ਹੈੱਡ ਮਿਸਟ੍ਰੈੱਸ ਬਲਵਿੰਦਰ ਕੌਰ ਦੀ ਪ੍ਰਬੰਧਕੀ ਆਧਾਰ 'ਤੇ ਕੀਤੀ ਗਈ ਬਦਲੀ ਦਾ ਗੰਭੀਰ ਨੋਟਿਸ ਲੈਂਦਿਆਂ ਹੈੱਡ ਮਾਸਟਰ ਐਸੋਸੀਏਸ਼ਨ ਪੰਜਾਬ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੋਂ ਬਦਲੀ ਦੇ ਹੁਕਮ ਵਾਪਸ ਲੈਣ ਦੀ ਮੰਗ ਕੀਤੀ ਹੈ।ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿੱਚ ਸ੍ਰੀਮਤੀ ਬਲਵਿੰਦਰ ਕੌਰ, ਹੈੱਡ ਮਿਸਟ੍ਰੈੱਸ, ਸਰਕਾਰੀ ਹਾਈ ਸਕੂਲ ਸੈਦਪੁਰ, ਜ਼ਿਲ੍ਹਾ ਮੋਹਾਲੀ ਦੀ ਪ੍ਰਬੰਧਕੀ ਆਧਾਰ 'ਤੇ ਬਦਲੀ ਸਰਕਾਰੀ ਹਾਈ ਸਕੂਲ ਕੁੱਕੜ, ਜ਼ਿਲ੍ਹਾ ਜਲੰਧਰ ਵਿਖੇ ਕਰ ਦਿੱਤੀ ਗਈ ਹੈ।ਐਸੋਸੀਏਸ਼ਨ ਦੇ ਪ੍ਰਧਾਨ ਕੁਲਵਿੰਦਰ ਸਿੰਘ ਕਟਾਰੀਆ ਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਬਿਨਾਂ ਨੋਟਿਸ ਤੇ ਬਿਨਾਂ ਜਾਂਚ ਕੀਤੇ ਹੀ ਇਕ ਸ਼ਿਕਾਇਤ ਅਧਾਰਤ ਪ੍ਰਬੰਧਕੀ ਅਧਾਰ 'ਤੇ ਬਦਲੀ ਕੀਤੇ ਜਾਣ ਨਾਲ਼ ਸਮੁੱਚੇ ਹੈੱਡ ਮਾਸਟਰ ਕਾਡਰ ਵਿੱਚ ਰੋਸ ਦੀ ਲਹਿਰ ਹੈ।

ਹੈੱਡ ਮਾਸਟਰ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਤੇ ਪ੍ਰੈੱਸ ਸਕੱਤਰ ਗੁਰਦਾਸ ਸਿੰਘ ਸੇਖੋਂ ਨੇ ਸਾਂਝੇ ਤੌਰ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਬਿਨਾਂ ਜਾਂਚ ਤੋਂ ਅਕਸਰ ਹੈੱਡ ਮਾਸਟਰਾਂ ਦੀਆਂ ਪ੍ਰਬੰਧਕੀ ਆਧਾਰ 'ਤੇ ਕੀਤੀਆਂ ਜਾਂਦੀਆਂ ਬਦਲੀਆਂ ਪੀ ਈ ਐੱਸ ਅਧਿਕਾਰੀਆਂ ਦਾ ਅਪਮਾਨ ਹੈ ਤੇ ਇਹ ਕੋਝੀ ਰਾਜਨੀਤੀ ਤੋਂ ਪ੍ਰੇਰਿਤ ਬੇਲੋੜੀ ਗਤੀਵਿਧੀ ਹੈ।

ਦੋਹਾਂ ਆਗੂਆਂ ਨੇ ਕਿਹਾ ਕਿ ਵਿਭਾਗ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤੇ ਬਦਲੀ ਦੇ ਆਦੇਸ਼ ਰੱਦ ਕੀਤੇ ਜਾਣੇ ਚਾਹੀਦੇ ਹਨ ਅਤੇ ਇਸ ਸਮੁੱਚੇ ਘਟਨਾਕ੍ਰਮ ਦੀ ਜਾਂਚ ਸਮਰੱਥ ਅਧਿਕਾਰੀਆਂ ਦੀ ਕਮੇਟੀ ਬਣਾ ਕੇ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਜੇਕਰ ਇਸ ਤਰ੍ਹਾਂ ਪੰਚਾਇਤ ਜਾਂ ਪਿੰਡ ਵਾਸੀਆਂ ਦੀਆਂ ਨਿੱਕੀਆਂ ਸ਼ਿਕਾਇਤਾਂ 'ਤੇ ਕਾਰਵਾਈ ਕਰਦਿਆਂ ਦੂਜੇ ਪੱਖ ਨੂੰ ਸੁਣਿਆ ਹੀ ਨਾ ਜਾਵੇ ਤੇ ਸਿੱਧੇ ਦੋਸ਼ੀ ਕਰਾਰ ਦਿੰਦਿਆਂ ਪ੍ਰਬੰਧਕੀ ਆਧਾਰ 'ਤੇ ਬਦਲੀ ਕਰ ਦਿੱਤੀ ਜਾਵੇ।ਹੈੱਡ ਮਾਸਟਰ ਐਸੋਸੀਏਸ਼ਨ ਪੰਜਾਬ ਦੇ ਮੁੱਖ ਬੁਲਾਰੇ ਗੁਰਵਿੰਦਰ ਸਿੰਘ ਸੁਧਾਰਾ ਤੇ ਸਹਿ-ਪ੍ਰੈੱਸ ਸਕੱਤਰ ਮੁਹੰਮਦ ਅਸਲਮ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਹੈੱਡ ਮਾਸਟਰਾਂ ਨਾਲ਼ ਅਜਿਹੀ ਸਿੱਧੀ ਧੱਕੇਸ਼ਾਹੀ ਉਨ੍ਹਾਂ ਦਾ ਕੰਮ ਕਰਨ ਦਾ ਜੋਸ਼ ਖ਼ਤਮ ਕਰੇਗੀ।

## ਅਮਿਤ ਅਰੋੜਾ ਦੀ ਯਾਦ 'ਚ ਜਨਰਲ ਰੋਗਾਂ ਦਾ ਮੁਫ਼ਤ ਚੈੱਕਅਪ ਕੈਂਪ



**ਜਗਰਾਉਂ (ਅਮਿਤ ਖੰਨਾ)**-ਸਵਰਗਵਾਸੀ ਉੱਘੇ ਸਮਾਜ ਸੇਵੀ ਅਮਿਤ ਅਰੋੜਾ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਹੱਡੀਆਂ ਦੇ ਜੋੜਾਂ, ਨੱਕ ਕੰਨ ਗਲਾ ਤੇ ਜਨਰਲ ਰੋਗਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ, ਕਾਕਾ ਸੈਕਟਰੀ ਡਾਕਟਰ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਰੇਲਵੇ ਲਿੰਕ ਰੋਡ ਜਗਰਾਉਂ ਵਿਖੇ ਲਗਾਏ ਕੈਂਪ ਵਿੱਚ ਜਿੱਥੇ ਸਵਰਗਵਾਸੀ ਸਮਾਜ ਸੇਵੀ ਅਮਿਤ ਅਰੋੜਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਸਮਾਜ ਸੇਵੀ ਅਮਿਤ ਅਰੋੜਾ ਵੱਲੋਂ ਛੋਟੀ ਉਮਰੇ ਕੀਤੇ ਸਮਾਜ ਸੇਵਾ ਦੇ ਮਹਾਨ ਕੰਮਾਂ ਦੀ ਸ਼ਲਾਘਾ ਕਰਦਿਆਂ ਐਲਾਨ ਕੀਤਾ ਕਿ ਸੁਸਾਇਟੀ ਅਮਿਤ ਅਰੋੜਾ ਦੇ ਚਲਾਏ ਸਮਾਜ ਸੇਵੀ ਕੰਮਾਂ ਨੂੰ ਜਾਰੀ ਰੱਖੇਗੀ। ਕੈਂਪ ਵਿੱਚ ਡਾਕਟਰ ਅਭਿਸ਼ੇਕ ਸੈਮੂਅਲ, ਡਾਕਟਰ ਸ਼ਾਨ, ਡਾਕਟਰ ਸੰਗੀਤ, ਡਾਕਟਰ ਸ਼ੁਭਮ, ਡਾਕਟਰ ਸੈਨ ਨੇ ਕੈਂਪ ਕੋਆਰਡੀਨੇਟਰ ਡੋਲੀ ਦੀ ਅਗਵਾਈ ਵਿੱਚ ਹੱਡੀਆਂ ਤੇ ਜੋੜਾਂ, ਨੱਕ ਕੰਨ ਗਲਾ ਤੇ ਜਨਰਲ ਰੋਗਾਂ ਦੇ 182 ਪੀੜਤ ਮਰੀਜ਼ਾਂ ਦਾ ਚੈੱਕਅਪ ਕਰਦਿਆਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪ੍ਰੇਮ ਬਾਂਸਲ ਗੋਪਾਲ ਗੁਪਤਾ, ਮੁਕੇਸ਼ ਗੁਪਤਾ, ਦਰਸ਼ਨ ਜੁਨੇਜਾ, ਜਸਵੰਤ ਸਿੰਘ, ਆਰ ਕੇ ਗੋਇਲ, ਮਨੀਸ਼ ਬਾਂਸਲ, ਅਨਿਲ ਮਲਹੋਤਰਾ, ਪ੍ਰਸ਼ੋਤਮ ਅਗਰਵਾਲ ਆਦਿ ਹਾਜ਼ਰ ਸਨ।

# ਕਮਾਲੂ ਵਿਖੇ ਲੱਗੀ ਫੈਕਟਰੀ ਦੇ ਵਿਰੋਧ 'ਚ ਪਿੰਡ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਕਮਾਲੂ ਵਿਖੇ ਲੱਗੀ ਟਾਇਰ ਜਲਾ ਕੇ ਤੇਲ ਕੱਢਣ ਵਾਲੀ ਫੈਕਟਰੀ ਦਾ ਪਿੰਡ ਵਾਸੀਆਂ ਵੱਲੋਂ ਤਲਵੰਡੀ ਸਾਬੋ ਰਿਫਾਇਨਰੀ ਰੋਡ ਜਾਮ ਕਰਕੇ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਕੀਤਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਦੌਰਾਨ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨ ਦੌਰਾਨ ਅਮਤੋਜ਼ ਮਾਨ, ਲੱਖਾ ਸਿਧਾਣਾ ਤੇ ਕਿਸਾਨ ਆਗੂਆਂ ਨੇ ਸ਼ਿਰਕਤ ਕੀਤੀ। ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਕਮਾਲੂ ਵਿਖੇ ਟਾਇਰ ਜਲਾ ਕੇ ਤੇਲ ਕੱਢਣ ਵਾਲੀ ਫੈਕਟਰੀ ਦਾ ਪਿੰਡ ਵਾਸੀਆਂ ਵੱਲੋਂ ਪਿਛਲੇ 50 ਦਿਨਾਂ ਤੋਂ ਵਿਰੋਧ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਬੇਸ਼ੱਕ ਪਿਛਲੇ 50 ਦਿਨਾਂ ਤੋਂ ਫੈਕਟਰੀ ਦੇ ਨੇੜੇ ਧਰਨਾ ਲਗਾ ਕੇ ਫੈਕਟਰੀ ਬੰਦ ਕਰਾਉਣ ਦੀ ਮੰਗ ਉਠਾਈ ਹੋਈ ਸੀ, ਪਰ ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਦੀ ਮੰਗ ਵੱਲ ਕੋਈ ਧਿਆਨ ਨਾ ਦੇਣ ਤੇ ਅੱਜ ਪਿੰਡ ਵਾਸੀਆਂ ਨੇ ਤਲਵੰਡੀ ਸਾਬੋ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰੋਡ ਜਾਮ ਕਰਕੇ ਪਿੰਡ ਜੱਜਲ ਨੇੜੇ ਰੋਸ ਧਰਨਾ ਦਿੱਤਾ, ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਰਕਾਰਾਂ ਲੋਕਾਂ ਨੂੰ ਜ਼ਹਿਰੀਲਾ ਪਾਣੀ ਤੇ ਜ਼ਹਿਰੀਲਾ ਵਾਤਾਵਰਨ ਦੇ ਕੇ ਮਾਰਨ 'ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਪੈਸੇ ਦੇ ਲਾਲਚ ਵਿੱਚ ਧੰਨਾ ਲੋਕਾਂ ਦੀਆਂ ਫੈਕਟਰੀਆਂ ਧੜਾਧੜ ਲਗਵਾ ਰਹੀਆਂ ਹਨ, ਜਿਸ ਨਾਲ ਪੰਜਾਬ ਵਿੱਚ ਪ੍ਰਦੂਸ਼ਣ ਲਗਾਤਾਰ ਵਧ ਰਿਹਾ ਹੈ ਅਤੇ ਪੀਣ ਵਾਲੇ ਪਾਣੀ ਤੋਂ ਲੋਕ ਤਰਸ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਅਜਿਹੀਆਂ ਫੈਕਟਰੀਆਂ ਬੰਦ ਕਰਾਉਣੀਆਂ ਚਾਹੀਦੀਆਂ ਹਨ, ਜੋ ਲੋਕਾਂ ਦੀ ਸਿਹਤ ਤੇ ਪਾਣੀ ਨੂੰ ਖਰਾਬ ਕਰ ਰਹੀਆਂ ਹਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪ੍ਰਦਰਸ਼ਨ ਦਾ ਢੰਗ ਬਦਲਣਾ ਪਵੇਗਾ, ਜਿਸ ਨਾਲ ਲੋਕਾਂ ਨੂੰ ਵੀ ਪ੍ਰੇਸ਼ਾਨੀ ਨਾ ਹੋਵੇ ਤੇ ਪ੍ਰਦਰਸ਼ਨ ਦੀ ਗੂੰਜ ਚੰਡੀਗੜ੍ਹ ਤੱਕ ਇਨ੍ਹਾਂ ਦੇ ਦਫਤਰਾਂ ਤੱਕ ਪੁੱਜੇ। ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨ ਦੌਰਾਨ ਸੜਕ ਦੇ ਉੱਪਰ ਮੁੱਖ ਮੰਤਰੀ ਤੇ ਹਲਕੇ ਦੇ ਵਿਧਾਇਕ ਦਾ ਬੁੱਤ ਲਗਾ ਕੇ ਉਸ ਤੇ ਛਿੱਤਰ ਮਾਰੇ ਜਾਣਗੇ ਤਾਂ ਜੋ ਇਸ ਨਾਲ ਲੋਕ ਸਰਕਾਰਾਂ ਨੂੰ ਜਗਾਇਆ ਜਾ ਸਕੇ। ਪਿੰਡ ਵਾਸੀਆਂ ਨੇ ਕਿਹਾ ਕਿ ਪ੍ਰਸ਼ਾਸਨਕ ਅਧਿਕਾਰੀ ਪਿਛਲੇ 50 ਦਿਨਾਂ ਤੋਂ ਜਾਂਚ ਕਰਨ ਦਾ ਭਰੋਸਾ ਦੇ ਰਹੇ ਹਨ, ਪਰ ਅਜੇ ਤੱਕ ਕੋਈ ਜਾਂਚ ਨਹੀਂ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਇਨਸਾਫ ਮਿਲਦਾ ਦਿਖਾਈ ਦੇ ਰਿਹਾ ਹੈ, ਪਰ ਉਨ੍ਹਾਂ ਕਿਹਾ ਕਿ ਜਿੰਨਾ ਸਮਾਂ ਫੈਕਟਰੀ ਬੰਦ ਨਹੀਂ ਹੁੰਦੀ, ਉਨ੍ਹਾਂ ਵੱਲੋਂ ਸੰਘਰਸ਼ ਜਾਰੀ ਰਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਉਧਰ, ਪ੍ਰਦਰਸ਼ਨ ਕਾਰਨ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵਿੱਚ ਜਾਣ ਆਉਣ ਵਾਲੇ ਟਰੱਕ ਵੀ ਜਾਮ ਦੇ ਵਿੱਚ ਖੜੇ ਰਹੇ।

## ਆਨਲਾਈਨ ਠੱਗੀ ਮਾਰਨ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਨਾਲ ਆਨਲਾਈਨ ਠੱਗੀ ਮਾਰਨ ਦੇ ਦੋਸ਼ ਵਿੱਚ ਸਾਈਬਰ ਕ੍ਰਾਈਮ ਨੇ ਅਣਪਛਾਤੇ ਵਿਅਕਤੀ ਖਿਲਾਫ 318 (4) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਗੌਰਵ ਪੁੱਤਰ ਤਿਲਕ ਰਾਜ ਵਾਸੀ ਮਕਾਨ ਨੰਬਰ 287 ਹੀਰਾ ਮੰਡੀ, ਮੁਹੱਲਾ ਧਰਮਪੁਰਾ ਫਿਰੋਜ਼ਪੁਰ ਸਿਟੀ ਤਹਿਸੀਲ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੇ ਕਰੈਡਿਟ ਕਾਰਡ ਨੰਬਰ 6528681129923006 ਵਿਚੋਂ 2 ਟਰਾਂਜੈਕਸ਼ਨਾਂ ਰਾਹੀਂ ਕੁੱਲ 3 ਲੱਖ 29 ਹਜ਼ਾਰ ਰੁਪਏ ਦੀ ਆਨਲਾਇਨ ਠੱਗੀ ਮਾਰੀ ਹੈ। ਇਸ ਸਬੰਧ ਵਿਚ ਥਾਣਾ ਸਾਈਬਰ ਕਰਾਈਮ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਐੱਸ ਸੀ/ਬੀ ਸੀ ਵਿਦਿਆਰੀਆਂ ਨੂੰ 3 ਕਰੋੜ ਤੋਂ ਵੱਧ ਦੀ ਸਕਾਲਰਸ਼ਿਪ ਰਾਸ਼ੀ ਤਕਸੀਮ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਮਾਲੇਰਕੋਟਲਾ ਦੇ ਅਨੁਸੂਚਿਤ ਜਾਤੀ ਭਾਈਚਾਰੇ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਹੋਰ ਵਰਗਾਂ ਦੀ ਉੱਨਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ 'ਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ।ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਤੇ ਪੱਛੜੀਆਂ ਜਾਤੀਆਂ ਦੇ 1775 ਵਿਦਿਆਰਥੀਆਂ ਨੂੰ 03 ਕਰੋੜ 02 ਲੱਖ 23 ਹਜ਼ਾਰ 607 ਰੁਪਏ ਦੀ ਰਾਸ਼ੀ ਬਤੌਰ ਸਕਾਲਰਸ਼ਿਪ ਤਕਸੀਮ ਕੀਤੀ ਗਈ ਸੀ ਤਾਂ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦਾ ਜੀਵਨ ਪੱਧਰ ਉੱਚਾ ਹੋ ਸਕੇ।ਉਨ੍ਹਾਂ ਦੱਸਿਆ ਕਿ ਪੋਸਟ ਮੈਟ੍ਰਿਕ ਸਕੀਮ ਅਧੀਨ ਹਜ਼ਾਰਾਂ ਐੱਸ.ਸੀ. ਿਵਦਆਰਥੀਆਂ ਨੇ ਉੱਚ ਸਿੱਖਿਆ ਪੂਰੀ ਕਰਕੇ ਅੱਜ ਵਧੀਆ ਅਹੁਦਿਆਂ 'ਤੇ ਨੌਕਰੀਆਂ, ਸਰਕਾਰੀ ਸੇਵਾਵਾਂ ਤੇ ਆਪਣਾ ਵਪਾਰ ਸ਼ੁਰੂ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਸਕੀਮ ਵਿਦਿਆਰਥੀਆਂ ਨੂੰ ਕੇਵਲ ਆਰਥਿਕ ਮਦਦ ਹੀ ਨਹੀਂ, ਸਗੋਂ ਉਨ੍ਹਾਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਦਾ ਇੱਕ ਮਜ਼ਬੂਤ ਪਲੇਟਫਾਰਮ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਲਾਭ ਦੇ ਕੇ ਯਤਨ ਕਰ ਰਹੀ ਹੈ ਕਿ ਇਹ ਬੱਚੇ ਪੜ੍ਹ-ਲਿਖ ਕੇ ਆਤਮ-ਨਿਰਭਰ ਹੋ ਜਾਣ।ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਪਾਸੋਂ ਆਨ-ਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਜਾਵੇਗਾ।

# ਸੀਮੈਂਟ ਮਿੱਲ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਉਣ ਲਈ ਆਕਲੀਆ 'ਚ 11 ਨੂੰ ਸੈਮੀਨਾਰ

**ਮੋਗਾ (ਇਕਬਾਲ ਸਿੰਘ ਖਹਿਰਾ)**



ਤਲਵੰਡੀ ਸਾਬੋ ਵਿਖੇ ਇੱਕ ਵੱਡੀ ਲਾਲ ਸ਼੍ਰੇਣੀ ਦੀ ਸੀਮੈਂਟ ਮਿਲ ਲਾਏ ਜਾਣ ਦੀ ਤਜਵੀਜ਼ ਹੈ, ਜੋ ਉਥੋਂ ਦੇ ਥਰਮਲ ਪਲਾਂਟ ਦੇ ਨੇੜੇ ਲੱਗਣ ਜਾ ਰਹੀ ਹੈ।ਇਸ ਬਾਰੇ 14 ਜੁਲਾਈ 2025 ਨੂੰ ਹੋਣ ਜਾ ਰਹੀ ਜਨਤਕ ਸੁਣਵਾਈ ਵਿੱਚ ਵਿਰੋਧ ਕਰਨ ਲਈ ਇਲਾਕਾ ਨਿਵਾਸੀਆਂ ਵੱਲੋਂ ਤਲਵੰਡੀ ਸਾਬੋ ਮੋਰਚਾ ਜਥੇਬੰਦ ਕੀਤਾ ਗਿਆ ਹੈ, ਜਿਸ ਵੱਲੋਂ ਲੁਧਿਆਣਾ ਵਿਖੇ ਪੀ.ਏ.ਸੀ. ਮੱਤੇਵਾੜਾ ਨਾਲ ਮੀਟਿੰਗ ਕੀਤੀ ਗਈ ਤੇ ਇਸ ਮਸਲੇ ਤੇ ਸਾਂਝਾ ਪ੍ਰੋਗਰਾਮ ਉਲੀਕਣ ਦਾ ਫੈਸਲਾ ਕੀਤਾ ਗਿਆ। ਪੀ.ਏ.ਸੀ. ਦੇ ਡਾ. ਅਮਨਦੀਪ ਸਿੰਘ ਬੈਂਸ ਨੇ ਦੱਸਿਆ ਕਿ 14 ਜੁਲਾਈ 2025 ਨੂੰ ਪੰਜਾਬ ਪ੍ਰਦੂਸ਼ਣ ਬੋਰਡ ਵੱਲੋਂ ਜਨਤਕ ਸੁਣਵਾਈ ਰੱਖੀ ਗਈ ਹੈ, ਜਿਸ ਵਿੱਚ ਇਲਾਕਾ ਨਿਵਾਸੀ ਜਾਂ ਕੋਈ ਵੀ ਨਾਗਰਿਕ ਆਪਣੇ ਸੁਝਾਅ ਜਾਂ ਵਿਰੋਧ ਦਰਜ ਕਰਵਾ ਸਕਦਾ ਹੈ, ਜਿਸ ਤੋਂ ਬਾਅਦ ਵੋਟਾਂ ਹੁੰਦੀਆਂ ਨੇ ਅਤੇ ਲੋਕਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਇਸ ਮਿਲ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਲਈ 11 ਜੁਲਾਈ 2025 ਨੂੰ ਪਿੰਡ ਤਲਵੰਡੀ ਅਕਲੀਆ ਦੇ ਗੁਰੂਘਰ ਵਿਖੇ ਇਸ ਵਿਸ਼ੇ ਤੇ ਇੱਕ ਸੈਮੀਨਾਰ ਰੱਖਿਆ ਗਿਆ ਹੈ।ਇਸ ਵਿੱਚ ਇਸ ਪ੍ਰੋਜੈਕਟ ਸਬੰਧੀ ਵਿਚਾਰ ਵਟਾਂਦਰਾ ਇਲਾਕਾ ਨਿਵਾਸੀਆਂ ਵੱਲੋਂ ਤੇ ਮਾਹਿਰਾਂ ਵੱਲੋਂ ਕੀਤਾ ਜਾਵੇਗਾ।ਡਾਕਟਰ ਬੈਂਸ ਨੇ ਦੱਸਿਆ ਕਿ ਪੰਜਾਬ ਵਿੱਚ ਲਾਲ ਸ਼੍ਰੇਣੀ ਦੇ ਉਦਯੋਗ ਪਹਿਲਾਂ ਹੀ ਬਹੁਤ ਲੱਗ ਚੁੱਕੇ ਹਨ ਅਤੇ ਲੋਕ ਉਨ੍ਹਾਂ ਦੇ ਪ੍ਰਦੂਸ਼ਣ ਨਾਲ ਝੰਬੇ ਪਏ ਹਨ। ਇਸ ਲਈ ਨਵੇਂ ਲਾਲ ਸ਼੍ਰੇਣੀ ਦੇ ਪ੍ਰਦੂਸ਼ਣਕਾਰੀ ਉਦਯੋਗ ਹੋਰ ਨਹੀਂ ਲੱਗਣੇ ਚਾਹੀਦੇ।ਤਲਵੰਡੀ ਸਾਬੋ ਮੋਰਚਾ ਦੇ ਐਡਵੋਕੇਟ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਥੋਂ ਦਾ ਥਰਮਲ ਪਲਾਂਟ ਪਹਿਲਾਂ ਹੀ ਲਗਾਤਾਰ ਸਵਾਹ ਦੀ ਵਰਖਾ ਕਰ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਸਾਹ ਦੀਆਂ ਬਿਮਾਰੀਆਂ ਤੋਂ ਲੈ ਕੇ ਕੈਂਸਰ ਤੱਕ ਹੋ ਰਿਹਾ ਹੈ ਤੇ ਹੁਣ ਇਹ ਨਵੀਂ ਅਲਾਮਤ ਲੋਕਾਂ ਦੇ ਸਿਰ ਮੜ੍ਹਨ ਦੀ ਤਿਆਰੀ ਸਰਕਾਰ ਕਰ ਰਹੀ ਹੈ।ਲੋਕਾਂ ਕੋਲ ਜਨਤਕ ਸੁਣਵਾਈ ਵਿਰੋਧ ਦਾ ਸੰਵਿਧਾਨਿਕ ਹੱਕ ਹੈ ਤੇ ਅਸੀਂ ਸਾਰੇ ਇਲਾਕਾ ਨਿਵਾਸੀਆਂ ਤੇ ਪੰਜਾਬ ਨਿਵਾਸੀਆਂ ਨੂੰ ਇਸ ਵਿੱਚ ਸ਼ਾਮਲ ਹੋ ਕੇ ਸਾਥ ਦੇਣ ਦੀ ਅਪੀਲ ਕਰਦੇ ਹਾਂ, ਤਾਂ ਜੋ ਇਲਾਕੇ ਤੇ ਪੰਜਾਬ ਦੋਹਾਂ ਦਾ ਭਲਾ ਹੋ ਸਕੇ।ਮੀਟਿੰਗ ਦੌਰਾਨ ਪੀ.ਏ.ਸੀ. ਤੋਂ ਜਸਕੀਰਤ ਸਿੰਘ, ਕਪਿਲ ਅਰੋੜਾ, ਕੁਲਦੀਪ ਸਿੰਘ ਖਹਿਰਾ ਤੇ ਤਲਵੰਡੀ ਸਾਬੋ ਮੋਰਚਾ ਤੋਂ ਸਿਕੰਦਰ ਸਿੰਘ, ਜਸਵੀਰ ਸਿੰਘ, ਸੁਖਦੀਪ ਸਿੰਘ ਤੇ ਜਗਦੀਪ ਸਿੰਘ ਆਦਿ ਸ਼ਾਮਲ ਹੋਏ।

## ...ਸਫ਼ਾ 1 ਦੇ ਬਾਕੀ

### ਨਰੇਗਾ ਹੱਕਾਂ ਨੂੰ ਨਹੀਂ...

ਅਤੇ ਡੂਢਾ) ਸਮੇਤ ਉਜਰਤ ਦਿੱਤੀ ਜਾਵੇ। ਇਸ ਤੋਂ ਇਲਾਵਾ ਨਰੇਗਾ ਮਜ਼ਦੂਰਾਂ ਦਾ ਦਿਹਾੜੀ 1000 ਰੁਪਏ, ਦਿਨਾਂ ਦੀ ਗਾਰੰਟੀ 200 ਦਿਨ ਕਰਵਾਉਣ, ਕੰਮ 'ਤੇ ਮਿਲਣ ਵਾਲੀਆਂ ਸਹੂਲਤਾਂ ਬਹਾਲ ਕਰਵਾਉਣ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਉਪਰੋਕਤ ਮੰਗਾਂ ਮਸਲਿਆਂ ਲਈ 25 ਜੁਲਾਈ ਨੂੰ ਪੰਜਾਬ ਵਿੱਚ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਨਰੇਗਾ ਮਜ਼ਦੂਰ ਸ਼ਕਤੀ ਪ੍ਰਦਰਸ਼ਨ ਕਰਨਗੇ। ਇਹਨਾਂ ਮੁਜ਼ਾਹਰਿਆਂ ਲਈ ਸੂਬਾ ਅਤੇ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੀਟਿੰਗ ਦੌਰਾਨ ਟਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਕੁਲਦੀਪ ਸਿੰਘ ਭੋਲਾ, ਸ਼ੇਰ ਸਿੰਘ ਦੌਲਤਪੁਰਾ, ਵੀਰ ਸਿੰਘ, ਮਨਜੀਤ ਕੌਰ, ਪੱਪੀ ਢਿੱਲਵਾਂ, ਸ਼ਿਵਨਾਥ ਦਰਦੀ ਫਰੀਦਕੋਟ, ਜੁਗਰਾਜ ਸਿੰਘ ਬਰਨਾਲਾ, ਨਰਿੰਦਰ ਢਾਬਾਂ, ਕੁਲਦੀਪ ਫਾਜ਼ਿਲਕਾ, ਗੁਰਦਿਆਲ ਸਿੰਘ, ਨਰਿੰਦਰ ਅਲਗੋਂ ਤਰਨ ਤਾਰਨ, ਬੋਹੜ ਸਿੰਘ ਸੁਖਨਾ, ਬਿੰਦਰ ਸਿੰਘ ਮੁਕਤਸਰ, ਕਿਰਨਾਂ ਫ਼ਤਿਹਗੜ੍ਹ ਸਾਹਿਬ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਬੇਅਦਬੀ ਮਾਮਲਿਆਂ ਸੰਬੰਧੀ ਕਾਨੂੰਨ ਬਣਾਉਣ ਲਈ ਮਾਨ ਸਰਕਾਰ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ 10-11 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਸੰਬੰਧੀ ਕਾਨੂੰਨ ਬਣਾਉਣ ਲਈ 10 ਤੇ 11 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ ਸੱਦਿਆ ਗਿਆ ਹੈ।ਅਜਲਾਸ ਦੌਰਾਨ ਕਿਸੇ ਵੀ ਧਰਮ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਵਿਸ਼ੇਸ਼ ਬਿੱਲ ਲਿਆਂਦਾ ਜਾ ਰਿਹਾ ਹੈ, ਜਿਸ ਨੂੰ ਵਿਧਾਨ ਸਭਾ ਵਿੱਚ ਪਾਸ ਕਰਵਾ ਕੇ ਪੰਜਾਬ ਸਰਕਾਰ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦਾ ਪੱਕਾ ਪ੍ਰਬੰਧ ਕੀਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਮਾਨਸਾ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਵਿਧਾਨ ਸਭਾ 'ਚ 10-11 ਜੁਲਾਈ ਨੂੰ ਬੇਅਦਬੀਆਂ ਖਿਲਾਫ ਜੋ ਬਿੱਲ ਪਾਸ ਕਰਵਾਉਣ ਜਾ ਰਹੀ ਹੈ, ਉਸ 'ਚ ਅਪਰਾਧੀਆਂ ਨੂੰ ਮਿਸਾਲੀ ਤੇ ਪ੍ਰਭਾਵੀ ਸਜ਼ਾਵਾਂ ਦੇਣ ਦਾ ਪ੍ਰਾਵਧਾਨ ਕੀਤਾ ਜਾਵੇਗਾ ਤਾਂ ਜੋ ਭਵਿੱਖ ਵਿੱਚ ਕੋਈ ਵਿਅਕਤੀ ਕਿਸੇ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਤੋਂ ਪਹਿਲਾਂ 100 ਵਾਰ ਸੋਚੇ।ਉਨ੍ਹਾਂ ਕਿਹਾ ਕਿ ਪੂਰਾ ਪੰਜਾਬ ਜਾਣਦਾ ਹੈ ਕਿ ਕਿਵੇਂ ਅਕਾਲੀ ਦਲ ਤੇ ਕਾਂਗਰਸ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਿਆ ਅਤੇ ਜਾਂਚ ਨੂੰ ਪ੍ਰਭਾਵਿਤ ਕਰਕੇ ਸੱਤਾ ਦਾ ਆਨੰਦ ਮਾਣਦੇ ਰਹੇ।ਜਾਂਚ ਰਿਪੋਰਟ ਨੂੰ ਕਦੇ ਵੀ ਜਨਤਕ ਨਹੀਂ ਕੀਤਾ। 2012 ਤੋਂ 2017 ਦੇ ਸ਼ਾਸ਼ਨ ਕਾਲ ਦੌਰਾਨ 2015 ਦੀਆਂ ਬੇਅਦਬੀ ਘਟਨਾਵਾਂ ਸਮੇਂ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਉੱਪ ਮੁੱਖ ਮੰਤਰੀ ਤੇ ਨਾਲ ਹੀ ਗ੍ਰਹਿ ਮੰਤਰੀ ਵੀ ਸਨ ਅਤੇ ਕੇਂਦਰ ਵਿੱਚ ਇਨ੍ਹਾਂ ਦੀ ਭਾਈਵਾਲ ਭਾਜਪਾ ਸਰਕਾਰ ਸੀ।ਸੰਨ 2016 ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਨੇ ਜੋ ਬੇਅਦਬੀ ਰੋਕਣ ਲਈ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਸੀ, ਉਸ ਨੂੰ ਪਾਸ ਕਿਉਂ ਨਹੀਂ ਕਰਵਾਇਆ।ਇਸ ਤੋਂ ਇਲਾਵਾ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਬਠਿੰਡਾ ਰੈਲੀ ਨੂੰ ਸੰਬੋਧਨ ਕਰਦਿਆਂ ਤਤਕਾਲੀ ਕਾਂਗਰਸ ਪ੍ਰਧਾਨ ਤੇ ਮੁੱਖ ਮੰਤਰੀ ਦੇ ਦਾਅਵੇਦਾਰ ਕੈਪਟਨ ਅਮਰਿੰਦਰ ਸਿੰਘ ਨੇ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲ ਗੁਟਕਾ ਸਾਹਿਬ ਕਰਕੇ ਬੇਅਦਬੀ ਦੇ ਅਪਰਾਧੀਆਂ ਨੂੰ ਸਖਤ ਸਜ਼ਾਵਾਂ ਦੇਣ ਦਾ ਜਨਤਕ ਤੌਰ 'ਤੇ ਵਾਅਦਾ ਕੀਤਾ ਸੀ, ਪਰ ਉਹ ਸਰਕਾਰ ਵੀ ਇੰਝ ਹੀ ਬੁੱਤਾ ਸਾਰ ਕੇ ਚਲੀ ਗਈ, ਪ੍ਰੰਤੂ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਬੇਅਦਬੀ ਕਨੂੰਨ ਦਾ ਬਿਲ ਪਾਸ ਕਰਵਾਕੇ ਐਕਟ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਹਰ ਇਨਸਾਨ ਨੂੰ ਕੈਂਪਾਂ ਦਾ ਫਾਇਦਾ ਲੈਣਾ ਚਾਹੀਦਾ : ਡਾ: ਗੀਤਿਕਾ ਗੋਇਲ



**ਧੂਰੀ (ਬਿੰਨੀ ਗਰਗ)**-ਉਕਾਬ ਫੈਡਰੇਸ਼ਨ ਦੇ ਫਾਊਂਡਰ ਪ੍ਰਦੀਪ ਵਰਮਾ ਤੇ ਕੋ ਫਾਊਂਡਰ ਰਾਜਵੀਰ ਕੌਰ ਵਰਮਾ ਦੇ ਦਿਸ਼ਾ ਨਿਰਦੇਸ਼ ਹੇਠ ਧੂਰੀ ਵਿਖੇ ਫਾਈਬਰੋ ਸਕੈਨ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾਕਟਰ ਗੀਤਿਕਾ ਗੋਇਲ ਤੇ ਡਾਇਟੀਸ਼ੀਅਨ ਜੋਤੀ ਜੈਨ ਨੇ ਦੱਸਿਆ ਸਮੇਂ ਸਮੇਂ ਸਿਰ ਹਰ ਇਨਸਾਨ ਨੂੰ ਆਪਣਾ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਮੇਂ ਤੇ ਹੀ ਬਿਮਾਰੀ ਦਾ ਪਤਾ ਲੱਗ ਜਾਵੇ ਅਤੇ ਉਸ ਦਾ ਇਲਾਜ ਵੀ ਸਮੇਂ ਸਿਰ ਹੀ ਹੋ ਜਾਵੇ, ਜਿਸ ਨਾਲ ਮਰੀਜ਼ ਨੂੰ ਭਿਆਨਕ ਬਿਮਾਰੀ ਤੋਂ ਲੱਗਣ ਤੋਂ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਅਤੇ ਉਸਦਾ ਇਲਾਜ ਸਮੇਂ ਸਿਰ ਹੋ ਜਾਂਦਾ ਹੈ।ਇਸ ਮੌਕੇ ਉਕਾਬ ਫੈਡਰੇਸ਼ਨ ਦੇ ਪੰਜਾਬ ਪ੍ਰਧਾਨ ਵਿਕਾਸ ਵਰਮਾ ਅਤੇ ਜ਼ਿਲ੍ਹਾ ਪ੍ਰਧਾਨ ਨੱਥੂ ਰਾਮ ਨੇ ਕਿਹਾ ਕਿ ਫੈਡਰੇਸ਼ਨ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿੱਚ ਮੈਡੀਕਲ ਚੈੱਕਅਪ ਕੈਂਪ ਤੇ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ।ਹਜ਼ਾਰਾਂ ਹੀ ਲੋਕ ਇਨ੍ਹਾਂ ਕੈਂਪਾਂ ਦਾ ਫਾਇਦਾ ਲੈ ਰਹੇ ਹਨ ਅਤੇ ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਵੱਧ ਤੋਂ ਵੱਧ ਆਪ ਜੀ ਦੇ ਨੇੜੇ ਜੱਦ ਕੋਈ ਵੀ ਸੰਸਥਾ ਕੈਂਪ ਲਗਾਏ ਜਾਂ ਸਰਕਾਰ ਵੱਲੋਂ ਕੈਂਪ ਲੱਗੇ, ਉਨ੍ਹਾਂ ਦਾ ਵੱਧ ਤੋਂ ਵੱਧ ਫਾਇਦਾ ਜ਼ਰੂਰ ਲੈਣਾ ਚਾਹੀਦਾ ਹੈ।ਇਸ ਸਮੇਂ 150 ਤੋਂ ਵੱਧ ਮਰੀਜ਼ਾਂ ਨੇ ਆਪਣਾ ਚੈੱਕਅਪ ਕਰਵਾਇਆ। ਮੁਹੰਮਦ ਮੁਸ਼ਤਾਕ, ਲੱਕੀ ਗੋਇਲ, ਖਾਲਿਦ ਪ੍ਰਵੇਸ਼, ਗਗਨਦੀਪ ਕੌਰ, ਅਜੀਤ ਸਿੰਘ ਰਿਟਾਇਰ ਐੱਸਡੀਓ ਧੂਰੀ, ਵਿਨੋਦ ਕੁਮਾਰ ਸੰਯੋਜਕ ਨਿਰੰਕਾਰੀ ਮਿਸ਼ਨ ਧੂਰੀ, ਰਜਿੰਦਰ ਸਿੰਘ, ਮਾਲਵਿੰਦਰ, ਸੋਹਨ ਲਾਲ, ਸੰਜੀਵ ਗਰਗ, ਨਰੇਸ਼ ਅਤਰੀ, ਤੇਜਵੰਤ ਸਿੰਘ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੱਤਰਕਾਰ ਉੱਪਰ ਜਾਨਲੇਵਾ ਹਮਲਾ ਕਰਨ ਵਾਲੇ ਦੋ ਦੋਸ਼ੀ ਕਾਬੂ, ਬਾਕੀਆਂ ਦੀ ਭਾਲ ਜਾਰੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪਿਛਲੇ ਦਿਨੀਂ ਹੋਏ ਲੜਾਈ-ਝਗੜੇ ਦੀ ਕਵਰੇਜ ਕਰਨ ਗਏ ਪੰਜਾਬੀ ਅਖ਼ਬਾਰ ਦੇ ਇਕ ਪੱਤਰਕਾਰ ਉਪਰ ਕੁੱਝ ਲੋਕਾਂ ਵੱਲੋਂ ਦਸਤੀ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰਕੇ ਜ਼ਖਮੀ ਕਰ ਦੇਣ ਦੇ ਦੋਸ਼ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਛੇ ਜਣਿਆਂ ਸਮੇਤ 3/4 ਅਣਪਛਾਤੇ ਵਿਅਕਤੀਆਂ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਨ ਮਗਰੋਂ ਦੋ ਹਮਲਾਵਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸੰਬੰਧੀ ਥਾਣਾ ਧਾਰੀਵਾਲ ਦੇ ਮੁਖੀ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਇਸ ਮਾਮਲੇ ਦੀ ਹਰੇਕ ਪੱਖ ਤੋਂ ਜਾਂਚ ਕਰਕੇ ਤਫਤੀਸ਼ੀ ਅਫਸਰ ਏਐੱਸਆਈ ਰਣਜੀਤ ਸਿੰਘ ਨੇ ਪੱਤਰਕਾਰ ਇੰਦਰਜੀਤ ਦੇ ਬਿਆਨਾਂ ਅਤੇ ਮੈਡੀਕਲ ਰਿਪੋਰਟ ਮੁਤਾਬਿਕ ਸੰਤੋਸ਼, ਕਾਲੂ, ਦਲੀਪ, ਸ਼ੰਭੂ, ਦੇਬੂ, ਕਰਨ ਵਾਸੀਆਨ ਰਾਜੀਵ ਕਾਲੋਨੀ ਧਾਰੀਵਾਲ ਅਤੇ 3/4 ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਇਨ੍ਹਾਂ ਵਿੱਚੋਂ ਸੰਤੋਸ਼ ਪੁੱਤਰ ਰੋਬਿਨ ਦਾਸ ਅਤੇ ਵਿਸ਼ਾਲ ਪੁੱਤਰ ਬੱਚੂ ਲਾਲ ਵਾਸੀਆਨ ਰਾਜੀਵ ਕਾਲੋਨੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀਆਂ ਦੀ ਭਾਲ ਜਾਰੀ ਹੈ। ਸ਼ਹਿਰ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਪੁਲਸ ਪ੍ਰਸ਼ਾਸਨ ਵੱਲੋਂ ਨਿਰਪੱਖਤਾ ਨਾਲ ਮਾਮਲੇ ਦੀ ਕਾਰਵਾਈ ਕਰਨ ਦੀ ਸ਼ਲਾਘਾ ਕਰਦਿਆਂ ਬਾਕੀ ਦੋਸ਼ੀਆਂ ਨੂੰ ਵੀ ਜਲਦ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

# ਮੰਗਾਂ ਨੂੰ ਲੈ ਕੇ ਕੱਚੇ ਟਰਾਂਸਪੋਰਟ ਕਾਮਿਆਂ ਵੱਲੋਂ ਚੱਕਾ ਜਾਮ ਕਰਨ ਦਾ ਐਲਾਨ

**ਪੱਟੀ (ਬਲਦੇਵ ਸਿੰਘ ਸੰਧੂ)-** ਪੰਜਾਬ ਰੋਡਵੇਜ਼ ਪਨਬਸ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਡਿਪੂ ਪ੍ਰਧਾਨ ਵਜ਼ੀਰ ਸਿੰਘ ਜੋਣੇਕੇ ਨੇ ਕਿਹਾ ਕਿ ਸਮੇਂ ਸਮੇਂ 'ਤੇ ਟਰਾਂਸਪੋਰਟ ਵਿਭਾਗ ਦੇ ਕੱਚੇ ਮੁਲਾਜ਼ਮਾਂ ਵੱਲੋਂ ਸੰਘਰਸ਼ ਕਰਕੇ ਆਪਣੀਆਂ ਮੰਗਾਂ ਪ੍ਰਤੀ ਸਰਕਾਰ ਨੂੰ ਦੱਸਿਆ ਜਾਂਦਾ ਹੈ ਪਰ ਸਰਕਾਰ ਵੱਲੋਂ ਹਰ ਸਮੇਂ



ਮੰਗਾਂ ਮੰਨ ਕੇ ਅਫ਼ਸਰਸ਼ਾਹੀ ਵੱਲੋਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਜਾਂ ਫਿਰ ਟਾਲਮਟੋਲ ਕਰ ਦਿੱਤਾ ਜਾਂਦਾ ਹੈ ਅਤੇ ਮੰਗਾਂ ਜਿਉਂ ਦੀਆਂ ਤਿਉਂ ਹੀ ਰਹਿੰਦੀਆਂ ਹਨ ਪਰ ਜਦੋਂ ਵੀ ਪੰਜਾਬ ਜਾਂ ਭਾਰਤ ਉਪਰ ਕੋਈ ਸੰਕਟ ਦੀ ਘੜੀ ਆਉਂਦੀ ਹੈ ਜਿਸ ਵਿੱਚ ਭਾਵੇਂ ਦੰਗੇ, ਹੜ੍ਹ, ਕਰੋਨਾ ਜਾਂ ਫਿਰ ਹੁਣ ਜੰਗ ਦਾ ਮਾਹੌਲ ਸੀ ਪਨਬੱਸ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮਾਂ ਨੂੰ ਫਰੰਟ ਲਾਈਨ ਦੀਆਂ ਡਿਊਟੀਆਂ ਤੇ ਵਰਤਿਆ ਜਾਂਦਾ ਹੈ ਅਤੇ ਮੁਲਾਜ਼ਮਾਂ ਵਲੋਂ ਵੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸਰਕਾਰ ਦਾ ਸਹਿਯੋਗ ਕੀਤਾ ਜਾਂਦਾ ਹੈ ਪਰ ਸਰਕਾਰ ਵਲੋਂ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ 'ਤੇ ਵੀ ਕੱਚੇ ਮੁਲਾਜ਼ਮਾਂ ਦੀ ਸਾਰ ਨਹੀਂ ਲਈ ਜਾਂਦੀ ਕਰੋਨਾ ਵਿੱਚ ਐਂਬੂਲੈਂਸ ਚਲਾਉਣ ਵਾਲੇ ਸਾਥੀ ਦੀ ਮੌਤ ਹੋਣ 'ਤੇ ਮੁਲਾਜ਼ਮਾਂ ਨੂੰ ਕੁੱਝ ਵੀ ਨਹੀਂ ਦਿੱਤਾ ਗਿਆ ਪਰ ਫੇਰ ਵੀ ਪਨਬਸ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮਾਂ ਇਸ ਮੁਸ਼ਕਿਲ ਘੜੀ ਵਿੱਚ ਦੇਸ਼ ਦੇ ਨਾਲ ਖੜੇ ਹਨ ਪੰਜਾਬ ਸਰਕਾਰ ਅਤੇ ਵਿਭਾਗ ਮੁਲਾਜ਼ਮਾਂ ਦੀ ਅਣਦੇਖੀ ਕਰਨਾ ਬੰਦ ਕਰੇ। ਸੂਬਾ ਆਗੂ ਸਤਨਾਮ ਸਿੰਘ ਢਿੱਲੋਂ ਨੇ ਬੋਲਦਿਆਂ ਕਿਹਾ ਕਿ ਜੇਕਰ ਵਿਭਾਗ ਦੇ ਅਧਿਕਾਰੀਆਂ ਵੱਲੋਂ ਮੰਗਾਂ ਨਾ ਮੰਨੀਆਂ ਗਈਆਂ ਜਾਂ ਕੋਈ ਵੀ ਧੱਕੇਸ਼ਾਹੀ ਕੀਤੀ ਜਿਸ ਵਿੱਚ ਨਜਾਇਜ਼ ਆਊਟ ਸੋਰਸ ਭਰਤੀ ਜਾਂ ਕਿਲੋਮੀਟਰ ਸਕੀਮ ਬੱਸਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਤੁਰੰਤ ਸੰਘਰਸ਼ ਕੀਤਾ ਜਾਵੇਗਾ। ਜੇਕਰ 9 ਜੁਲਾਈ ਤੱਕ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ 9-10-11 ਜੁਲਾਈ ਨੂੰ ਤਿੰਨ ਰੋਜ਼ਾ ਹੜਤਾਲ ਕੀਤੀ ਜਾਵੇਗੀ ਅਤੇ 10 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ। ਜੇਕਰ ਫਿਰ ਵੀ ਮੰਗਾਂ ਦਾ ਹੱਲ ਨਾ ਕੱਢਿਆ ਗਿਆ ਤਾਂ ਹੜਤਾਲ ਅਣਮਿੱਥੇ ਸਮੇਂ ਦੀ ਕਰਨ ਜਾਂ ਰੂਟਾਂ ਅਨੁਸਾਰ ਸਵਾਰੀਆਂ ਬੈਠਾਉਣ ਵਰਗੇ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ ਜਿਸ ਦੀ ਨਿੱਜੀ ਜ਼ਿੰਮੇਵਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਰਕਾਰ ਦੀ ਹੋਵੇਗੀ।

# ਅਮਰਨਾਥ ਜਾਣ ਵਾਲੇ ਯਾਤਰੂਆਂ ਲਈ ਲਗਾਏ ਲੰਗਰ ਦੀ ਕਟਾਰੂਚੱਕ ਵੱਲੋਂ ਸ਼ੁਰੂਆਤ

**ਪਠਾਨਕੋਟ (ਦਵਿੰਦਰ ਸਿੰਘ)-** ਸ੍ਰੀ ਅਮਰਨਾਥ ਸੇਵਾ ਸਮਿਤੀ ਸੁਜਾਨਪੁਰ-ਮਾਧੋਪੁਰ ਵੱਲੋਂ ਮਾਧੋਪੁਰ ਨੇੜੇ ਪੀਰ ਬਾਬਾ ਮਿਰਜ਼ਾਪੁਰ ਕੁੱਲੀਆਂ ਵਿਖੇ ਅਮਰਨਾਥ ਯਾਤਰੀਆਂ ਲਈ ਵਿਸ਼ਾਲ ਭੰਡਾਰੇ (ਲੰਗਰ) ਦਾ ਆਯੋਜਨ ਕੀਤਾ ਗਿਆ। ਇਸ ਵਿਸ਼ਾਲ ਭੰਡਾਰੇ ਦੀ ਸ਼ੁਰੂਆਤ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਰਿਬਨ ਕੱਟ ਕੇ ਅਤੇ ਮਹਾਦੇਵ ਸ਼ਿਵ ਸ਼ੰਕਰ ਦੀ ਪੂਜਾ ਕਰਕੇ ਕੀਤੀ ਗਿਆ।ਇਸ ਮੌਕੇ ਉਨਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੁਜਾਨਪੁਰ ਹਲਕਾ ਇੰਚਾਰਜ ਅਮਿਤ ਮੰਟੂ ਵੀ ਹਾਜ਼ਰ ਸਨ।ਇਸ ਮੌਕੇ ਸ੍ਰੀ ਅਮਰਨਾਥ ਸੇਵਾ ਸਮਿਤੀ ਸੁਜਾਨਪੁਰ-ਮਾਧੋਪੁਰ ਦੇ ਪ੍ਰਧਾਨ ਅਤੇ ਅਯੋਜਕਾਂ ਨੂੰ ਵੀ ਸਨਮਾਨਿਤ ਕੀਤਾ।ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਅਮਰਨਾਥ ਸੇਵਾ ਸਮਿਤੀ ਵੱਲੋਂ ਹਰ ਸਾਲ ਇੱਥੇ ਅਮਰਨਾਥ ਯਾਤਰੀਆਂ ਲਈ ਲੰਗਰ ਲਗਾਇਆ ਜਾਂਦਾ ਹੈ, ਜੋ ਇਸ ਬਾਰ ਵੀ ਲਗਾਇਆ ਗਿਆ ਹੈ।ਉਨ੍ਹਾਂ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇੰਨੇ ਵੱਡੇ ਲੰਗਰ ਦਾ ਇੰਤਜ਼ਾਮ ਕਰਨਾ ਬਹੁਤ ਵੱਡਾ ਉਪਰਾਲਾ ਹੈ ਅਤੇ ਇਸ ਲੰਗਰ ਨੂੰ ਇੱਕ ਮਹੀਨਾ ਚਲਾਉਣਾ ਸ਼ਲਾਘਾਯੋਗ ਕੰਮ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ



ਯਾਤਰੀਆਂ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਪੰਜਾਬ ਪੁਲਸ ਪੂਰੀ ਤਰ੍ਹਾਂ ਮੁਸਤੈਦ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਅੰਦਰ ਸੁਰੱਖਿਆ ਦੀ ਖੁਦ ਫੀਡਬੈਕ ਲਈ ਜਾਂਦੀ ਹੈ ਅਤੇ ਉਹ ਆਪ ਵੀ ਇਸ ਨੂੰ ਦੇਖ ਰਹੇ ਹਨ। ਉਨ੍ਹਾਂ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਉਨਾਂ ਦੀ ਕਠਿਨ ਯਾਤਰਾ ਸੁਖਦ ਅਤੇ ਸਫਲਤਾ ਪੂਰਵਕ ਨੇਪਰੇ ਚੜ੍ਹਨ ਦੀ ਕਾਮਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਬਰਫਾਨੀ ਭੋਲੇ ਸ਼ੰਕਰ ਦੇ ਦਰਸ਼ਨ ਕਰਨ ਨਾਲ ਯਾਤਰੀਆਂ ਦੀਆਂ ਇੱਛਾਵਾਂ ਜ਼ਰੂਰ ਪੂਰੀਆਂ ਹੋਣਗੀਆਂ। ਉਹਨਾਂ ਨੇ ਕਿਹਾ ਕਿ ਸ਼ਰਧਾਲੂਆਂ ਲਈ ਪੰਜਾਬ ਅਤੇ ਦੇਸ਼ ਪੱਧਰ ਤੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਉਹ ਹਰ ਸਾਲ ਸੇਵਾ ਸਮਿਤੀ ਵੱਲੋਂ ਲਗਾਏ ਜਾਂਦੇ ਲੰਗਰ ਵਿੱਚ ਸ਼ਾਮਿਲ ਹੁੰਦੇ ਹਨ।ਇਸ ਮੌਕੇ ਹਲਕਾ ਇੰਚਾਰਜ ਅਮਿਤ ਮੰਟੂ ਨੇ ਸ੍ਰੀ ਅਮਰਨਾਥ ਸੇਵਾ ਸਮਿਤੀ ਸੁਜਾਨਪੁਰ-ਮਾਧੋਪੁਰ ਦੇ ਪ੍ਰਧਾਨ ਕੇ ਕੇ ਮਹਾਜਨ ਅਤੇ ਉਨ੍ਹਾਂ ਦੀ ਸਮਿਤੀ ਦੇ ਮੈਂਬਰਾਂ, ਸਹਿਯੋਗੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਲੰਗਰ ਅਮਰਨਾਥ ਯਾਤਰੀਆਂ ਲਈ 24 ਘੰਟੇ ਖੁੱਲ੍ਹਾ ਹੈ। ਉਨ੍ਹਾਂ ਨੇ ਕਿਹਾ ਕਿ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਹਰ ਸਾਲ ਇਸ ਲੰਗਰ ਵਿੱਚ ਸ਼ਾਮਿਲ ਹੋ ਕੇ ਇਸ ਭੰਡਾਰੇ ਦੀ ਸ਼ੁਰੂਆਤ ਕਰਦੇ ਹਨ।ਉਨ੍ਹਾਂ ਕਿਹਾ ਕਿ ਬਾਬੇ ਭੋਲੇ ਸ਼ੰਕਰ ਦੀ ਬਹੁਤ ਕਿਰਪਾ ਹੈ, ਜੋ ਇਹ ਸੰਸਥਾ ਹਰ ਸਾਲ ਇੱਥੇ ਲੰਗਰ ਲਗਾਉਂਦੀ ਆ ਰਹੀ ਹੈ।

# ਰਵਾਇਤੀ ਪਾਰਟੀਆਂ ਨੂੰ ਅਲਵਿਦਾ ਆਖ ਕੇ ਤੀਹ ਪਰਿਵਾਰ ਕਾਂਗਰਸ ਪਾਰਟੀ 'ਚ ਸ਼ਾਮਲ

**ਰਈਆ (ਡੀ. ਕੇ. ਰੈਡੀ)—** ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਸਰਾਂ ਤਲਵੰਡੀ ਵਿਖੇ ਕਾਂਗਰਸ ਪਾਰਟੀ ਅਤੇ ਸ: ਸੰਤੋਖ ਸਿੰਘ ਭਲਾਈਪੁਰ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਸਾਬਕਾ ਸਰਪੰਚ ਜੋਗਿੰਦਰ ਸਿੰਘ ਦੇ ਗ੍ਰਹਿ



ਵਿਖੇ ਉਨ੍ਹਾਂ ਦੇ ਪੋਤਰੇ ਰਣਤਾਰ ਸਿੰਘ ਅਤੇ ਨੂੰਹ ਦਲਬੀਰ ਕੌਰ ਅਤੇ ਡਾ: ਪਰਮਜੀਤ ਸਿੰਘ, ਡਾ. ਰਣਜੀਤ ਸਿੰਘ ਦੀ ਮਿਹਨਤ ਸਦਕਾ ਪਿੰਡ ਸਰਾਂ ਤਲਵੰਡੀ ਦੇ 30 ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ।ਇਸ ਮੌਕੇ ਸਾਬਕਾ ਵਿਧਾਇਕ ਸ: ਸੰਤੋਖ ਸਿੰਘ ਭਲਾਈਪੁਰ ਨੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਲੋਕਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਗੁਰਇਕਬਾਲ ਸਿੰਘ ਕੰਗ, ਜੁਗਰਾਜ ਸਿੰਘ ਸੋਨੂ, ਦਲਜੀਤ ਕੌਰ, ਡਾ: ਪਰਮਜੀਤ ਸਿੰਘ, ਡਾ: ਰਣਜੀਤ ਸਿੰਘ, ਮੈਨੇਜਰ ਬਲਵਿੰਦਰ ਸਿੰਘ ਪੰਧ ਵਾਲੇ, ਆਜ਼ਾਦ ਬੁਟਾਰੀ, ਲਖਵਿੰਦਰ ਸਿੰਘ ਭਿੰਡਰ, ਬਿੰਦ ਫੌਜੀ, ਬਲਜਿੰਦਰ ਜਸਪਾਲ, ਪ੍ਰਗਟ ਸਿੰਘ ਮੈਂਬਰ, ਰਣਜੀਤ ਸਿੰਘ ਮੈਂਬਰ, ਤਰਸੇਮ ਸਿੰਘ, ਮੈਂਬਰ ਸਰਬਜੀਤ ਸਿੰਘ, ਸਰਪੰਚ ਪਰਮਜੀਤ ਸਿੰਘ, ਮੰਗਲ ਸਿੰਘ, ਦਲਬੀਰ ਸਿੰਘ ਫੌਜੀ, ਹਰਪ੍ਰੀਤ ਕੌਰ, ਦਲਬੀਰ ਕੌਰ, ਹਰਜੀਤ ਕੌਰ, ਹਰਪਾਲ ਸਿੰਘ, ਲਾਭ ਸਿੰਘ, ਸੰਤੋਖ ਸਿੰਘ, ਸਰਵਣ ਸਿੰਘ, ਬਿੱਟਾ, ਕੇਵਲ, ਗੁਰਜੰਟ ਸਿੰਘ, ਗੁਰਮੁਖ ਸਿੰਘ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।ਸਾਬਕਾ ਵਿਧਾਇਕ ਸ: ਸੰਤੋਖ ਸਿੰਘ ਭਲਾਈਪੁਰ ਨੇ ਕਿਹਾ ਕਿ ਦਲਜੀਤ ਕੌਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਕਾਂਗਰਸ ਪਾਰਟੀ 'ਚ ਆਉਣ ਕਰਕੇ ਪਾਰਟੀ ਹੋਰ ਮਜ਼ਬੂਤ ਹੋਈ ਹੈ, ਉਨ੍ਹਾਂ ਕਿਹਾ ਕਿ ਪਾਰਟੀ 'ਚ ਆਉਣ ਵਾਲੇ ਹਰ ਇਕ ਆਗੂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

# ਬਾਬਾ ਅਜੈ ਸਿੰਘ ਖਾਲਸਾ ਸਕੂਲ ਗੁਰਦਾਸਨੰਗਲ ਵਿਖੇ ਵਣ-ਮਹਾਂਉਤਸਵ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿਖੇ ਪ੍ਰਿੰਸੀਪਲ ਸਰਬਜੀਤ ਕੌਰ ਦੀ ਅਗਵਾਈ ਹੇਠ ਵਣ-ਮਹਾਂਉਤਸਵ ਮਨਾਇਆ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਕਿਹਾ ਦਿਨ-ਬ-ਦਿਨ ਪਲੀਤ ਹੋ ਰਹੇ ਵਾਤਾਵਰਣ ਅਤੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਵਧੇਰੇ ਰੁੱਖ ਲਗਾਉਣ ਦੀ ਲੋੜ ਹੈ। ਹਰ ਮਨੁੱਖ ਨੂੰ ਇਕ ਇਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਰੁੱਖ ਲਗਾਉਣ ਨਾਲ ਜਿੱਥੇ ਵਾਤਾਵਰਣ ਸ਼ੁੱਧ ਰਹਿੰਦਾ ਹੈ, ਉੱਥੇ ਕਈ ਬਿਮਾਰੀਆਂ ਤੋਂ ਸਾਨੂੰ ਨਿਜਾਤ ਮਿਲਦੀ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਵਿੱਚ ਵਧੇਰੇ ਯੋਗਦਾਨ ਪਾਉਣ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸਕੂਲ ਦੇ ਖੁੱਲ੍ਹੇ ਵਿਹੜੇ ਅਤੇ ਮੈਦਾਨਾਂ ਵਿੱਚ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਗਏ।

# ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣਾ ਅਧਿਕਾਰਾਂ ਤੋਂ ਬਾਹਰੀ ਕਾਰਵਾਈ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿੱਚ ਦੁਬਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਖ਼ਾਲਸਾ ਪੰਥ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ।ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਨ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ।ਉਨ੍ਹਾਂ ਕਿਹਾ ਕਿ ਬੇਸ਼ਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਪੰਥਕ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਮਿਲ ਕੇ ਬੈਠਣ ਅਤੇ ਫੈਸਲੇ ਲੈਣ ਦੀ ਲੰਬੀ ਇਤਿਹਾਸਕ ਪ੍ਰੰਪਰਾ ਰਹੀ ਹੈ।ਇਹੀ ਪ੍ਰੰਪਰਾ ਸਿੱਖ ਕੌਮ ਨੂੰ ਦੁਨੀਆ ਵਿੱਚ ਉਭਾਰਦੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਦੂਜੇ ਤਖ਼ਤ ਸਾਹਿਬਾਨ ਤੋਂ ਹੀ ਚੁਣੌਤੀ ਦਿੱਤੀ ਜਾਣ ਲੱਗ ਪਈ ਤਾਂ ਇਹ ਸਿੱਖ ਪਰੰਪਰਾਵਾਂ ਦੀ ਮਰਿਆਦਾ ਅਤੇ ਅਮੀਰੀ ਨੂੰ ਸੱਟ ਮਾਰਨ ਤੋਂ ਘੱਟ ਨਹੀਂ ਮੰਨੀ ਜਾ ਸਕਦੀ।ਉਨ੍ਹਾਂ ਆਖਿਆ ਕਿ ਮੌਜੂਦਾ ਮਾਮਲੇ ਦੇ ਸੰਬੰਧ ਵਿੱਚ ਮਿਲ ਬੈਠ ਕੇ ਹੱਲ ਵੱਲ ਤੁਰਨਾ ਚਾਹੀਦਾ ਹੈ, ਤਾਂ ਜੋ ਕੌਮ ਅੰਦਰ ਦਿਸ ਰਹੇ ਟਕਰਾਅ ਦੀ ਥਾਂ 'ਤੇ ਸਿੱਖ ਸ਼ਕਤੀ ਨੂੰ ਕੌਮੀ ਹਿਤਾਂ, ਕੌਮ ਦੀ ਚੜ੍ਹਦੀ ਕਲਾ ਅਤੇ ਸਿੱਖੀ ਪ੍ਰਚਾਰ ਲਈ ਵਰਤਿਆ ਜਾ ਸਕੇ।

# 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ ਡਾ. ਰਾਘਵ ਗੁਪਤਾ ਅਤੇ ਡਾ. ਅਵਲੀਨ ਕੌਰ ਦੀ ਰਹਿਨੁਮਾਈ ਹੇਠ ਅਤੇ ਸੀਨੀਅਰ ਮੈਡੀਕਲ ਅਫ਼ਸਰ ਖੇਮਕਰਨ ਡਾ. ਰਮਨਦੀਪ ਸਿੰਘ ਪੱਡਾ ਦੀ ਯੋਗ ਅਗਵਾਈ ਹੇਠ ਸੀਐੱਚਸੀ ਖੇਮਕਰਨ ਵਿਖੇ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਤਹਿਤ ਖੇਮਕਰਨ ਵਿਖੇ ਡੇਂਗੂ ਮਲੇਰੀਆ ਤੇ ਚਿਕਨਗੁਨੀਆ ਬੁਖਾਰ ਸੰਬੰਧੀ ਜਾਣਕਾਰੀ ਦਿੱਤੀ ਗਈ ਜਿਸ ਨੂੰ ਸੰਬੋਧਨ ਕਰਦਿਆ ਐੱਸ. ਆਈ. ਜੁਗਰਾਜ ਸਿੰਘ ਨੇ ਦੱਸਿਆ ਕਿ ਡੇਂਗੂ ਬੁਖਾਰ ਇਕ ਵਾਇਰਲ ਬੁਖਾਰ ਹੈ। ਮਾਦਾ ਏਡੀਜ਼ ਐਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਅਤੇ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ। ਇਹ ਮੱਛਰ ਘਰਾਂ ਵਿੱਚ ਲੱਗੇ ਕੂਲਰਾਂ, ਫਰਿੱਜਾਂ ਦੀਆਂ ਟਰੇਆਂ, ਪਾਣੀ ਵਾਲੇ ਗਮਲਿਆਂ, ਟੁੱਟੇ ਪੁਰਾਣੇ ਟਾਇਰਾਂ ਵਿੱਚ ਇਕੱਠਾ ਹੁੰਦਾ ਹੈ। ਇਸ ਲਈ ਸਾਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਹਫਤੇ ਵਿੱਚ ਇੱਕ ਵਾਰ ਸਾਫ ਸਫਾਈ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਜੋ ਮੱਛਰ ਦੇ ਲਾਰਵੇ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਇਸ ਤੋਂ ਬਚਾਅ ਵਾਸਤੇ ਗੁਰਵਿੰਦਰ ਸਿੰਘ ਬੀਈਈ ਨੇ ਦੱਸਿਆ ਕਿ ਸਾਨੂੰ ਘਰਾਂ ਨੂੰ ਜਾਲੀਦਾਰ ਦਰਵਾਜ਼ੇ, ਮੱਛਰ ਭਜਾਊ ਕਰੀਮਾਂ, ਛੱਪੜਾਂ ਵਿੱਚ ਕਾਲੇ ਤੇਲ ਦਾ ਛਿੜਕਾਅ, ਗੰਬੂਜੀਆ ਮੱਛੀਆਂ ਪਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਜੁਗਰਾਜ ਸਿੰਘ, ਗੁਰਵਿੰਦਰ ਸਿੰਘ, ਅਮਰ ਸਿੰਘ ਤੇ ਜਗਰੂਪ ਸਿੰਘ ਬਰੀਡਿੰਗ ਚੈੱਕਰ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਬਲਾਕ ਪੱਟੀ ਦੀ ਚੋਣ ਸੰਪੰਨ

**ਪੱਟੀ (ਬਲਦੇਵ ਸਿੰਘ ਸੰਧੂ)-** ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਬਲਾਕ ਪੱਟੀ ਦੀ ਜ਼ਰੂਰੀ ਮੀਟਿੰਗ ਗੁਰਦੁਆਰਾ ਬਾਬਾ ਚਰਨ ਦਾਸ ਜੀ ਮੋੜ ਚੂਸਲੇਵੜ ਪੱਟੀ ਵਿਖੇ ਹੋਈ ਜਿਸ ਵਿੱਚ ਬਲਾਕ ਪੱਟੀ ਦੀਆਂ ਆਂਗਣਵਾੜੀ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਇਸ ਮੀਟਿੰਗ ਨੂੰ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜ਼ਿਲ੍ਹਾ ਪ੍ਰਧਾਨ ਅਨੂਪ ਕੌਰ ਬਲੇਰ ਜ਼ਿਲ੍ਹਾ



ਮੀਤ ਪ੍ਰਧਾਨ ਵਰਿੰਦਰ ਕੌਰ ਕੰਬੋਕੇ ਅਤੇ ਬਲਾਕ ਭਿੱਖੀਵਿੰਡ ਦੀ ਪ੍ਰਧਾਨ ਗੁਰਜੀਤ ਕੌਰ ਸਾਂਡਪੁਰਾ ਨੇ ਸੰਬੋਧਨ ਕਰਦਿਆਂ ਆਂਗਣਵਾੜੀ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਮੁਸੀਬਤਾਂ ਸਬੰਧੀ ਜਾਣੂ ਕਰਵਾਇਆਂ ।ਉਨ੍ਹਾਂ ਦੱਸਿਆ ਕਿ ਜਥੇਬੰਦਕ ਚੋਣ ਕਰਨ ਸਮੇਂ ਪਿਛਲੇ ਕੀਤੇ ਕੰਮਾਂ ਦਾ ਲੇਖਾ-ਜੋਖਾ ਕੀਤਾ ਜਾਂਦਾ, ਸੰਘਰਸ਼ਾਂ ਦੀ ਪੜਚੋਲ ਕੀਤੀ ਜਾਂਦੀ ਹੈ ਤਾਂ ਜੋ ਵਰਕਰਾਂ ਵਿੱਚ ਉਤਸ਼ਾਹ ਪੈਦਾ ਹੋ ਸਕੇ।ਜ਼ਿਲ੍ਹਾ ਪ੍ਰਧਾਨ ਅਨੂਪ ਕੌਰ ਬਲੇਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਸੂਬਾ ਕਮੇਟੀ ਵੱਲੋਂ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਵਾਸਤੇ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਹਿੱਸਾ ਲੈਣ ਦੇ ਦਿੱਤੇ ਸੱਦੇ ਤਹਿਤ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀਆਂ ਵਰਕਰਾਂ ਹੜਤਾਲ ਵਿੱਚ ਜ਼ੋਰ-ਸ਼ੋਰ ਨਾਲ ਸ਼ਾਮਿਲ ਹੋਣਗੀਆਂ।ਮੀਟਿੰਗ ਦੇ ਅਖੀਰ ਵਿੱਚ ਬਲਾਕ ਪੱਟੀ ਦੀ ਚੋਣ ਕਰਵਾਈ ਗਈ ਜਿਸ ਵਿੱਚ ਪ੍ਰਧਾਨ ਬਲਵਿੰਦਰ ਕੌਰ ਘਰਿਆਲਾ, ਵਾਈਸ ਪ੍ਰਧਾਨ ਮਨਜਿੰਦਰ ਕੌਰ ਤਲਵੰਡੀ ਮੁਤਸੱਦਾ ਸਿੰਘ (ਚਾਨਚੱਕ), ਸਕੱਤਰ ਮਨਜਿੰਦਰ ਕੌਰ ਘਰਿਆਲੀ, ਮੀਤ ਸਕੱਤਰ ਕੰਵਲਜੀਤ ਕੌਰ ਤਲਵੰਡੀ ਬੁੱਧ ਸਿੰਘ, ਵਿੱਤ ਸਕੱਤਰ ਮਨਜੀਤ ਰਾਣੀ ਘਰਿਆਲਾ, ਸਰਕਲ ਘਰਿਆਲਾ ਅਤੇ ਸਲਾਹਕਾਰ ਲਖਬੀਰ ਕੌਰ ਚੁਣੇ ਗਏ।

# ਕਟਾਰੂਚੱਕ ਨੇ ਹੁਨਰਮੰਦ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ

**ਪਠਾਨਕੋਟ (ਦਵਿੰਦਰ ਸਿੰਘ)-** ਪੰਜਾਬ ਹੁਨਰ ਵਿਕਾਸ ਯੋਜਨਾ ਤਹਿਤ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੇ ਅੰਦਰ ਲੜਕੀਆਂ ਨੂੰ ਸਕਿੱਲ ਡਿਵੈਲਪਮੈਂਟ ਦੇ ਪੱਖ




ਤੋਂ ਕੋਰਸ ਕਰਵਾਏ ਜਾਂਦੇ ਹਨ ਉਸ ਤਹਿਤ ਤਾਰਾਗੜ੍ਹ ਵਿਖੇ ਮੇਕਅੱਪ ਆਰਟਿਸਟ ਦਾ ਕੋਰਸ ਮੁਕੰਮਲ ਹੋਣ ਤੇ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਹਨ।ਇਹ ਪ੍ਰਗਟਾਵਾ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਤਾਰਾਗੜ੍ਹ ਵਿਖੇ ਆਯੋਜਿਤ ਸਮਾਰੋਹ ਦੌਰਾਨ ਲੜਕੀਆਂ ਨੂੰ ਸਰਟੀਫਿਕੇਟ ਵੰਡਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਪਠਾਨਕੋਟ, ਖੁਸ਼ਬੀਰ ਕਾਟਲ, ਸਤੀਸ਼ ਸੈਣੀ, ਪ੍ਰਭਾਤ ਸਿੰਘ, ਆਂਚਲ ਟ੍ਰੇਨਰ, ਨੀਤੂ ਟ੍ਰੇਨਰ, ਰੋਜ਼ੀ ਸੈਣੀ ਸਰਪੰਚ ਤਾਰਾਗੜ੍ਹ, ਪ੍ਰਦੀਪ ਬੈਂਸ ਡਿਸਟ੍ਰਿਕ ਮੈਨੇਜਰ ਸਕਿੱਲ ਡਵੈਲਪਮੈਂਟ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਉਨ੍ਹਾਂ ਲੜਕੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਹਨ ਜਿਨ੍ਹਾਂ ਨੇ ਮੇਕਅੱਪ ਆਰਟਿਸਟ ਦਾ ਕੋਰਸ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮਾਣ ਦੀ ਗੱਲ ਹੈ ਜਦੋਂ ਕਿਸੇ ਬੇਟੀ ਕੋਲ ਅਜਿਹਾ ਕੋਰਸ ਦਾ ਸਰਟੀਫਿਕੇਟ ਹੁੰਦਾ ਤੇ ਉਹ ਕਿਸੇ ਵੀ ਇੰਸਟੀਚਿਊਟ ਅੰਦਰ ਰੁਜ਼ਗਾਰ ਮਿਲ ਸਕਦਾ ਹੈ ਜਾਂ ਆਪਣਾ ਸਵੈ ਰੁਜ਼ਗਾਰ ਵੀ ਸ਼ੁਰੂ ਕਰ ਸਕਦੀ ਹੈ।ਉਨ੍ਹਾਂ ਦੱਸਿਆ ਕਿ ਇਸੇ ਹੀ ਤਰ੍ਹਾਂ ਇੱਕ ਹੋਰ ਕੋਰਸ ਲੜਕੀਆਂ ਦਾ ਬਮਿਆਲ ਵਿੱਚ ਵੀ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੜਕੀਆਂ ਵੱਲੋਂ ਇੱਕ ਮੰਗ ਵੀ ਰੱਖੀ ਗਈ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਇੱਕ ਹੋਰ ਕੋਰਸ ਇੱਥੇ ਕਰਵਾਇਆ ਜਾਵੇ ਅਤੇ ਉਹ ਭਰੋਸਾ ਦਿੰਦੇ ਹਨ ਕਿ ਲੜਕੀਆਂ ਦੇ ਲਈ ਇੱਕ ਹੋਰ ਕੋਰਸ ਇੱਥੇ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਅੰਦਰ ਸਕਿੱਲ ਡਿਵੈਲਪਮੈਂਟ ਦੇ ਕੋਰਸ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਬੱਚੀਆਂ ਨੂੰ ਅਪੀਲ ਹੈ ਕਿ ਇਨ੍ਹਾਂ ਕੋਰਸਾਂ ਤੋਂ ਲਾਭ ਪ੍ਰਾਪਤ ਕਰਨ।

# ਫਰੀਡਮ ਫਾਈਟਰ ਪਰਿਵਾਰਾਂ ਵੱਲੋਂ ਐੱਸਜੀਪੀਸੀ ਚੋਣਾਂ 'ਚ ਹਿੱਸਾ ਲੈਣ ਸੰਬੰਧੀ ਵਿਚਾਰ-ਵਟਾਂਦਰਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਫਰੀਡਮ ਫਾਈਟਰ ਪਰਿਵਾਰਾਂ ਦੀ ਇਕ ਜ਼ਰੂਰੀ ਮੀਟਿੰਗ ਰੰਧਾਵਾ ਪੈਲੇਸ ਕਾਦੀਆਂ ਰੋਡ ਬਟਾਲਾ ਵਿਖੇ ਬਖਤਾਵਰ ਸਿੰਘ ਲਾਧੂਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 60 ਤੋਂ ਵੱਧ ਪਰਿਵਾਰਾਂ ਦੇ ਆਸ਼ਰਿਤ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਇਸ ਗੱਲ 'ਤੇ ਵਿਚਾਰ ਚਰਚਾ ਹੋਈ ਕਿ ਐੱਸਜੀਪੀਸੀ ਦੀਆਂ ਆ ਰਹੀਆਂ ਚੋਣਾਂ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਨੂੰ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਦੇ ਵਿਚਾਰ ਸਨ ਕਿ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਅਤੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਫਰੀਡਮ ਫਾਈਟਰਾਂ ਦਾ ਵੱਡਾ ਯੋਗਦਾਨ ਸੀ, ਇਸ ਕਰਕੇ ਮੌਜੂਦਾ ਸਮੇਂ ਵਿੱਚ ਵੀ ਗੁਰਦੁਆਰਿਆਂ ਵਿੱਚ ਬਹੁਤ ਸੁਧਾਰਾਂ ਦੀ ਲੋੜ ਹੈ। ਇਸ ਮੌਕੇ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਨੇ ਕਿਹਾ ਕਿ ਨਿਘਾਰ ਨੂੰ ਖਤਮ ਕਰਨ ਵਾਸਤੇ ਫਰੀਡਮ ਫਾਈਟਰ ਪਰਿਵਾਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਐੱਸਜੀਪੀਸੀ ਦੀਆਂ ਆ ਰਹੀਆਂ ਇਲੈਕਸ਼ਨਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਬਾਕੀ ਜ਼ਿਲ੍ਹਿਆਂ ਦੀਆਂ ਕਮੇਟੀਆਂ ਅਤੇ ਭਰਾਤਰੀ ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਅੰਤਿਮ ਫੈਸਲਾ ਲਿਆ ਜਾਵੇਗਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਸੁਲੱਖਣ ਸਿੰਘ ਗੁਰਾਇਆ, ਲੱਕੀ ਰੰਧਾਵਾ, ਅਮਰਜੀਤ ਸਿੰਘ ਰੰਧਾਵਾ, ਤਰਲੋਕ ਸਿੰਘ ਝੰਗੀ, ਅਮਰੀਕ ਸਿੰਘ ਬਾਲੇਵਾਲ, ਹਰਜਿੰਦਰ ਸਿੰਘ, ਦਲਬੀਰ ਸਿੰਘ ਡੁਗਰੀ, ਸਰਵਣ ਸਿੰਘ ਮਾਨ, ਸੁਖਦੇਵ ਸਿੰਘ ਬੁੱਟਰ, ਜਸਵੰਤ ਸਿੰਘ ਅਠਵਾਲ, ਪਾਲ ਸਿੰਘ, ਨਾਨਕ ਸਿੰਘ, ਚਰਨ ਸਿੰਘ, ਜਸਬੀਰ ਸਿੰਘ, ਰਤਨ ਸਿੰਘ, ਅਰਜਨ ਸਿੰਘ, ਹਰਭਜਨ ਸਿੰਘ, ਬਲਕਰਨ ਸਿੰਘ, ਬਲਜੀਤ ਕੌਰ, ਮਨਪ੍ਰੀਤ ਕੌਰ, ਬਲਵੰਤ ਸਿੰਘ, ਸਤਨਾਮ ਸਿੰਘ ਮੇਹੜੇ, ਰਣਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਫਰੀਡਮ ਫਾਈਟਰਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# 16ਵੇਂ ਸਾਲਾਨਾ ਮਹਾਨ ਗੁਰਮਤਿ ਸਮਾਗਮ 'ਤੇ 5ਵਾਂ ਖ਼ੂਨਦਾਨ ਕੈਂਪ ਲਗਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਧਰਮਕੋਟ ਰੰਧਾਵਾ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਐਡਵੋਕੇਟ ਬਲਰਾਜ ਸਿੰਘ ਰੰਧਾਵਾ ਦੇ ਪਰਿਵਾਰ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਛੇਵੀਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 16ਵਾਂ ਸਾਲਾਨਾ ਮਹਾਨ ਗੁਰਮਤਿ ਸਮਾਗਮ ਬੜੀ ਧੂਮਧਾਮ ਤੇ ਸ਼ਰਧਾ ਨਾਲ ਕਰਵਾਇਆ ਗਿਆ।ਇਸ ਗੁਰਮਤਿ ਸਮਾਗਮ ਮੌਕੇ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਮਹਾਂਪੁਰਖ ਬਾਬਾ ਅਵਤਾਰ ਸਿੰਘ ਧੱਤਲਾਂ ਵਾਲੇ, ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਕਥਾਵਾਚਕ, ਭਾਈ ਇੰਦਰਦੀਪ ਸਿੰਘ ਰਾਗੀ ਜਥਾ ਅੰਮ੍ਰਿਤਸਰ ਵਾਲੇ, ਭਾਈ ਗੁਰਪ੍ਰਤਾਪ ਸਿੰਘ ਸੁੱਘਾ ਢਾਡੀ ਜਥਾ, ਸ਼ਬਦ ਪ੍ਰਕਾਸ਼ ਅਕੈਡਮੀ ਧਰਮਕੋਟ ਰੰਧਾਵਾ ਵਿਦਿਆਰਥੀ ਕੀਰਤਨੀ ਜਥਾ ਸਮੇਤ ਵੱਖ-ਵੱਖ ਢਾਡੀ ਜਥਿਆਂ ਨੇ ਆਪਣੀਆਂ ਵਾਰਾਂ ਰਾਹੀਂ ਗੁਰੂ ਮਹਾਰਾਜ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਕੇ. ਵੀ. ਆਈ. ਬਲੱਡ ਬੈਂਕ ਮਜੀਠਾ ਰੋਡ ਅੰਮ੍ਰਿਤਸਰ ਵਾਲਿਆਂ ਵੱਲੋਂ ਖ਼ੂਨਦਾਨ ਕੈਂਪ



ਲਗਾਇਆ ਤੇ ਪ੍ਰਬੰਧਕਾਂ ਵੱਲੋਂ ਪੌਦਿਆਂ ਦਾ ਲੰਗਰ ਵੀ ਲਗਾਇਆ ਗਿਆ।ਇਸ ਮੌਕੇ ਸੰਗਤਾਂ ਲਈ ਗੁਰੂ ਕਾ ਅਟੁੱਟ ਲੰਗਰ ਵੀ ਲਗਾਇਆ ਗਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਡਵੋਕੇਟ ਬਲਰਾਜ ਸਿੰਘ ਰੰਧਾਵਾ ਤੇ ਊਧਮ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਹਰਜਿੰਦਰ ਸਿੰਘ ਅਨੰਦ ਦੀ ਮਿਠੀ ਯਾਦ ਵਿੱਚ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ ।ਇਸ ਮੌਕੇ ਡੇਰਾ ਬਾਬਾ ਨਾਨਕ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਅਸ਼ੋਕ ਕੁਮਾਰ ਗੋਗੀ, ਸਰਬਜੀਤ ਸਿੰਘ ਰੀਡਰ ਐਸਡੀਐੱਮ ਡੇਰਾ ਬਾਬਾ ਨਾਨਕ, ਬਿੱਟੂ ਪੂੰਨੀ, ਡਾਕਟਰ ਮਨਮੋਹਨ ਸਿੰਘ ਭੱਟੀ, ਨੰਬਰਦਾਰ ਸਤਨਾਮ ਸਿੰਘ ਰੱਤੜ-ਛੱਤੜ, ਧਰਮਿੰਦਰ ਸਿੰਘ ਨਕਸ਼ਾ ਨਵੀਸ, ਐਡਵੋਕੇਟ ਰਾਜਨ ਬੇਦੀ, ਸੁਪਰਡੈਂਟ ਰਸ਼ਪਾਲ ਸਿੰਘ, ਮੁਖਤਾਰ ਸਿੰਘ ਪਟਵਾਰੀ, ਇੰਦਰਜੀਤ ਸਿੰਘ ਪ੍ਰਧਾਨ ਪਟਵਾਰ ਯੂਨੀਅਨ ਡੇਰਾ ਬਾਬਾ ਨਾਨਕ, ਹਰਪ੍ਰੀਤ ਸਿੰਘ ਫੌਜੀ, ਮਨੋਜ ਕੁਮਾਰ ਧਰਮਕੋਟ ਰੰਧਾਵਾ, ਥਾਣੇਦਾਰ ਫਤਿਹ ਸਿੰਘ, ਅਮਰਬੀਰ ਸਿੰਘ, ਸੁਖਰਾਜ ਸਿੰਘ, ਰਤਨ ਸਿੰਘ, ਅਸ਼ਟਾਮ ਫਰੋਸ਼ ਸੋਹਲ, ਗੁਰਭੇਜ ਸਿੰਘ, ਅਕਾਸ਼ਦੀਪ ਸਿੰਘ, ਅਗਮਪ੍ਰੀਤ ਸਿੰਘ ਰੰਧਾਵਾ, ਹਰਅਦਬ ਸਿੰਘ ਰੰਧਾਵਾ, ਸਾਬ ਸਿੰਘ, ਸੁਰਜੀਤ ਸਿੰਘ ਅਤੇ ਸਮੂਹ ਸਾਧ ਸੰਗਤਾਂ ਹਾਜ਼ਰ ਸਨ ।

# ਧੰਨ-ਧੰਨ ਭਗਤ ਸੈਣ ਜੀ ਦੇ ਵਿਆਹ ਪੁਰਬ ਸੰਬੰਧੀ ਸਾਲਾਨਾ ਜੋੜ ਮੇਲਾ ਲੱਗਾ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਜੀ ਪਿੰਡ ਸੋਹਲ ਜ਼ਿਲਾ ਤਰਨਤਾਰਨ ਵਿਖੇ ਧੰਨ ਧੰਨ ਭਗਤ ਸੈਣ ਜੀ ਦੇ ਵਿਆਹ ਪੁਰਬ ਸਬੰਧੀ ਸਾਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਭਾਈ ਤਰਲੋਚਨ ਸਿੰਘ ਸੋਹਲ (ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ) ਦੀ ਅਗਵਾਈ ਹੇਠ ਦੋਵੇਂ ਪੰਚਾਇਤਾਂ ਅਤੇ ਸਮੁੱਚੇ ਨਗਰ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ।ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਭਗਤ ਸੈਣ ਜੀ ਦੇ ਜੀਵਨ ਸਬੰਧੀ ਵਾਰਾਂ ਗਾ ਕੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਉਥੇ ਪੁੱਜੀਆਂ ਪੰਥ ਦੀਆਂ ਸਿਰਮੌਰ ਧਾਰਮਿਕ ਤੇ ਪੰਥਕ ਸ਼ਖਸ਼ੀਅਤਾਂ ਨੂੰ ਭਾਈ ਤਰਲੋਚਨ ਸਿੰਘ ਸੋਹਲ ਤੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗ੍ਰਾਮ ਪੰਚਾਇਤ ਪਿੰਡ ਸੋਹਲ ਦੇ ਸਰਪੰਚ ਰਣਜੋਧ ਸਿੰਘ ਅਤੇ ਗ੍ਰਾਮ ਪੰਚਾਇਤ ਪਿੰਡ ਸੈਣ ਭਗਤ ਸੋਹਲ ਸਰਪੰਚ ਗੁਰਦੇਵ ਸਿੰਘ ਫੌਜੀ, ਪੰਚਾਇਤ ਮੈਂਬਰ ਮੋਹਤਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਵੀ ਹਾਜ਼ਰ ਸਨ। ਪਹਿਲੇ ਦਿਨ 3



ਜੁਲਾਈ ਨੂੰ ਰਾਤ 7 ਵਜੇ ਤੋਂ 10 ਵਜੇ ਤੱਕ ਕਥਾ ਤੇ ਕੀਰਤਨ ਅਤੇ ਗੁਰਦੁਆਰਾ ਸਹਿਬ ਵਿਖੇ ਭਾਰੀ ਦੀਪਮਾਲਾ ਕੀਤੀ ਗਈ।ਛਬੀਲਾਂ ਅਤੇ ਵੱਖ-ਵੱਖ ਪਕਵਾਨਾਂ ਦੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।ਸ਼ਾਮ ਨੂੰ ਪੰਜਾਬ ਦੀਆਂ ਨਾਮਵਰ ਕਬੱਡੀ ਕਲੱਬ ਦੀਆਂ ਟੀਮਾਂ ਵਿਚਕਾਰ ਕਰਵਾਏ ਗਏ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮ ਨੂੰ ਦਿਲਕਸ਼ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਬੇਰੁਜ਼ਗਾਰ ਅਧਿਆਪਕ ਸਾਂਝਾ ਮੋਰਚਾ ਵੱਲੋਂ ਮੰਗਾਂ ਨੂੰ ਲੈ ਕੇ ਇਕੱਤਰਤਾ

**ਝਬਾਲ (ਹਰਜਿੰਦਰ ਸਿੰਘ ਸੋਨੀ)—**ਬੇਰੁਜ਼ਗਾਰ ਸਾਂਝਾ ਮੋਰਚਾ ਜ਼ਿਲ੍ਹਾ ਤਰਨਤਾਰਨ ਦੀ ਇਕੱਤਰਤਾ ਤਰਨਤਾਰਨ ਵਿਖੇ ਗਾਂਧੀ ਪਾਰਕ ਵਿਚ ਜ਼ਿਲ੍ਹਾ ਪ੍ਰਧਾਨ ਹਰਨੰਦ ਸਿੰਘ ਬੱਲਿਆਂਵਾਲਾ ਦੀ ਅਗਵਾਈ ਹੇਠ ਹੋਈ। ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ ਦੱਸਿਆ ਗਿਆ ਕੇ ਸਿੱਖਿਆ ਵਿਭਾਗ ਵਿੱਚ ਭਰਤੀ ਕੈਲੰਡਰ ਲਾਗੂ ਕਰਨ ਦਾ ਵਾਅਦਾ ਕਰਕੇ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ



ਮਿਆਰੀ ਸੁਧਾਰ ਕਰਨ ਦੇ ਨਾਹਰੇ ਦੇ ਕੇ ਸੱਤਾ ਉੱਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕਰੀਬ ਤਿੰਨ ਸਾਲਾਂ ਦੇ ਆਪਣੇ ਸ਼ਾਸਨ ਕਾਲ ਸਮੇਂ ਮਾਸਟਰ ਕੇਡਰ ਅਤੇ ਲੈਕਚਰਾਰ ਦੀ ਇੱਕ ਵੀ ਨਵੀਂ ਭਰਤੀ ਜਾਰੀ ਨਹੀਂ ਕੀਤੀ, ਬਲਕਿ ਪਿਛਲੀ ਸਰਕਾਰ ਵੇਲੇ ਦੀਆਂ ਜਾਰੀ ਭਰਤੀਆਂ ਨੂੰ ਰੱਦ ਕੀਤਾ ਹੈ ਜਿਸ ਵਿੱਚ ਲੈਕਚਰਾਰ ਦੀਆਂ 343 ਪੋਸਟਾਂ ਵੀ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਆਨੰਦਪੁਰ ਸਾਹਿਬ ਵਿਖੇ 25 ਮਈ ਨੂੰ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਗਿਆ ਸੀ, ਜਿਸ ਵਿੱਚ 5 ਜੂਨ ਨੂੰ ਸਿੱਖਿਆ ਮੰਤਰੀ ਨਾਲ ਮੀਟਿੰਗ ਤਹਿ ਕੀਤੀ ਗਈ ਪਰ ਸਰਕਾਰ ਵੱਲੋਂ ਉਹ ਮੀਟਿੰਗ ਵੀ ਮੁਲਤਵੀ ਕਰ ਦਿੱਤੀ ਗਈ।ਫਿਰ 15 ਜੂਨ ਨੂੰ ਲੁਧਿਆਣਾ ਵਿਖੇ ਸਰਕਾਰ ਖਿਲਾਫ਼ ਧਰਨਾ ਦਿੱਤਾ ਗਿਆ ਜਿਸ ਵਿੱਚ 18 ਜੂਨ ਨੂੰ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਵਾਅਦਾ ਕੀਤਾ ਗਿਆ ਪਰ ਸਰਕਾਰ ਇਸ ਤੋਂ ਵੀ ਭੱਜ ਗਈ।ਬੇਰੁਜ਼ਗਾਰ ਅਧਿਆਪਕਾਂ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ 13 ਜੁਲਾਈ ਨੂੰ ਮੁੱਖ ਮੰਤਰੀ ਦੀ ਕੋਠੀ ਦਾ ਵੱਡੇ ਪੱਧਰ 'ਤੇ ਘਿਰਾਓ ਕੀਤਾ ਜਾਵੇਗਾ।ਜੇਕਰ ਫਿਰ ਵੀ ਸਰਕਾਰ ਨਾ ਮੰਨੀ ਤਾਂ ਤਰਨਤਾਰਨ ਦੀ ਜ਼ਿਮਨੀ ਚੋਣ ਸਮੇਂ ਸਰਕਾਰ ਦਾ ਜ਼ਬਰਦਸਤ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਮੀਤ ਪ੍ਰਧਾਨ ਨਰਿੰਦਰ ਸ਼ਰਮਾ, ਸੂਬਾ ਕਮੇਟੀ ਮੈਂਬਰ ਬਖਸ਼ੀਸ਼ ਸਿੰਘ, ਕਰਨਬੀਰ ਸਿੰਘ, ਦੇਵਰਾਜ ਸਿੰਘ, ਇੰਦਰਜੀਤ ਸਿੰਘ, ਬਲਗੇਰ ਸਿੰਘ, ਅਮਨਦੀਪ ਸਿੰਘ, ਜੱਸਗੁਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਨਿਸ਼ਾਨ ਸਿੰਘ ਅਤੇ ਇਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਛੇਵੇਂ ਪਾਤਸ਼ਾਹ ਦਾ ਮੀਰੀ-ਪੀਰੀ ਦਿਵਸ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਸਰਵਣ ਕਰਵਾਇਆ।ਸਮਾਗਮ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸੰਗਤਾਂ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਵੱਲੋਂ ਸਿੱਖ ਕੌਮ ਨੂੰ ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਜੋ ਮਾਰਗ ਦਿਖਾਇਆ ਗਿਆ, ਉਹ ਧਰਮ ਦੀ ਕਮਾਈ ਕਰਦਿਆਂ ਸੱਚ ਦੀ ਰਾਜਨੀਤੀ ਰਾਹੀਂ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਹੈ।ਉਨ੍ਹਾਂ ਕਿਹਾ ਕਿ ਸੰਸਾਰ ਅੰਦਰ ਸਮਝਿਆ ਜਾਂਦਾ ਸੀ ਕਿ ਧਰਮ ਤੇ ਰਾਜਨੀਤੀ ਵੱਖਰੀ ਹੈ, ਪਰ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਇਕ ਨਿਵੇਕਲਾ ਸਿਧਾਂਤ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੀਰ ਨੂੰ ਜ਼ੁਲਮ ਦੇ ਰਾਹ ਚੱਲਣ ਤੋਂ ਵਰਜਿਆ ਅਤੇ ਪੀਰ ਨੂੰ ਪਖੰਡ ਤੇ ਕਰਮ ਕਾਂਡ ਛੱਡ ਕੇ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਕੀਤੀ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ ਅਤੇ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਰੂਹਾਨੀਅਤ ਦੇ ਨਾਲ-ਨਾਲ ਸਿੱਖਾਂ ਨੂੰ ਰਾਜਸੀ ਸ਼ਕਤੀ ਲਈ ਵੀ ਪ੍ਰੇਰਿਆ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਿਧਾਂਤਾਂ 'ਤੇ ਅਮਲ ਕਰਦਿਆਂ ਇਨਸਾਫ਼ ਦਾ ਅਜਿਹਾ ਰਾਜ ਦਿੱਤਾ, ਜਿਸ ਦੀ ਦੁਨੀਆ ਅੰਦਰ ਕਿਧਰੇ ਮਿਸਾਲ ਨਹੀਂ ਮਿਲਦੀ।ਉਨ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਇੱਕ ਸਾਂਝੇ ਪਰਿਵਾਰ ਵਾਂਗ ਵਿਚਰਦਿਆਂ ਗੁਰੂ ਸਾਹਿਬ ਦੇ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਅਪਣਾਈਏ।ਸਮਾਗਮ ਦੌਰਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਮੀਰੀ ਪੀਰੀ ਦੀਆਂ ਕਿਰਪਾਨਾਂ ਦੇ ਸੰਗਤ ਨੂੰ ਦਰਸ਼ਨ ਵੀ ਕਰਵਾਏ ਗਏ।ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਅੰਮ੍ਰਿਤਪਾਲ ਸਿੰਘ ਕੁਲਾਰ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਰਾਜਿੰਦਰ ਸਿੰਘ ਰੂਬੀ, ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਜਸਪਾਲ ਸਿੰਘ, ਬਿਕਰਮਜੀਤ ਸਿੰਘ ਝੰਗੀ, ਜੁਗਰਾਜ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ ਕਾਦੀਆਂ ਸਮੇਤ ਸੰਗਤਾਂ ਹਾਜ਼ਰ ਸਨ।ਇਸ ਮੌਕੇ ਐਡਵੋਕੇਟ ਧਾਮੀ ਨੇ ਮੀਰੀ ਪੀਰੀ ਦਿਵਸ ਦੀ ਸਾਰੀਆਂ ਸੰਗਤਾਂ ਨੂੰ ਵਧਾਈ ਦਿੱਤੀ।

# ਸਾਈ ਅਭਿਅੰਕਰ ਵੱਲੋਂ ਐਮਾਜ਼ਾਨ ਮਿਊਜ਼ਿਕ ਇੰਡੀਆ ਦੀ ਬੇਲਿਸਟ ਲਿਸਨਿੰਗ ਪਾਰਟੀ 'ਚ ਨਵਾਂ ਟਰੈਕ ਪੇਸ਼

**ਚੰਡੀਗੜ੍ਹ :** ਐਮਾਜ਼ਾਨ ਮਿਊਜ਼ਿਕ ਇੰਡੀਆ ਨੇ ਚੇਨਈ ਵਿੱਚ ਸੰਗੀਤ ਦੀ ਸ਼ੁਰੂਆਤ ਇੱਕ ਵਿਸ਼ੇਸ਼ ਲਿਸਨਿੰਗ ਪਾਰਟੀ ਨਾਲ ਕੀਤੀ ਜਿਸ ਵਿੱਚ ਬੇਲਿਸਟ ਨਾਲ ਆਪਣੀ ਪ੍ਰਾਈਮ ਡੇ ਮੁਹਿੰਮ ਦਾ ਜਸ਼ਨ ਮਨਾਇਆ ਗਿਆ ਅਤੇ ਵਾਇਰਲ ਸੈਨਸੇਸ਼ਨ ਸਾਈ ਅਭਿਅੰਕਰ ਦੁਆਰਾ ਇੱਕ ਬਿਲਕੁਲ ਨਵੇਂ ਟਰੈਕ ਦੀ ਸ਼ੁਰੂਆਤ ਕੀਤੀ ਗਈ।ਨਾ ਰਿਲੀਜ਼ ਹੋਏ ਗੀਤ 'ਵਿਝੀ ਵੀਕੁਰਾ' ਦਾ ਲਾਈਵ ਪੇਸ਼ ਕੀਤਾ। ਇਹ ਟਰੈਕ 7 ਜੁਲਾਈ 2025 ਨੂੰ ਐਮਾਜ਼ਾਨ ਮਿਊਜ਼ਿਕ ਇੰਡੀਆ ਦੀ ਬੇਲਿਸਟ ਪਲੇਲਿਸਟ 'ਤੇ ਵਿਸ਼ੇਸ਼ ਤੌਰ ਤੇ ਉਪਲਬਧ ਹੋਵੇਗਾ।ਬੇਲਿਸਟ ਵਿੱਚ ਚੋਟੀ ਦੇ ਸਿਰਲੇਖਾਂ, ਇੰਡੀ ਮਨਪਸੰਦਾਂ ਦੇ ਗਾਣੇ ਪੇਸ਼ ਕੀਤੇ ਗਏ ਹਨ ਅਤੇ ਗੁਰੂ ਰੰਧਾਵਾ, ਅਕਸ਼ਥ ਆਚਾਰੀਆ ਅਤੇ ਸਾਈ ਸਮੇਤ ਮਸ਼ਹੂਰ ਕਲਾਕਾਰਾਂ ਦੇ ਸਹਿਯੋਗ ਦੁਆਰਾ ਇਸਨੂੰ ਵਧਾਇਆ ਗਿਆ ਹੈ।ਸਾਈ ਜਿਸਦਾ ਟਰੈਕ 'ਕੱਚੀ ਸੇਰਾ' ਨੇ ਉਸਨੂੰ ਇੰਡੀ ਸਪਾਟਲਾਈਟ ਵਿੱਚ ਲਿਆਂਦਾ ਜਿਸ ਨੂੰ ਸਮਕਾਲੀ ਅਤੇ ਮਨ ਨੂੰ ਛੂਹ ਜਾਣ ਵਾਲੀਆਂ ਧੁਨਾਂ ਦੇ ਆਪਣੇ ਵਿਲੱਖਣ ਫਿਊਜ਼ਨ ਲਈ ਜਾਣਿਆ ਜਾਂਦਾ ਹੈ।

# ਫਾਊਂਡਰ ਮੈਂਬਰ ਗਿੱਲ ਤੇ ਸੰਧੂ ਨੇ ਹਲਕਾ ਇੰਚਾਰਜ ਸੋਨੀਆ ਮਾਨ ਨੂੰ ਕੀਤਾ ਸਨਮਾਨਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—** ਆਮ ਆਦਮੀ ਪਾਰਟੀ ਦੇ ਰਾਜਾਸਾਂਸੀ ਤੋਂ ਹਲਕਾ ਇੰਚਾਰਜ ਨਿਯੁਕਤ ਹੋਏ ਪ੍ਰਸਿੱਧ ਅਦਾਕਾਰਾ ਮੈਡਮ ਸੋਨੀਆ ਮਾਨ ਦਾ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਅਤੇ ਜ਼ਿਲਾ ਮੀਡੀਆ ਸਕੱਤਰ ਗੁਰਸ਼ਰਨਪ੍ਰੀਤ ਸਿੰਘ ਸੰਧੂ ਮਾਨਾਵਾਲਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਅਤੇ ਹਲਕੇ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ! ਇਸ ਮੌਕੇ ਗੱਲਬਾਤ ਕਰਦਿਆਂ 2013 ਤੋਂ ਪਾਰਟੀ ਦੀ ਹਲਕੇ ਵਿੱਚ



ਸਭ ਤੋਂ ਮੁੱਢਲੀ ਮੈਂਬਰਸ਼ਿਪ ਲੈਣ ਵਾਲੇ ਪਾਰਟੀ ਦੇ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਅਤੇ ਗੁਰਸ਼ਰਨਪ੍ਰੀਤ ਸਿੰਘ ਸੰਧੂ ਨੇ ਕਿਹਾ ਸਰਹੱਦੀ ਤੇ ਪਛੜੇ ਹਲਕੇ ਰਾਜਾਸਾਂਸੀ 'ਚ ਰਵਾਇਤੀ ਪਾਰਟੀਆਂ ਨੇ ਪਿਛਲੇ 70 ਸਾਲਾਂ ਵਿੱਚ ਹੁਣ ਤੱਕ ਵਿਕਾਸ ਦੇ ਨਾਮ ਤੇ ਸਿਰਫ ਝੂਠੇ ਦਮਗਜੇ ਹੀ ਮਾਰੇ ਗਏ ਹਨ, ਜਦੋਂ ਕਿ ਗਰਾਊਂਡ ਲੈਵਲ 'ਤੇ ਹਲਕੇ ਦੇ ਬਹੁਤ ਸਾਰੇ ਸਰਹੱਦੀ ਪਿੰਡ ਅੱਜ ਵੀ ਆਧੁਨਿਕ ਸਹੂਲਤਾਂ ਤੋਂ ਪਛੜੇ ਹੋਏ ਹਨ, ਜਿਵੇਂ ਕਿ ਅਜੇ ਵੀ ਬਹੁਤ ਸਾਰੇ ਪਿੰਡ ਨੂੰ ਆਵਾਜਾਈ ਲਈ ਬੱਸ ਦੀ ਸਹੂਲਤ ਨਹੀਂ ਹੈ, ਪੀਣ ਵਾਲੇ ਸ਼ੁੱਧ ਪਾਣੀ ਦੀ ਟੈਂਕੀ ਨਹੀਂ ਹੈ, ਕਈਆਂ ਪਿੰਡਾਂ ਵਿੱਚ ਸਕੂਲ ਨਹੀਂ ਹਨ, ਪਿੰਡਾਂ ਨੂੰ ਆਉਣ ਜਾਣ ਵਾਲੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਅਤੇ ਹਨੇਰੇ ਸਵੇਰੇ ਲੋੜ ਪੈਣ 'ਤੇ ਆਸ ਪਾਸ ਕੋਈ ਸਿਹਤ ਸਹੂਲਤਾਂ ਨਹੀਂ ਹਨ! ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸਭ ਸਹੂਲਤਾਂ ਲਈ ਮੈਡਮ ਸੋਨੀਆ ਮਾਨ ਨੂੰ ਜਾਣੂ ਕਰਵਾਇਆ ਗਿਆ ਤਾਂ ਜੋ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਹਲਕੇ ਦਾ ਸਰਬ ਪੱਖੀ ਵਿਕਾਸ ਕਰਵਾ ਸਕਣ ਅਤੇ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਇਸ ਹਲਕੇ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰ ਸਕੇ! ਇਸ ਮੌਕੇ ਫਾਊਂਡਰ ਮੈਂਬਰ ਦੇ ਬਲਾਕ ਪ੍ਰਧਾਨ ਸ਼ਿਵ ਕੁਮਾਰ ਚੋਗਾਵਾਂ, ਬਲਾਕ ਪ੍ਰਧਾਨ ਸੱਤਾ ਸਿੰਘ ਗੁੱਲਗੜ੍ਹ, ਸਰਪੰਚ ਤਰਸੇਮ ਸਿੰਘ, ਸਾਬਕਾ ਸਰਪੰਚ ਬਲਦੇਵ ਸਿੰਘ ਡਿਆਲ, ਟਕਸਾਲੀ ਵਰਕਰ ਗੁਰਪ੍ਰੀਤ ਸਿੰਘ ਨਿੱਕਾ, ਨਿੰਦਰ ਸਿੰਘ, ਲਖਵਿੰਦਰ ਸਿੰਘ ਲੱਡੂ, ਮੇਜਰ ਸਿੰਘ, ਸਰਬਜੀਤ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਗਿੱਲ ਆਦਿ ਹਾਜ਼ਰ ਸਨ।

# ਸਕੋਡਾ ਆਟੋ ਇੰਡੀਆ ਵੱਲੋਂ ਹੁਣ ਤੱਕ ਦਾ ਸਭ ਤੋਂ ਵੱਧ ਵਿਕਰੀ ਰਿਕਾਰਡ ਦਰਜ

**ਜਲੰਧਰ-** ਸਕੋਡਾ ਆਟੋ ਇੰਡੀਆ ਨੇ ਭਾਰਤ ਵਿੱਚ ਆਪਣੀ 25 ਸਾਲਾਂ ਦੀ ਯਾਤਰਾ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਅੱਧੀ-ਸਾਲ ਦੀ ਵਿਕਰੀ ਦਰਜ ਕੀਤੀ ਹੈ।ਕੰਪਨੀ ਨੇ 2025 ਦੀ ਪਹਿਲੀ ਛਿਮਾਹੀ ਵਿੱਚ 36,194 ਤੋਂ ਵੱਧ ਵਾਹਨ ਵੇਚਣ ਦਾ ਨਵਾਂ ਰਿਕਾਰਡ ਕਾਇਮ ਕੀਤਾ ਹੈ।ਸਕੋਡਾ ਇਸ ਸਾਲ ਭਾਰਤ ਵਿੱਚ ਆਪਣੀ 25ਵੀਂ ਵਰ੍ਹੇਗੰਢ ਅਤੇ ਦੁਨੀਆ ਭਰ ਵਿੱਚ 130ਵੀਂ ਵਰ੍ਹੇਗੰਢ ਮਨਾ ਰਹੀ ਹੈ ਅਤੇ ਤੇਜ਼ੀ ਨਾਲ ਅੱਗੇ ਵਧ ਰਹੀ ਹੈ।ਇਸ ਪ੍ਰਾਪਤੀ ਤੇ ਬੋਲਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ, ਆਸ਼ੀਸ਼ ਗੁਪਤਾ ਨੇ ਕਿਹਾ ਕਿ ਸਾਡੀ ਇਤਿਹਾਸਕ ਛਿਮਾਹੀ ਵਿਕਰੀ ਦਰਸਾਉਂਦੀ ਹੈ ਕਿ ਭਾਰਤ ਵਿੱਚ ਗਾਹਕਾਂ ਨੇ ਸਕੋਡਾ ਉਤਪਾਦਾਂ ਅਤੇ ਸੇਵਾਵਾਂ ਨੂੰ ਮਜ਼ਬੂਤੀ ਨਾਲ ਅਪਣਾਇਆ ਹੈ।ਸਾਡੇ ਗਾਹਕ ਹਰ ਰੋਜ਼ ਆਪਣੇ ਆਲੇ ਦੁਆਲੇ ਦੀ ਦੁਨੀਆ ਦੀ ਪੜਚੋਲ ਕਰਨਾ ਪਸੰਦ ਕਰਦੇ ਹਨ।ਸਾਡੇ ਪੋਰਟਫੋਲੀਓ ਵਿੱਚ ਕਿਲੈਕ ਦੇ ਜੋੜ ਦੇ ਨਾਲ, ਅਸੀਂ ਹੁਣ ਸਾਰਿਆਂ ਲਈ ਇੱਕ ਅਤੇ ਆਪਣੀਆਂ ਸੇਡਾਨਾਂ ਨਾਲ ਉਨ੍ਹਾਂ ਦੀ ਯਾਤਰਾ ਨੂੰ ਹੋਰ ਵੀ ਬਿਹਤਰ ਬਣਾ ਰਹੇ ਹਾਂ।ਸਾਡਾ ਉਦੇਸ਼ ਸਾਡੇ ਉਤਪਾਦਾਂ, ਸੇਵਾਵਾਂ ਅਤੇ ਸੰਪਰਕ ਬਿੰਦੂਆਂ ਨਾਲ ਭਾਰਤ ਵਿੱਚ ਸਾਡੇ ਗਾਹਕਾਂ ਦੇ ਨੇੜੇ ਜਾਣਾ ਹੈ।

ਨਵਾਂ ਜ਼ਮਾਨਾ

ਸੋਮਵਾਰ, 7 ਜੁਲਾਈ 2025

# ਸਨਮਾਨਾਂ ਦੀ ਤੁਲਨਾ

*ਭਾਜਪਾ ਦੇ ਆਈ ਟੀ ਸੈੱਲ ਦੇ ਚੇਅਰਮੈਨ ਅਮਿਤ ਮਾਲਵੀਆ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 25 ਕੌਮਾਂਤਰੀ ਸਨਮਾਨ ਮਿਲੇ ਹਨ, ਜਦਕਿ ਨਹਿਰੂ, ਇੰਦਰਾ ਤੇ ਮਨਮੋਹਨ ਸਿੰਘ ਨੂੰ ਕੁਲ ਮਿਲਾ ਕੇ ਛੇ ਸਨਮਾਨ ਮਿਲੇ। ਮਾਲਵੀਆ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਇਹ ਸਨਮਾਨ ਵਿਦੇਸ਼ ਦੌਰਿਆਂ ਦੇ ਸ਼ੌਕੀਨ ਮੋਦੀ ਦੀ ਵਿਦੇਸ਼ ਨੀਤੀ ਦੀ ਸਫਲਤਾ ਦਾ ਪੈਮਾਨਾ ਹਨ। ਜੇ ਇੰਜ ਹੀ ਹੈ ਤਾਂ ਉਨ੍ਹਾ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਮੋਦੀ ਨੂੰ ਸਨਮਾਨ ਦਿੱਤਾ, ਉਨ੍ਹਾਂ ਮੋਦੀ ਦੀ ਕਿਸੇ ਅਜਿਹੀ ਨੀਤੀ ਦੀ ਤਾਰੀਫ ਕੀਤੀ, ਜਿਹੜੀ ਵਿਸ਼ਵ ਮਿਸਾਲ ਬਣ ਸਕੇ? ਕੀ ਮੋਦੀ ਨੇ ਕੋਈ ਅਜਿਹਾ ਸਿਧਾਂਤ ਪੇਸ਼ ਕੀਤਾ, ਜਿਹੜਾ ਦੁਨੀਆ ਲਈ ਰਾਹ ਦਸੇਰਾ ਬਣਿਆ, ਜਿਵੇਂ ਕਿ ਨਹਿਰੂ ਨੇ ਕਰਕੇ ਦਿਖਾਇਆ।*

*ਜਵਾਹਰ ਲਾਲ ਨਹਿਰੂ ਨੇ ਮਹਾਤਮਾ ਗਾਂਧੀ ਦੇ ਅਹਿੰਸਕ ਦਰਸ਼ਨ ਨੂੰ ਵਿਦੇਸ਼ ਨੀਤੀ ਵਿੱਚ ਢਾਲਿਆ। 1927 ਵਿੱਚ ਬ੍ਰੱਸਲਜ਼ ਦੇ ਬਸਤੀਵਾਦ ਵਿਰੋਧੀ ਸੰਮੇਲਨ 'ਚ ਉਨ੍ਹਾ ਭਾਰਤ ਦੀ ਭਾਵੀ ਵਿਦੇਸ਼ ਨੀਤੀ ਦਾ ਇਹ ਕਹਿੰਦਿਆਂ ਖਾਕਾ ਖਿੱਚਿਆ ਕਿ ਭਾਰਤ ਇੱਕ ਮਜ਼ਬੂਤ, ਇਕਜੁੱਟ ਰਾਸ਼ਟਰ ਹੋਵੇਗਾ, ਜਿਹੜਾ ਆਪਣੇ ਗੁਆਂਢੀਆਂ ਨਾਲ ਪੀਢੇ ਸੰਬੰਧ ਰੱਖੇਗਾ ਤੇ ਵਿਸ਼ਵ ਮਾਮਲਿਆਂ ਵਿੱਚ ਅਹਿਮ ਰੋਲ ਨਿਭਾਏਗਾ। ਉਨ੍ਹਾ 1955 ਵਿੱਚ ਬਾਂਡੁੰਗ ਸੰਮੇਲਨ 'ਚ ਗੁੱਟਨਿਰਲੇਪ ਅੰਦੋਲਨ ਦੀ ਨੀਂਹ ਰੱਖੀ, ਜਿਸ ਨੇ ਭਾਰਤ ਨੂੰ ਤੀਜੀ ਦੁਨੀਆ ਦਾ ਆਗੂ ਬਣਾਇਆ। ਇਸ ਸੰਮੇਲਨ ਦੇ ਬਾਅਦ ਨਹਿਰੂ ਪੂਰੀ ਦੁਨੀਆ ਵਿੱਚ ਅਮਨ ਦੇ ਮਸੀਹਾ ਦੇ ਰੂਪ 'ਚ ਉੱਭਰੇ। ਉਦੋਂ ਦੁਨੀਆ ਸੀਤ ਯੁੱਧ ਵਿੱਚ ਉਲਝੀ ਹੋਈ ਸੀ। ਤਮਾਮ ਦੇਸ਼ ਅਮਰੀਕਾ ਤੇ ਸੋਵੀਅਤ ਯੂਨੀਅਨ ਦੇ ਖੇਮਿਆਂ ਵਿੱਚ ਵੰਡੇ ਹੋਏ ਸਨ ਪਰ ਦੋਨੋਂ ਹੀ ਨਹਿਰੂ ਤੇ ਭਾਰਤ ਦਾ ਸਨਮਾਨ ਕਰਦੇ ਸਨ। ਇੰਦਰਾ ਗਾਂਧੀ ਨੇ ਨਹਿਰੂ ਦੀ ਤਰ੍ਹਾਂ ਗੁੱਟਨਿਰਲੇਪ ਅੰਦੋਲਨ ਨੂੰ ਮਜ਼ਬੂਤ ਕੀਤਾ ਤੇ 1971 ਦੇ ਬੰਗਲਾਦੇਸ਼ ਯੁੱਧ ਵਿੱਚ ਭਾਰਤ ਦੀ ਤਾਕਤ ਦਾ ਲੋਹਾ ਮੰਨਵਾਇਆ। ਸਿੱਕਮ ਦਾ 16 ਮਈ 1975 ਨੂੰ ਭਾਰਤ ਦਾ 22ਵਾਂ ਰਾਜ ਬਣਨਾ ਇੰਦਰਾ ਦੀ ਰਣਨੀਤਕ ਹੁਸ਼ਿਆਰੀ ਦਾ ਸਬੂਤ ਸੀ। 2008 ਦੇ ਵਿਸ਼ਵ ਮੰਦਵਾੜੇ ਵੇਲੇ ਮਨਮੋਹਨ ਸਿੰਘ ਦੀਆਂ ਨੀਤੀਆਂ ਨੇ ਨਾ ਸਿਰਫ ਭਾਰਤ ਨੂੰ ਬਚਾਇਆ, ਸਗੋਂ ਸੰਕਟ ਵਿੱਚੋਂ ਨਿਕਲਣ ਲਈ ਦੁਨੀਆ ਨੂੰ ਰਾਹ ਦਿਖਾਇਆ। ਪੱਛਮ ਨੇ ਮਨਮੋਹਨ ਸਿੰਘ ਦੀਆਂ ਨੀਤੀਆਂ ਨੂੰ ਮੰਦੇ ਵਿੱਚੋਂ ਨਿਕਲਣ ਦਾ ਮਾਡਲ ਦੱਸਿਆ। 6 ਨਵੰਬਰ 2010 ਵਿੱਚ ਭਾਰਤ ਆਏ ਵੇਲੇ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਸੀ— ਜਦ ਡਾ. ਮਨਮੋਹਨ ਸਿੰਘ ਬੋਲਦੇ ਹਨ ਤਾਂ ਲੋਕ ਸੁਣਦੇ ਹਨ, ਨਾ ਸਿਰਫ ਭਾਰਤ ਦੇ, ਸਗੋਂ ਸਾਰੀ ਦੁਨੀਆ ਦੇ।*

*ਮੋਦੀ 2014 ਤੋਂ ਜੁਲਾਈ 2025 ਤੱਕ 77 ਦੇਸ਼ਾਂ ਦੀਆਂ 90 ਯਾਤਰਾਵਾਂ ਕਰ ਚੁੱਕੇ ਹਨ, ਜਿਨ੍ਹਾਂ 'ਤੇ ਲੱਗਭੱਗ 2800 ਕਰੋੜ ਰੁਪਏ ਖਰਚ ਹੋ ਚੁੱਕੇ ਹਨ। ਵਿਦੇਸ਼ੀ ਆਗੂਆਂ ਨੂੰ ਜੱਫੀਆਂ ਪਾਉਣ ਦੀਆਂ ਤਸਵੀਰਾਂ ਤੋਂ ਇਲਾਵਾ ਅਮਿਤ ਮਾਲਵੀਆ ਦੱਸ ਸਕਦੇ ਹਨ ਕਿ ਮੋਦੀ ਦੀਆਂ ਕੀ ਪ੍ਰਾਪਤੀਆਂ ਰਹੀਆਂ। ਦੋਸਤ ਟਰੰਪ ਕਈ ਵਾਰ ਦਾਅਵਾ ਕਰ ਚੁੱਕਾ ਹੈ ਕਿ ਭਾਰਤ-ਪਾਕਿਸਤਾਨ ਦੀ ਜੰਗ ਉਸ ਨੇ ਰੁਕਵਾਈ, ਜਿਸ ਦਾ ਮੋਦੀ ਨੇ ਨਿੱਜੀ ਤੌਰ 'ਤੇ ਖੰਡਨ ਨਹੀਂ ਕੀਤਾ। ਇਹ ਭਾਰਤ ਦੀ ਕੂਟਨੀਤੀ ਨੂੰ ਦਰਸਾਉਂਦਾ ਹੈ। ਮੋਦੀ ਦੇ ਦੌਰ ਵਿੱਚ ਹੀ ਅਜਿਹਾ ਹੋਇਆ ਹੈ ਕਿ ਗੁਆਂਢੀ ਦੂਰ ਹੁੰਦੇ ਜਾ ਰਹੇ ਹਨ। ਅਪ੍ਰੇਸ਼ਨ ਸਿੰਧੂਰ ਦੇ ਬਾਅਦ ਪਾਕਿਸਤਾਨ ਦੀ ਵਿਸ਼ਵ ਹੈਸੀਅਤ ਵਧੀ ਹੈ ਜਦਕਿ ਭਾਰਤ ਅਲੱਗ-ਥਲੱਗ ਪਿਆ ਹੈ। ਮੋਦੀ ਦੀਆਂ ਤਸਵੀਰਾਂ ਤੇ ਮੈਡਲ ਪ੍ਰਚਾਰ ਦਾ ਹਿੱਸਾ ਹੋ ਸਕਦੇ ਹਨ, ਪਰ ਦੁਨੀਆ ਭਾਰਤ ਨੂੰ ਲੋਕਤੰਤਰ, ਭੁੱਖਮਰੀ ਤੇ ਨਾਬਰਾਬਰੀ ਦੇ ਪੈਮਾਨਿਆਂ 'ਤੇ ਪਰਖਦੀ ਹੈ, ਜਿਨ੍ਹਾਂ 'ਤੇ ਮੋਦੀ ਸਰਕਾਰ ਦਾ ਰਿਕਾਰਡ ਬੇਹੱਦ ਖਰਾਬ ਹੈ।*

# ਐਮਰਜੈਂਸੀ ਦਾ ਰੌਲਾ ਪਾ ਕੇ ਸੰਘ ਵੱਲੋਂ ਸੰਵਿਧਾਨ ਨੂੰ ਬਦਲ ਕੇ ਧਾਰਮਿਕ ਕੱਟੜਵਾਦੀ ਫਾਸ਼ੀ ਰਾਜ ਬਣਾਉਣ ਦੀ ਕੋਸ਼ਿਸ਼



ਡਾ. ਅਰੁਣ ਮਿੱਤਰਾ

ਹੁਣ ਆਰ ਐੱਸ ਐੱਸ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਖੁੱਲ੍ਹ ਕੇ ਦੇਸ਼ ਦੇ ਸੰਵਿਧਾਨ ਵਿੱਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਨੂੰ ਕੱਢਣ ਦੀ ਗੱਲ ਕਹੀ ਜਾ ਰਹੀ ਹੈ ਤੇ ਉਹਨਾਂ ਵੱਲੋਂ ਤੇਜ਼ੀ ਨਾਲ ਸੰਵਿਧਾਨ ਨੂੰ ਬਦਲ ਕੇ ਇੱਕ ਵਿਸ਼ੇਸ਼ ਧਰਮ 'ਤੇ ਅਧਾਰਤ ਧਾਰਮਿਕ ਕੱਟੜਵਾਦੀ ਸੰਵਿਧਾਨ ਲਿਆਉਣ ਦੀ ਸਾਜ਼ਿਸ਼ ਚੱਲ ਰਹੀ ਹੈ। ਧਰਮ ਨਿਰਪੱਖਤਾ ਦਾ ਭਾਵ, ਇਕ ਐਸਾ ਸਮਾਜ, ਜਿਸ ਵਿੱਚ ਰਾਜ ਦੀ ਧਰਮ ਵਿੱਚ ਕੋਈ ਦਖਲ-ਅੰਦਾਜ਼ੀ ਨਹੀਂ ਹੋਏਗੀ ਤੇ ਰਾਜ ਸਾਰੇ ਧਰਮਾਂ ਤੋਂ ਦੂਰ ਰਹੇਗਾ, ਪਰ ਸਭ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਏਗਾ। ਧਰਮ ਇੱਕ ਨਿੱਜੀ ਮਾਮਲਾ ਹੈ ਤੇ ਧਾਰਮਿਕ ਕੰਮਾਂ ਨੂੰ ਧਾਰਮਿਕ ਸੰਸਥਾਵਾਂ ਅੰਜਾਮ ਦੇਣਗੀਆਂ। ਐਸੇ ਵਿਧਾਨ ਮੁਤਾਬਕ ਦੇਸ਼ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਆਪਣੇ ਹਿਸਾਬ ਨਾਲ ਆਪਣੇ ਵਿਸ਼ਵਾਸਾਂ ਮੁਤਾਬਕ ਕਿਸੇ ਵੀ ਧਰਮ ਨੂੰ ਮੰਨਣ ਦੀ ਜਾਂ ਨਾ ਮੰਨਣ ਦੀ ਆਜ਼ਾਦੀ ਹੋਏਗੀ। ਵੰਡ ਦੇ ਸਮੇਂ ਪਾਕਿਸਤਾਨ ਇੱਕ ਧਾਰਮਿਕ ਕੱਟੜਵਾਦ 'ਤੇ ਅਧਾਰਤ ਇਸਲਾਮੀ ਰਾਜ ਬਣਿਆ, ਜਦੋਂ ਕਿ ਭਾਰਤ ਦੇ ਸੰਵਿਧਾਨਕਾਰਾਂ ਨੇ ਇਸ ਗੱਲ ਨੂੰ ਬਿਲਕੁਲ ਨਕਾਰ ਦਿੱਤਾ ਕਿ ਧਰਮ ਨੂੰ ਜੋੜ ਕੇ ਰਾਜ ਚੱਲੇ ਤੇ ਕਿਸੇ ਵੀ ਧਰਮ ਨੂੰ ਰਾਜ ਵਿੱਚ ਵਿਸ਼ੇਸ਼ ਦਰਜਾ ਦਿੱਤਾ ਜਾਏ। ਇਹ ਸਭ ਸਾਡੇ ਸੁਤੰਤਰਤਾ ਸੈਨਾਨੀਆਂ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਸੁਭਾਸ਼ ਚੰਦਰ ਬੋਸ, ਭਗਤ ਸਿੰਘ ਤੇ ਹੋਰ ਇਨਕਲਾਬੀਆਂ ਅਤੇ ਕਮਿਊਨਿਸਟਾਂ ਦੁਆਰਾ ਕੀਤੇ ਗਏ ਸੰਘਰਸ਼ਾਂ ਤੇ ਡਾ: ਅੰਬੇਡਕਰ ਦੀ ਸੋਚ ਸਦਕਾ ਹੋਇਆ। ਸੰਖੇਪ ਵਿੱਚ, ਧਰਮ ਨਿਰਪੱਖਤਾ ਦਾ ਅਰਥ ਹੈ ਕਿ ਸਰਕਾਰ ਧਰਮਿਕ ਮਾਮਲਿਆਂ ਵਿੱਚ ਨਿਰਪੱਖ ਰਹਿੰਦੀ ਹੈ।

ਸਮਾਜਵਾਦ ਬੁਨਿਆਦੀ ਤੌਰ 'ਤੇ ਸਮਾਨਤਾ ਦੀ ਗੱਲ ਕਰਦਾ ਹੈ ਅਤੇ ਹਰ ਵਿਅਕਤੀ ਲਈ ਸਿਹਤ, ਸਿੱਖਿਆ ਅਤੇ ਰੋਜ਼ਗਾਰ ਉਪਲੱਬਧ ਕਰਵਾਉਣ ਦੀ ਵਕਾਲਤ ਕਰਦਾ ਹੈ।

ਆਰ ਐੱਸ ਐੱਸ ਨੇ ਧਰਮ ਨਿਰਪੱਖਤਾ ਤੇ ਸਮਾਜਵਾਦ ਦੇ ਉਲਟ ਖੁੱਲ੍ਹੀ ਬਿਆਨਬਾਜ਼ੀ ਕਰਕੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਫ਼ ਕਰ ਦਿੱਤਾ ਹੈ। ਉਹਨਾਂ ਨੇ ਇਹ ਦੱਸ ਦਿੱਤਾ ਹੈ ਕਿ ਉਹਨਾਂ ਦਾ ਆਮ ਜਨ ਮਾਨਸ ਦੇ ਲਈ ਕੋਈ ਸਰੋਕਾਰ ਨਹੀਂ ਹੈ, ਬਲਕਿ ਉਹ ਨੰਗੇ ਚਿੱਟੇ ਤੌਰ 'ਤੇ ਧੰਨ ਕੁਬੇਰਾਂ ਦੇ ਨਾਲ ਖੜੇ ਹਨ।

ਉਂਝ ਤਾਂ ਭਾਜਪਾ ਲਗਾਤਾਰ ਇਸ ਗੱਲ 'ਤੇ ਬੋਲਦੀ ਆ ਰਹੀ ਹੈ, ਪਰ ਹੁਣ ਆਪਣੀਆਂ ਕੋਝੀਆਂ ਤੇ ਅਲੋਕਤੰਤਰਿਕ ਕਾਰਵਾਈਆਂ ਅਤੇ ਅਣਐਲਾਨੀ ਐਮਰਜੈਂਸੀ ਦੇ ਉੱਪਰ ਪਰਦਾ ਪਾਉਣ ਲਈ ਇਸ ਵਾਰ ਕੁਝ ਜ਼ਿਆਦਾ ਹੀ ਬਿਆਨਬਾਜ਼ੀ ਕਰ ਰਹੇ ਹਨ। ਅਨੇਕਾਂ ਵਿਅਕਤੀਆਂ ਵੱਲੋਂ ਅਤੇ ਪੱਤਰਕਾਰਾਂ ਵੱਲੋਂ ਕੁਝ ਦਿਨਾਂ ਤੋਂ ਅਖਬਾਰਾਂ ਵਿੱਚ ਵੀ ਲਗਾਤਾਰ ਇੰਦਰਾ ਗਾਂਧੀ ਵੱਲੋਂ ਉਸ ਸਮੇਂ ਲਗਾਈ ਗਈ ਐਮਰਜੈਂਸੀ ਵਿਰੁੱਧ ਲੇਖ ਲਿਖੇ ਜਾ ਰਹੇ ਹਨ। ਇੰਜ ਜਾਪਦਾ ਹੈ ਕਿ ਉਹ ਇਸ ਤਰ੍ਹਾਂ ਸਰਕਾਰੀ ਹਦਾਇਤਾਂ ਦੇ ਹੇਠ ਕਰ ਰਹੇ ਹਨ।

ਆਰ ਐੱਸ ਐੱਸ ਦੇ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੇ ਖਿਲਾਫ ਲੜਨ ਦੇ ਦਾਅਵੇ ਬਿਲਕੁਲ ਖੋਖਲੇ ਤੇ ਝੂਠੇ ਹਨ। ਡਾ: ਰਾਮ ਪੁਨਿਆਨੀ ਦੁਆਰਾ ਲਿਖੇ ਇਕ ਲੇਖ ਮੁਤਾਬਕ ਕੁਝ ਗੰਭੀਰ ਪੱਤਰਕਾਰਾਂ ਦੀਆਂ ਕੋਸ਼ਿਸ਼ਾਂ ਅਤੇ ਕੁਝ ਵੱਲੋਂ ਲਿਖੀਆਂ ਗਈਆਂ ਕਿਤਾਬਾਂ ਦੀ ਖੋਜ ਇੱਕ ਵੱਖਰੀ ਕਹਾਣੀ ਦੱਸਦੀ ਹੈ। ਪੱਤਰਕਾਰਤਾ ਦੇ ਮਾਹਿਰਾਂ ਵਿੱਚੋਂ ਇੱਕ ਪ੍ਰਭਾਸ ਜੋਸ਼ੀ ਨੇ ਲਿਖਿਆ ਕਿ ਐਮਰਜੈਂਸੀ ਦੇ ਦੌਰਾਨ ਵੀ ਆਰ ਐੱਸ ਐੱਸ ਅਤੇ ਜਨਸੰਘ ਦੇ ਬਹੁਤ ਸਾਰੇ ਲੋਕ ਜੇਲ੍ਹਾਂ ਤੋਂ ਮਾਫੀਨਾਮੇ ਲਿਖ ਕੇ ਨਿਕਲ ਕੇ ਆਏ। ਉਹ ਪਹਿਲੇ ਲੋਕ ਸਨ, ਜਿਨ੍ਹਾਂ ਨੇ ਮਾਫੀ ਮੰਗੀ। ਅਟਲ ਬਿਹਾਰੀ ਵਾਜਪੇਈ (ਅਕਸਰ ਹਸਪਤਾਲ ਵਿੱਚ ਰਹੇ) ਪਰ ਆਰ ਐੱਸ ਐੱਸ ਨੇ ਐਮਰਜੈਂਸੀ ਦਾ ਵਿਰੋਧ ਨਹੀਂ ਕੀਤਾ, ਤਾਂ ਫਿਰ ਭਾਜਪਾ ਕਿਉਂ ਉਸ ਯਾਦ ਨੂੰ ਆਪਣੇ ਨਾਂਅ ਕਰਨਾ ਚਾਹੁੰਦੀ ਹੈ? ਉਹ ਨਤੀਜਾ ਕੱਢਦੇ ਹਨ ਕਿ ਉਹ ਲੜਨ ਵਾਲੀ ਤਾਕਤ ਨਹੀਂ ਹਨ, ਨਾ ਹੀ ਉਹ ਕਦੇ ਲੜਨ ਦੇ ਇੱਛੁਕ ਰਹੇ ਹਨ। ਉਹ ਅਸਲ ਵਿੱਚ ਸਮਝੌਤਾ ਕਰਨ ਵਾਲੇ ਹਨ।ਉਹ ਕਦੇ ਵੀ ਸੱਚਮੁੱਚ ਸਰਕਾਰ ਦੇ ਵਿਰੋਧ ਵਿੱਚ ਨਹੀਂ ਰਹੇ।

ਉੱਤਰ ਪ੍ਰਦੇਸ਼ ਦੇ ਰਾਜਪਾਲ ਰਹਿ ਚੁੱਕੇ "ਵੀ ਰਾਜੇਸ਼ਵਰ ਨੇ ਆਪਣੀ ਕਿਤਾਬ 'India: The Crucial Years' [Harper Collins] ਵਿੱਚ ਇਹ ਗੱਲ ਸੱਚ ਸਾਬਤ ਕੀਤੀ ਕਿ ਨਾਂ ਸਿਰਫ ਉਹ (ਆਰ ਐੱਸ ਐੱਸ) ਐਮਰਜੈਂਸੀ ਦੇ ਸਮਰਥਕ ਸਨ, ਬਲਕਿ ਉਹ ਇੰਦਰਾ ਗਾਂਧੀ ਦੇ ਨਾਲ ਵੀ ਸੰਪਰਕ ਸਥਾਪਤ ਕਰਨਾ ਚਾਹੁੰਦੇ ਸਨ।

ਭਾਵੇਂ ਇੰਦਰਾ ਗਾਂਧੀ ਨੇ ਉਹਨਾਂ ਦੀ ਸੋਚ ਮੁਤਾਬਿਕ ਦੇਸ਼ ਵਿੱਚ ਇਹ ਭਾਂਪ ਕੇ ਕਿ ਸੰਪੂਰਨ ਕ੍ਰਾਂਤੀ ਦੇ ਨਾਂਅ 'ਤੇ ਉਹਨਾਂ ਨੂੰ ਗੱਦੀ ਤੋਂ ਲਾਹ ਕੇ ਇੱਕ ਸੱਜੇ ਪੱਖ ਦੀ ਸਰਕਾਰ ਕਾਇਮ ਕੀਤੀ ਜਾਏਗੀ ਤਾਂ ਉਹਨਾਂ ਨੇ ਐਮਰਜੈਂਸੀ ਲਾਈ। ਐਮਰਜੈਂਸੀ ਦੇ ਸ਼ੁਰੂ ਵਿੱਚ ਲੋਕਾਂ ਨੂੰ ਕਈ ਲਾਭ ਵੀ ਦਿਸੇ, ਅਨੁਸ਼ਾਸਨ ਵੀ ਆਇਆ ਪਰ ਹੌਲੀ-ਹੌਲੀ ਇਹ ਏਕਾਧਿਕਾਰਵਾਦ ਜਾਂ ਤਾਨਾਸ਼ਾਹੀ ਵੱਲ ਵਧ ਗਈ। ਉਸ ਵੇਲੇ ਭਾਰਤੀ ਕਮਿਊਨਿਸਟ ਪਾਰਟੀ ਨੇ ਤਾਨਾਸ਼ਾਹੀ ਵਿਰੁੱਧ ਪੁਰਜ਼ੋਰ ਆਵਾਜ਼ ਚੁੱਕੀ। ਇਸ ਤਾਨਾਸ਼ਾਹੀ ਖਿਲਾਫ ਲੋਕਾਂ ਵਿੱਚ ਬੜਾ ਰੋਸ ਉੱਠਿਆ, ਜਿਸ ਦੇ ਦਬਾਅ ਹੇਠ 21 ਮਹੀਨਿਆਂ ਦੇ ਬਾਅਦ ਖੁਦ ਹੀ ਇੰਦਰਾ ਗਾਂਧੀ ਨੇ ਐਮਰਜੈਂਸੀ ਨੂੰ ਹਟਾ ਲਿਆ ਤੇ ਚੋਣਾਂ ਦਾ ਫੈਸਲਾ ਕਰ ਲਿਆ। ਲੋਕਾਂ ਨੇ ਇਹਨਾਂ ਚੋਣਾਂ ਵਿੱਚ ਉਹਨਾਂ ਦੇ ਐਮਰਜੈਂਸੀ ਦੇ ਕਦਮ ਖਿਲਾਫ ਫਤਵਾ ਦਿੱਤਾ ਤੇ ਉਹਨਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ। ਫੇਰ ਇਕੱਠੇ ਹੋ ਕੇ ਉਹੀ ਸਭ ਲੋਕ ਸੱਤਾ ਵਿੱਚ ਆਏ, ਪਰ ਲੰਮਾ ਸਮਾਂ ਨਹੀਂ ਟਿਕ ਪਾਏ ਤੇ ਅਗਲੀਆਂ ਚੋਣਾਂ ਵਿੱਚ ਵੱਡੇ ਬਹੁਮਤ ਨਾਲ ਫਿਰ ਇੰਦਰਾ ਗਾਂਧੀ ਸੱਤਾ ਵਿੱਚ ਆ ਗਈ। ਇਸ ਨੇ ਇੱਕ ਗੱਲ ਸਾਬਤ ਕਰ ਦਿੱਤੀ ਕਿ ਸੱਜੇ ਪੱਖੀ ਸ਼ਕਤੀਆਂ ਖਿਲਾਫ ਗਲੀਆਂ ਵਿੱਚ ਰਾਜਨੀਤਿਕ ਅਤੇ ਵਿਚਾਰਕ ਤੌਰ 'ਤੇ ਲੜਾਈ ਦੇਣ ਦੀ ਜਰੂਰਤ ਸੀ ਜਿਸ ਤੋਂ ਕਿ ਇੰਦਰਾ ਗਾਂਧੀ ਖੁੰਝ ਗਈ। ਭਾਰਤੀ ਕਮਿਊਨਿਸਟ ਪਾਰਟੀ ਨੇ ਇਹਨਾਂ ਸੱਜੇ ਪੱਖੀ ਸ਼ਕਤੀਆਂ ਦੇ ਖਿਲਾਫ ਡੱਟ ਕੇ ਲੜਾਈ ਦਿੱਤੀ। ਅਨੇਕਾਂ ਥਾਵਾਂ ਤੇ ਪਾਰਟੀ ਨੂੰ ਹਿੰਸਕ ਕਾਰਵਾਈਆਂ ਦਾ ਵੀ ਸਾਹਮਣਾ ਕਰਨਾ ਪਿਆ।

ਇਸ ਸਮੇਂ ਦੌਰਾਨ ਭਾਰਤ ਵਿਰੋਧੀ ਸਾਮਰਾਜੀ ਸਾਜ਼ਿਸ਼ਾਂ ਵਧਣ ਲੱਗ ਪਈਆਂ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਰਾਜੀਵ ਗਾਂਧੀ ਦਾ ਕਤਲ ਤੇ ਉਸ ਤੋਂ ਬਾਅਦ ਇਹ ਸਾਜ਼ਿਸ਼ਾਂ ਹੌਲੀ-ਹੌਲੀ ਵਧਦੀਆਂ ਗਈਆਂ। ਇਹਨਾਂ ਹਾਲਤਾਂ ਨੂੰ ਬਕਾਇਦਾ ਆਰ ਐੱਸ ਐੱਸ ਨੇ ਉਤਸ਼ਾਹਤ ਵੀ ਕੀਤਾ ਅਤੇ ਵਰਤਿਆ ਵੀ ਤੇ ਜੁਮਲੇਬਾਜ਼ੀਆਂ ਕਰਕੇ ਝੂਠ ਬੋਲ ਕੇ ਸੱਤਾ ਵਿੱਚ ਆ ਗਏ।

ਭਾਰਤੀ ਜਨਤਾ ਪਾਰਟੀ ਦੀ ਮੌਜੂਦਾ ਸਰਕਾਰ ਨੇ ਕਹੇ ਬਿਨਾਂ ਕਿ ਐਮਰਜੈਂਸੀ ਲਗਾ ਰਹੇ ਹਾਂ, ਲੋਕਾਂ ਦੇ ਮਨੁੱਖੀ ਹੱਕਾਂ 'ਤੇ ਹਮਲੇ ਕੀਤੇ ਹੋਏ ਹਨ। ਲੋਕਤੰਤਰਕ ਅਦਾਰਿਆਂ ਦੀ ਦੁਰਵਰਤੋਂ ਕਰਕੇ ਵਿਰੋਧੀ ਦਲਾਂ, ਘੱਟ-ਗਿਣਤੀਆਂ ਅਤੇ ਦਲਿਤਾਂ ਦੇ ਹੱਕਾਂ ਨੂੰ ਮਾਰ ਰਹੇ ਹਨ। ਅੱਜ ਉਸ ਐਮਰਜੈਂਸੀ ਦੀਆਂ ਮੁੜ ਗੱਲਾਂ ਕਰਨੀਆਂ ਭਾਜਪਾ ਦੀ ਬੜੀ ਕੋਝੀ ਤੇ ਸਾਜ਼ਿਸ਼ੀ ਚਾਲ ਹੈ।

ਜਦੋਂ ਇਹਨਾਂ ਨੇ ਆਪਰੇਸ਼ਨ ਸਿੰਦੂਰ ਦੀਆਂ ਫੜ੍ਹਾਂ ਮਾਰਨੀਆਂ ਸ਼ੁਰੂ ਕੀਤੀਆਂ ਅਤੇ ਇਹ ਕਹਿਣਾ ਸ਼ੁਰੂ ਕੀਤਾ ਕਿ ਹੁਣ ਤੱਕ ਕਿਸੇ ਨੇ ਦਲੇਰੀ ਦਿਖਾਈ ਹੀ ਨਹੀਂ, ਤਾਂ 1971 ਦੀ ਜੰਗ ਦੇ ਦੌਰਾਨ ਭਾਰਤ ਦੀ ਜਿੱਤ ਤੇ ਬੰਗਲਾਦੇਸ਼ ਬਣਨ ਦੀਆਂ ਗੱਲਾਂ ਵੀ ਸਾਹਮਣੇ ਆਉਣ ਲੱਗ ਪਈਆਂ। ਇਸ ਨਾਲ ਇੰਦਰਾ ਗਾਂਧੀ ਦਾ ਤਾਂ ਕੱਦ ਉੱਚਾ ਹੋ ਗਿਆ, ਪਰ ਮੋਦੀ ਬਾਰੇ ਸਰੰਡਰ-ਨਰਿੰਦਰ ਦੇ ਨਾਅਰੇ ਲੱਗਣ ਲੱਗ ਪਏ। ਇਸ ਲਈ ਭਾਜਪਾ ਨੇ ਲੋਕਾਂ ਦੇ ਦਿਮਾਗਾਂ ਨੂੰ ਬਦਲਵੀਂ ਸੋਚ ਵਿੱਚ ਪਾਉਣ ਲਈ ਐਮਰਜੈਂਸੀ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਤਾਂ ਜੋ ਲੋਕ ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ, ਸਿਹਤ ਆਦਿ ਵਰਗੇ ਹੋਰ ਮਸਲਿਆਂ ਬਾਰੇ ਧਿਆਨ ਛੱਡ ਕੇ ਇਹਨਾਂ ਬੇਮਤਲਬੀਆਂ ਗੱਲਾਂ ਵਿਚ ਉਲਝ ਜਾਣ।

ਇਸ ਲਈ ਇਹਨਾਂ ਹਾਲਾਤਾਂ ਨੂੰ ਬੜੀ ਡੂੰਘਾਈ ਨਾਲ ਸਮਝਣ ਦੀ ਲੋੜ ਹੈ ਤੇ ਇਹਨਾਂ ਸਾਜ਼ਿਸ਼ਾਂ ਤੋਂ ਬਚਣ ਦੀ ਤੇ ਆਰ ਐੱਸ ਐੱਸ - ਭਾਜਪਾ ਨੂੰ ਹਰਾਉਣ ਲਈ ਨੀਤੀਆਂ ਤੈਅ ਕਰਨ ਦੀ ਲੋੜ ਹੈ।

**# ਸੰਪਰਕ : 94170-00360**

# ਜਦੋਂ ਮਾਸਟਰੀ ਛੱਡ ਕੇ ਸਿਲਾਈ ਦੀ ਦੁਕਾਨ ਖੋਲ੍ਹੀ


ਮੇਜਰ ਸਿੰਘ ਨਾਭਾ

ਸਿਲਾਈ ਦਾ ਕੰਮ ਪਿਤਾ ਜੀ ਕਰਦੇ ਸੀ। ਇਸ ਲਈ ਘਰ ਅੰਦਰ ਭੈਣ-ਭਰਾਵਾਂ 'ਚੋਂ ਵੱਡਾ ਹੋਣ ਕਾਰਨ ਸਾਰੇ ਕੰਮ ਮੈਨੂੰ ਪਹਿਲਾਂ ਸ਼ੁਰੂ ਕਰਨੇ ਪਏ। ਕੱਪੜਿਆਂ ਦੇ ਬਟਨ ਲਾਉਣੇ, ਕਾਜ ਕਰਨੇ, ਪ੍ਰੈੱਸ ਕਰਨੀ ਬਚਪਨ ਵਿੱਚ ਹੀ ਮੈਂ ਕਰਨੇ ਸ਼ੁਰੂ ਕਰ ਦਿੱਤੇ ਸੀ। ਹੌਲੀ-ਹੌਲੀ ਭੈਣ-ਭਰਾ ਵੀ ਚਾਅ ਨਾਲ ਕੰਮ ਕਰਨ ਲੱਗ ਪਏ। ਸਕੂਲ ਦੀ ਪੜ੍ਹਾਈ, ਮੱਝਾਂ ਦਾ ਕੰਮ, ਕੱਚੇ ਘਰ ਦੀ ਹਰੇਕ ਸਾਲ ਪੋਚਾ-ਪਾਚੀ ਕਰਨੀ ਪੈਂਦੀ ਸੀ। ਹੌਲੀ-ਹੌਲੀ ਹਲਕੇ-ਹਲਕੇ ਕਪੜੇ ਸਿਲਾਈ ਕਰਨ ਵੀ ਲੱਗ ਗਿਆ। ਇਹ ਸਿਲਸਿਲਾ ਬੀ ਏ ਤੋਂ ਬਾਅਦ ਆਰਟ / ਕਰਾਫਟ ਟੀਚਰਜ਼ ਟ੍ਰੇਨਿੰਗ ਦਾ ਡਿਪਲੋਮਾ 1982 'ਚ ਕਰਨ ਤੱਕ ਚਲਦਾ ਰਿਹਾ। ਪਿੰਡ ਹੀ ਸਿੱਧੇ-ਸਾਦੇ ਕੱਪੜੇ ਸਿਲਾਈ ਕਰ ਲੈਂਦੇ ਪਿਤਾ ਜੀ ਕਟਾਈ ਕਰ ਕੇ ਦੇ ਦਿੰਦੇ ਸਨ। ਡੀ ਈ ਓ ਪਟਿਆਲਾ ਵੱਲੋਂ ਰੋਜ਼ਗਾਰ ਦਫਤਰ ਰਾਹੀਂ ਉਮੀਦਵਾਰ ਸੱਦ ਕੇ ਛੇ ਮਹੀਨੇ ਦੇ ਆਧਾਰ ਉੱਪਰ ਜ਼ਿਲ੍ਹੇ ਅੰਦਰ ਖਾਲੀ, ਛੁੱਟੀ ਵਾਲੀ ਥਾਂ 'ਤੇ ਅਧਿਆਪਕਾਂ ਦੀ ਭਰਤੀ ਮੈਰਿਟ ਬਣਾ ਕੇ ਆਰਡਰ ਦਿੱਤੇ ਜਾਂਦੇ ਸਨ। ਟ੍ਰੇਨਿੰਗ ਕਰਨ ਉਪਰੰਤ 1982 ਵਿੱਚ ਮੈਂ ਰੋਜ਼ਗਾਰ ਦਫਤਰ ਨੌਕਰੀ ਲਈ ਨਾਂਅ ਦਰਜ ਕਰਵਾ ਦਿੱਤਾ। ਇਸੇ ਸਾਲ ਹੀ ਮੈਨੂੰ ਐਡਹਾਕ ਅਧਿਆਪਕ ਭਰਤੀ ਦਾ ਰੋਜ਼ਗਾਰ ਦਫਤਰ ਰਾਹੀਂ ਇੰਟਰਵਿਊ ਪੱਤਰ ਆ ਗਿਆ। ਮੈਂ ਇਸ ਭਰਤੀ ਲਈ ਮੈਰਿਟ ਵਿੱਚ ਰਿਜ਼ਰਵਰੇਸ਼ਨ ਕਾਰਨ ਤੀਸਰੇ ਨੰਬਰ 'ਤੇ ਸੀ, ਉਂਝ ਦੂਸਰੇ ਨੰਬਰ 'ਤੇ ਸੀ। ਇਸ ਪੂਰੀ ਲਿਸਟ 'ਚੋਂ ਸਿਰਫ ਦੋ ਅਧਿਆਪਕਾਂ ਨੂੰ ਆਰਡਰ ਮਿਲ ਸਕੇ, ਕਿਉਂ ਕਿ ਇਹ ਲਿਸਟ ਛੇ ਮਹੀਨੇ ਲਈ ਹੀ ਵੈਲਿਡ ਸੀ, ਕਿਉਂ ਕਿ ਇਸ ਅਰਸੇ ਦੌਰਾਨ ਕੋਈ ਹੋਰ ਪੋਸਟ ਖਾਲੀ ਨਾ ਹੋਈ। ਇਸ ਤੋਂ ਬਾਅਦ 1984 'ਚ ਫਿਰ ਦੁਬਾਰਾ ਇੰਟਰਵਿਊ ਦਿੱਤੀ। ਮੇਰਾ ਪਹਿਲਾਂ ਦੀ ਤਰ੍ਹਾਂ ਮੈਰਿਟ 'ਚ ਤੀਸਰਾ ਨੰਬਰ ਹੀ ਸੀ। ਪਹਿਲੇ ਦੋ ਅਧਿਆਪਕ ਜੁਆਇਨ ਕਰ ਗਏ, ਅਖੀਰ 'ਤੇ ਮੈਨੂੰ ਵੀ 18 ਜਨਵਰੀ 1984 ਨੂੰ ਛੁੱਟੀ ਵਾਲੀ ਥਾਂ 'ਤੇ ਆਰਡਰ ਸ.ਮਿ.ਸ. ਨੰਨਹੇੜਾ (ਸਮਾਣਾ) ਦੇ ਮਿਲ ਗਏ। ਇਥੇ ਸੰਬੰਧਤ ਮੈਡਮ ਫਰਜ਼ੀ ਅਬਾਰਸ਼ਨ ਲੀਵ 'ਤੇ ਚੱਲ ਰਹੀ ਸੀ, ਇਸ ਵਿੱਚ ਉਸ ਸਮੇਂ ਵਾਧਾ ਵੀ ਹੋ ਜਾਂਦਾ ਸੀ। ਮੈਡਮ ਨੇ ਛੁੱਟੀ 'ਚ ਹਫਤੇ ਦਾ ਵਾਧਾ ਕਰਵਾ ਲਿਆ। ਇਸ ਲਈ ਮੈਂ ਸਕੂਲੋਂ ਰਿਲੀਵ ਹੋ ਕੇ ਦੁਬਾਰਾ ਦਫਤਰੋਂ ਆਰਡਰ ਲੈ ਕੇ ਇਥੇ ਹੀ ਕੁਝ ਦਿਨ ਹੋਰ ਹਾਜ਼ਰੀ ਦਿੱਤੀ। ਸਕੂਲ ਦੇ ਅਧਿਆਪਕਾਂ ਤੋਂ ਪਤਾ ਲੱਗਿਆ ਕਿ ਹਰੇਕ ਸਾਲ ਉਹ ਮੈਡਮ ਇਸੇ ਤਰ੍ਹਾਂ ਛੁੱਟੀ ਦਾ ਆਨੰਦ ਮਾਣਦੀ ਸੀ। ਮੈਂ ਆਪਣੇ ਪਿੰਡ ਦੇ ਰਮਿੰਦਰ ਕੁਮਾਰ, ਜੋ ਸਮਾਣਾ ਤਹਿਸੀਲ ਦੇ ਦਫਤਰ ਵਿੱਚ ਨੌਕਰੀ ਕਰਦਾ ਸੀ, ਉਸ ਕੋਲ ਰਹਿਣ ਕਰਕੇ ਅਸੀਂ ਸਮਾਣੇ ਤੋਂ ਇਕੱਠੇ ਹੀ ਪਿੰਡ ਆ ਜਾਂਦੇ। ਇਸ ਤੋਂ ਬਾਅਦ ਰਿਲੀਵ ਹੋ ਕੇ ਫਿਰ ਘਰ ਬੈਠ ਗਿਆ, ਕਿਉਂਕਿ ਖਾਲੀ ਜਾਂ ਛੁੱਟੀ ਵਾਲੀ ਕੋਈ ਪੋਸਟ ਜ਼ਿਲ੍ਹੇ 'ਚ ਨਹੀਂ ਸੀ। ਬ੍ਰੇਕ ਜ਼ਿਆਦਾ ਪੈਣ ਦੇ ਡਰੋਂ ਮੈਂ ਕਈ ਦੋਸਤ ਅਧਿਆਪਕਾਂ ਨੂੰ ਛੁੱਟੀ ਦਿਵਾ ਕੇ ਉਨ੍ਹਾਂ ਦੀ ਥਾਂ ਕੁਝ ਦਿਨ ਹਾਜ਼ਰ ਹੁੰਦਾ ਰਿਹਾ। ਇਹ ਵਰਤਾਰਾ 11 ਅਪ੍ਰੈਲ ਤੱਕ ਚੱਲਿਆ। ਮਹੀਨੇ ਦੀ ਬ੍ਰੇਕ ਬਾਅਦ ਮੈਂ ਡੀ ਈ ਓ ਦਫਤਰੋਂ ਆਰਡਰ ਲੈ ਕੇ 10 ਮਈ ਨੂੰ ਖਾਲੀ ਪੋਸਟ 'ਤੇ ਸ.ਮਿ.ਸ. ਮਵੀ ਕਲਾਂ (ਸਮਾਣਾ) ਵਿਖੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਮੈਂ ਰਮਿੰਦਰ ਕੁਮਾਰ ਕੋਲ ਸਮਾਣਾ ਵਿਖੇ ਫਿਰ ਰਹਿਣ ਲੱਗ ਪਿਆ। ਜੂਨ ਚੜ੍ਹਦਿਆਂ ਹੀ ਪੰਜਾਬ ਵਿੱਚ ਕਰਫਿਊ ਲੱਗ ਗਿਆ। ਅਸੀਂ ਪਿੰਡ ਗਏ ਹੋਏ ਸੀ। ਇੰਡੀਅਨ ਮਿਲਟਰੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਕਈ ਦਿਨਾਂ ਬਾਅਦ ਕਰਫਿਊ 'ਚ ਢਿੱਲ ਹੋਣ ਉਪਰੰਤ ਰਮਿੰਦਰ, ਇੱਕ ਹੋਰ ਸਾਥੀ ਅਸੀਂ ਸਾਈਕਲਾਂ 'ਤੇ ਹੀ ਪਿੰਡੋਂ ਸਮਾਣੇ ਨੂੰ ਚੱਲ ਪਏ, ਕਿਉਂ ਕਿ ਅਜੇ ਬੱਸ ਸਰਵਿਸ ਬੰਦ ਸੀ। ਨਾਭੇ ਤੋਂ ਬੂਹੀ ਵਾਲੀ ਨਹਿਰ ਕੱਚੀ ਪਟੜੀ ਹੁੰਦੇ ਹੋਏ ਨਦਾਮਪੁਰ ਦੇ ਪੁਲ ਤੋਂ ਪਿੰਡਾਂ ਵਿੱਚ ਦੀ ਸਿੱਧੇ ਸਮਾਣੇ ਆਪਣੇ ਟਿਕਾਣਿਆਂ 'ਤੇ ਪੁੱਜ ਗਏ, ਜਿਸ ਕਮਰੇ 'ਚ ਅਸੀਂ ਰਹਿੰਦੇ ਸੀ, ਨਾਲ ਦੇ ਘਰੋਂ ਟੀ ਵੀ ਦੀ ਆਵਾਜ਼ ਜਿਸ ਵਿੱਚ ਉਸ ਸਮੇਂ ਦੇ ਅਕਾਲ ਤਖਤ ਦੇ ਜਥੇਦਾਰ ਦਾ ਬਿਆਨ ਵਾਰ-ਵਾਰ ਸੁਣਾਈ ਦੇ ਰਿਹਾ ਸੀ ਕਿ ਤੋਸ਼ਾਖਾਨਾ ਬਿਲਕੁਲ ਠੀਕ-ਠਾਕ ਹੈ, ਪਰ ਹਾਲਾਤ ਕੁਝ ਹੋਰ ਹੀ ਸਨ। ਹੌਲੀ-ਹੌਲੀ ਹਾਲਾਤ ਨਾਰਮਲ ਹੋ ਗਏ। ਇਸ ਤਰ੍ਹਾਂ ਮੈਂ ਖਾਲੀ ਪੋਸਟ ਉੱਪਰ ਇਸ ਸਕੂਲ 'ਚ ਨਿਸਚਿੰਤ ਹੋ ਕੇ ਸੇਵਾ ਨਿਭਾ ਰਿਹਾ ਸੀ। ਅਚਾਨਕ 20 ਜੂਨ 1984 ਨੂੰ ਮੇਰੇ ਤੋਂ ਸੀਨੀਅਰ ਅਧਿਆਪਕਾ ਨੇ ਮੈਨੂੰ ਰਿਲੀਵ ਕਰ ਦਿੱਤਾ ਅਤੇ ਮੈਂ ਡੀ ਈ. ਓ. ਦਫਤਰ ਪਟਿਆਲਾ ਵਿਖੇ ਜਾ ਰਿਪੋਰਟ ਕਰ ਦਿੱਤੀ। ਕੋਈ ਪੋਸਟ ਖਾਲੀ ਨਾ ਹੋਣ ਕਾਰਨ ਮੈਂ ਹੁਣ ਘਰ ਹੀ ਕੰਮ ਕਰਦਾ ਸੀ, ਜੇ ਮੈਂ ਚਾਹੁੰਦਾ ਤਾਂ ਮੈਂ ਕਿਸੇ ਟੀਚਰ ਨੂੰ ਛੁੱਟੀ ਦਿਵਾ ਕੇ ਉਸ ਦੀ ਜਗ੍ਹਾ ਕੁਝ ਦਿਨ ਕੰਮ ਕਰਕੇ ਪਈ ਬ੍ਰੇਕ ਤੋੜ ਕੇ ਸਮਾਂ ਲੰਘਾ ਲੈਂਦਾ, ਇਸੇ ਤਰ੍ਹਾਂ ਹੋਰਾਂ ਟੀਚਰਾਂ ਦੀ ਤਰ੍ਹਾਂ ਮੈਂ ਵੀ ਰੈਗੂਲਰ ਹੋ ਜਾਣਾ ਸੀ। ਆਰਡਰਾਂ ਦੀ ਲੰਮੀ ਉਡੀਕ ਤੋਂ ਬਾਅਦ ਮੇਰੀ ਸੋਚ ਦੁਕਾਨਦਾਰੀ ਵੱਲ ਹੋ ਗਈ, ਕਿਉਂ ਕਿ ਅਸੀਂ ਤਿੰਨੇ ਭਰਾ ਮਾੜੀ-ਮੋਟੀ ਸਿਲਾਈ ਤਾਂ ਕਰ ਲੈਂਦੇ ਸੀ, ਪਰ ਕਟਿੰਗ ਕਿਸੇ ਨੂੰ ਨਹੀਂ ਆਉਂਦੀ ਸੀ। ਉਦੋਂ ਸਿਲਾਈ ਦੇ ਕੰਮ ਦੀ ਦਿਹਾੜੀ ਤਨਖਾਹ ਨਾਲੋਂ ਜ਼ਿਆਦਾ ਜਾਪਦੀ ਸੀ।

ਮੈਨੂੰ ਆਪਣੇ ਆਪ 'ਤੇ ਪਤਾ ਨਹੀਂ ਕਿਵੇਂ ਐਨਾ ਵਿਸ਼ਵਾਸ ਸੀ ਕਿ ਮੈਂ ਬਿਨ੍ਹਾਂ ਸਿਖਲਾਈ ਲਏ ਐਡਾ ਵੱਡਾ ਦੁਕਾਨ ਖੋਲ੍ਹਣ ਦਾ ਕਦਮ ਚੁੱਕ ਲਿਆ। ਮੈਂ ਘਾਹ ਮੰਡੀ ਐੱਮ ਸੀ ਮਾਰਕੀਟ ਵਿੱਚ ਤਿਲਕ ਰਾਜ ਦੁੱਗਲ ਤੋਂ ਦੁਕਾਨ ਕਿਰਾਏ 'ਤੇ ਲੈ ਲਈ। ਮਹੂਰਤ ਦੇ ਕਾਰਡ ਛਪਵਾ ਕੇ ਅਕਤੂਬਰ 1984 ਨੂੰ ਦੁਕਾਨ ਦਾ ਉਦਘਾਟਨ ਕਰ ਦਿੱਤਾ। ਇਸ ਮੌਕੇ ਮੇਰੇ ਮਾਮਾ ਜੀ ਰਾਮ ਸਿੰਘ ਜੱਸਲ ਨੇ ਮੈਨੂੰ ਕਟਿੰਗ ਬਾਰੇ ਮੁੱਢਲੇ ਕੁਝ ਨੁਕਤੇ ਦੱਸ ਦਿੱਤੇ। ਤਿੰਨ ਕੁ ਮਹੀਨੇ ਬਾਅਦ ਮਿਊਂਸਪਲ ਕਮੇਟੀ ਨੇ ਮਾਰਕੀਟ 'ਚ ਖਾਲੀ ਪਈਆਂ ਦੁਕਾਨਾਂ ਦੀ ਬੋਲੀ ਰੱਖ ਲਈ ਤਾਂ ਮੈਂ ਇੱਕ ਦੁਕਾਨ ਆਪਣੇ ਨਾਂਅ 'ਤੇ ਬੋਲੀ ਦੇ ਕੇ ਲੈ ਲਈ ਅਤੇ ਇਸ ਦੁਕਾਨ ਵਿੱਚ ਕੰਮ ਸ਼ੁਰੂ ਕਰ ਦਿੱਤਾ। ਫਿਰ ਤਾਂ ਮੈਂ ਕੁਝ ਨਹੀਂ ਦੇਖਿਆ ਅੱਗੇ ਨੂੰ ਵਧਦੇ ਗਏ। ਇੱਕ ਵਾਰੀ ਤਾਂ ਸ਼ਹਿਰ 'ਚ 'ਸਟੂਡੈਂਟ ਟੇਲਰਜ਼' ਦਾ ਨਾਂਅ ਨਾਮਵਰ ਟੇਲਰਾਂ ਤੱਕ ਪੁੱਜ ਗਿਆ। ਇਸ ਤਰ੍ਹਾਂ ਮੇਰੀ ਵਾਕਫੀਅਤ ਦਾ ਦਾਇਰਾ ਪਿੰਡਾਂ ਤੋਂ ਲੈ ਕੇ ਸ਼ਹਿਰ ਤੱਕ ਵਧਦਾ ਗਿਆ। ਮੈਂ ਨਾਲੋ ਨਾਲ ਬੇਰੁਜ਼ਗਾਰ ਆਰਟ/ਕਰਾਫਟ ਟੀਚਰਜ਼ ਯੂਨੀਅਨ ਨਾਲ ਜੁੜੇ ਹੋਣ ਕਾਰਨ ਯੂਨੀਅਨ ਦੀਆਂ ਮੰਗਾਂ, ਮੀਟਿੰਗਾਂ ਆਦਿ ਬਾਰੇ ਪ੍ਰੈੱਸ ਨੋਟ ਅਖਬਾਰਾਂ ਨੂੰ ਭੇਜਦਾ ਰਹਿੰਦਾ। ਯੂਨੀਅਨ ਦੇ ਪਟਿਆਲਾ ਜ਼ਿਲ੍ਹੇ ਦਾ ਕੰਮ ਮੇਰੀ ਦੁਕਾਨ ਤੋਂ ਹੀ ਚਲਦਾ ਸੀ ਅਤੇ ਮੈਂ ਦੁਕਾਨ ਦੇ ਕੰਮ ਨੂੰ ਵੀ ਸਾਂਭਦਾ, ਸਾਰੇ ਕਾਰੀਗਰਾਂ ਨੂੰ ਕਟਾਈ ਕਰਕੇ ਦੇਣ ਦਾ ਕੰਮ ਮੈਂ ਹੀ ਕਰਦਾ। ਭਰਾ ਅਤੇ ਕਾਰੀਗਰ ਸਿਲਾਈ ਹੀ ਕਰਦੇ। ਇਸ ਦੇ ਨਾਲ ਹੀ ਚੰਡੀਗੜ੍ਹ ਰੈਲੀਆਂ, ਧਰਨਿਆਂ, ਲਗਾਤਾਰ ਭੁੱਖ ਹੜਤਾਲ ਵਿੱਚ ਰਾਤਾਂ ਕੱਟਣ ਦੀ ਵੀ ਹਾਜ਼ਰੀ ਲਵਾਉਂਦਾ। ਸਿੱਖਿਆ ਵਿਭਾਗ 'ਚ ਵਿਭਾਗੀ ਚੋਣ ਕਮੇਟੀ ਵੱਲੋਂ ਮੇਰੀ ਸਿਲੈਕਸ਼ਨ ਹੋਣ ਉਪਰੰਤ ਆਖਿਰ 30 ਅਪ੍ਰੈਲ 1997 ਨੂੰ ਤਕਰੀਬਨ 13 ਸਾਲ ਦੀ ਬਰੇਕ ਬਾਅਦ ਬਤੌਰ ਅ/ਕ ਰੈਗੂਲਰ ਟੀਚਰ ਦੇ ਤੌਰ 'ਤੇ ਸਰਕਾਰੀ ਹਾਈ ਸਕੂਲ ਉਲਾਣਾ ਵਿਖੇ ਹਾਜ਼ਰ ਹੋ ਕੇ ਮੁੜ ਨੌਕਰੀ ਵਿੱਚ ਆਇਆ। ਇਸ ਤਰ੍ਹਾਂ ਹੋਣਾ ਮੇਰੀ ਸਮਝ ਤੋਂ ਬਾਹਰ ਹੈ ਕਿ ਮੇਰਾ ਨੌਕਰੀ 'ਚ ਹੱਥ ਪੈਣ ਦੇ ਬਾਵਜੂਦ ਮੈਂ ਕਾਮਯਾਬ ਕਿਉਂ ਨਾ ਹੋਇਆ, ਨਹੀਂ ਤਾਂ ਮੈਂ ਘੱਟੋ-ਘੱਟ ਲੈਕਚਰਾਰ ਸੇਵਾ-ਮੁਕਤ ਹੁੰਦਾ, ਕਿਉਂ ਕਿ ਐੱਮ ਏ ਮੇਰੀ 1984 ਤੋਂ ਪਹਿਲਾਂ ਹੀ ਕੀਤੀ ਹੋਈ ਸੀ। ਬਾਕੀ ਮੇਰੇ ਨਾਲ ਦੇ ਭਰਤੀ ਹੋਏ ਸਾਥੀ ਸਰਵਿਸ ਵਿੱਚ ਰਹਿ ਗਏ ਅਤੇ ਪੱਕੇ ਹੋ ਕੇ ਬਾਅਦ 'ਚ ਟਿਕ ਕੇ ਸੇਵਾ ਨਿਭਾਉਂਦੇ ਰਹੇ। ਇਹ ਸੰਘਰਸ਼ਮਈ ਜ਼ਿੰਦਗੀ ਦੇ ਪਲ ਮੇਰੇ ਜ਼ਿਹਨ 'ਚ ਹਮੇਸ਼ਾ ਰਹਿਣਗੇ।

**# ਸੰਪਰਕ : 94635-53962**

# ਭੋਜਨ ਦੀ ਕਮੀ ਅਤੇ ਸਾਮਰਾਜਵਾਦੀ ਤਾਕਤਾਂ



ਪਵਨ ਕੁਮਾਰ ਕੌਸ਼ਲ

ਪ੍ਰਮੁੱਖ ਨਿੱਜੀ ਅਦਾਰੇ ਲੁੱਟ ਦਾ ਸਾਧਨ ਦੁਨੀਆ ਭਰ ਦੇ ਕਿਸਾਨਾਂ ਅਤੇ ਖਪਤਕਾਰਾਂ ਲਈ ਖੇਤੀ ਨੂੰ ਰਸਾਇਣਕ ਖੇਤੀਬਾੜੀ ਵੱਲ ਪੂਰਨ ਤੌਰ 'ਤੇ ਲੈ ਕੇ ਜਾਣ ਵਾਲੀਆਂ ਸਾਮਰਾਜਵਾਦੀ ਤਾਕਤਾਂ ਅੱਜ ਵਿਸ਼ਵ ਪੱਧਰ 'ਤੇ ਵਿਸ਼ਵ ਦੀ ਸਮੂਹ ਖੇਤੀ ਨੂੰ ਅਤੇ ਪ੍ਰਮੁੱਖ ਸਨਅਤੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਸਪੁਰਦ ਕਰਨ ਲਈ ਪੱਬਾਂ ਭਾਰ ਹੋਈ ਫਿਰਦੀਆਂ ਹਨ। ਮੁੱਖ ਧਾਰਾ ਮੀਡੀਆ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੁਆਰਾ ਸ਼ਕਤੀਸ਼ਾਲੀ ਵਿੱਤੀ ਹਿੱਤਾਂ ਦੇ ਪੱਖ ਤੋਂ ਪੇਸ਼ ਕੀਤੇ ਗਏ ਭੋਜਨ ਦੀ ਕਮੀ ਅਤੇ ਹਰੀ ਕ੍ਰਾਂਤੀ ਪ੍ਰਤੀ ਦਿਤੇ ਜਾ ਰਹੇ ਤਰਕਾਂ ਦੇ ਗਲਤ ਸਾਬਤ ਹੋਣ ਦੇ ਬਾਵਜੂਦ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਅਧੀਨ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਆਰਥਕ ਅਸਮਾਨਤਾ ਅਤੇ ਸ਼ੋਸ਼ਣਕਾਰੀ ਆਰਥਕ ਵਿਵਸਥਾ ਵਿਸ਼ਵ ਭੁੱਖਮਰੀ ਅਤੇ ਵਾਤਾਵਰਣ ਸੰਕਟ ਦਾ ਇੱਕ ਮੁੱਖ ਕਾਰਕ ਹੈ, ਜਿਸ ਦਾ ਅਸੀਂ ਸਾਹਮਣਾ ਕਰ ਰਹੇ ਹਾਂ। ਇਹ ਪੂੰਜੀਵਾਦੀ ਪ੍ਰਣਾਲੀ ਹੈ, ਜਿਸ ਨੂੰ ਨਿਰੰਤਰ ਵਿਕਾਸ, ਵਿਸਤਾਰਸ਼ੀਲ ਬਾਜ਼ਾਰਾਂ ਅਤੇ ਲੋੜੀਂਦੀ ਮੰਗ ਦੀ ਲੋੜ ਹੈ।

ਕਾਰਪੋਰੇਟ ਅਦਾਰੇ ਅਨਾਜ ਦੀ ਬਣਾਵਟੀ ਤੋਟ ਪੈਦਾ ਕਰਕੇ ਮਨੁੱਖਤਾ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਭਾਰਤ ਉਪਰ ਬਸਤੀਵਾਦੀ ਰਾਜ ਸਮੇਂ 1943 ਵਿੱਚ ਅੰਗਰੇਜ਼ ਸਾਮਰਾਜਵਾਦੀਆਂ ਨੇ ਦੂਜੀ ਸੰਸਾਰ ਜੰਗ ਸਮੇਂ ਬੰਗਾਲ ਵਿੱਚੋਂ ਅਨਾਜ/ਚਾਵਲ ਵੱਡੀ ਮਾਤਰਾ ਵਿੱਚ ਬਾਹਰ ਭੇਜ ਕੇ ਬਣਾਵਟੀ ਥੁੜ੍ਹ ਪੈਦਾ ਕਰ ਦਿੱਤੀ, ਜਦੋਂ ਕਿ ਬੰਗਾਲ ਅੰਦਰ ਅਨਾਜ ਦੀ ਸਖਤ ਲੋੜ ਸੀ। ਇਸ ਬਣਾਵਟੀ ਥੁੜ੍ਹ ਨੇ 20 ਲੱਖ ਤੋਂ ਉਪਰ ਲੋਕਾਂ ਦੀ ਜਾਨ ਲੈ ਲਈ। ਅਸੀਂ ਇੱਕ ਅਜਿਹੀ ਦੁਨੀਆਂ ਵਿੱਚ ਰਹਿ ਰਹੇ ਹਾਂ, ਜਿੱਥੇ ਰਾਜਨੀਤਕ ਸ਼ਕਤੀ ਨੂੰ ਤੇਜ਼ੀ ਨਾਲ ਕੇਂਦਰੀਕ੍ਰਿਤ ਕੀਤਾ ਜਾ ਰਿਹਾ ਹੈ ਅਤੇ ਬਦਲੇ ਵਿੱਚ ਇਹ ਕਾਰਪੋਰੇਟ ਪ੍ਰਭਾਵ ਲਈ ਇੱਕ ਅਨੁਕੂਲ ਵਾਤਾਵਰਣ ਬਣਾਉਂਦਾ ਹੈ। ਵੱਡੀਆਂ ਕਾਰਪੋਰੇਸ਼ਨਾਂ ਆਪਣੇ ਵਿਸ਼ਾਲ ਸਰੋਤਾਂ ਦੇ ਨਾਲ, ਆਪਣੇ ਲਾਬਿੰਗ ਯਤਨਾਂ ਨੂੰ ਵਧੇਰੇ ਆਸਾਨੀ ਨਾਲ ਕੇਂਦਰਤ ਕਰ ਸਕਦੀਆਂ ਹਨ ਅਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੇ ਅਧੀਨ ਕਰ ਸਕਦੀਆਂ ਹਨ, ਜਿਸ ਨਾਲ ਨਿਯਮ ਅਤੇ ਕਾਨੂੰਨ ਬਣਦੇ ਹਨ, ਜੋ ਛੋਟੇ ਉੱਦਮਾਂ ਅਤੇ ਆਮ ਲੋਕਾਂ ਦੀਆਂ ਜ਼ਰੂਰਤਾਂ ਅਤੇ ਅਧਿਕਾਰਾਂ ਪ੍ਰਤੀ ਆਮ ਜਨਤਾ ਨਾਲ ਖੜਣ ਨਾਲੋਂ ਵੱਡੇ ਕਾਰੋਬਾਰਾਂ ਦੇ ਪੱਖ ਵਿੱਚ ਜਾਂਦੀਆਂ ਹਨ। ਇਸ ਦੇ ਨਤੀਜੇ ਵਜੋਂ ਮੁੱਠੀ ਭਰ ਕਾਰਪੋਰੇਟ ਦਿੱਗਜ਼ਾਂ ਦਾ ਦਬਦਬਾ ਪੈਦਾ ਹੋ ਜਾਂਦਾ ਹੈ। ਖੇਤੀਬਾੜੀ ਵਿੱਚ ਕਾਰਪੋਰੇਟ ਤਾਕਤਾਂ ਦੇ ਏਕੀਕਰਨ ਸਦਕਾ ਕਿਸਾਨਾਂ, ਆਮ ਲੋਕਾਂ ਅਤੇ ਵਾਤਾਵਰਣ ਲਈ ਦੂਰਗਾਮੀ ਅਤੇ ਡੂੰਘੇ ਚਿੰਤਾਜਨਕ ਪ੍ਰਭਾਵ ਪੈਦਾ ਹੋ ਜਾਂਦੇ ਹਨ। ਕੁਝ ਅੰਤਰ-ਰਾਸ਼ਟਰੀ ਕਾਰਪੋਰੇਸ਼ਨਾਂ ਦੇ ਹੱਥਾਂ ਵਿੱਚ ਨਿਯੰਤਰਣ ਦੇ ਇਸ ਕੇਂਦਰੀਕਰਨ ਨੇ ਇੱਕ ਅਜਿਹੀ ਪ੍ਰਣਾਲੀ ਬਣਾਈ ਹੈ,ਜੋ ਵਾਤਾਵਰਣ ਸਥਿਰਤਾ, ਸਿਹਤ ਅਤੇ ਭੋਜਨ ਪ੍ਰਭੂਸੱਤਾ ਨਾਲੋਂ ਮੁਨਾਫੇ ਨੂੰ ਤਰਜੀਹ ਦਿੰਦੀਆਂ ਹਨ। ਕਿਸਾਨਾਂ ਲਈ ਇਸਦੇ ਨਤੀਜੇ ਭਿਆਨਕ ਹਨ। ਖੇਤੀਬਾੜੀ ਉਦਯੋਗ ਅੰਦਰ ਪੂੰਜੀ ਦੀ ਪਕੜ ਅਤੇ ਏਕੀਕਰਨ ਨੇ ਛੋਟੇ ਫਾਰਮਾਂ ਦੀ ਗਿਣਤੀ ਵਿੱਚ ਨਾਟਕੀ ਕਮੀ ਲਿਆਂਦੀ ਹੈ। ਵਾਤਾਵਰਣ ਪੱਖੋਂ,ਇਸ ਕਾਰਪੋਰੇਟ-ਨਿਯੰਤਰਿਤ ਪ੍ਰਣਾਲੀ ਦੇ ਨਤੀਜੇ ਵਿਨਾਸ਼ਕਾਰੀ ਹਨ।

ਭਾਰਤ ਵਿੱਚ ਨਵਉਦਾਰਵਾਦੀ ਨੀਤੀਆਂ ਅਤੇ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਦੇ ਵਧ ਰਹੇ ਪ੍ਰਭਾਵ ਦੁਆਰਾ ਸੰਚਾਲਿਤ ਇਹ ਰੁਝਾਨ ਭਾਰਤੀ ਖੇਤੀਬਾੜੀ ਦੇ ਦ੍ਰਿਸ਼ ਨੂੰ ਇਸ ਤਰੀਕੇ ਨਾਲ ਮੁੜ ਆਕਾਰ ਦੇ ਰਹੇ ਹਨ, ਜੋ ਰਵਾਇਤੀ ਖੇਤੀ ਅਭਿਆਸਾਂ, ਭੋਜਨ ਸੁਰੱਖਿਆ ਅਤੇ ਪੇਂਡੂ ਰੋਜ਼ੀ-ਰੋਟੀ ਲਈ ਖ਼ਤਰਾ ਪੈਦਾ ਕਰਦੇ ਹਨ। ਸਭ ਤੋਂ ਮਹੱਤਵਪੂਰਨ ਪ੍ਰਭਾਵਾਂ ਵਿੱਚੋਂ ਇੱਕ ਛੋਟੇ ਅਤੇ ਸੀਮਾਂਤ ਕਿਸਾਨਾਂ ਪ੍ਰਤੀ ਹੈ, ਜੋ ਭਾਰਤ ਦੇ ਕਿਸਾਨ ਭਾਈਚਾਰੇ ਦਾ ਲਗਭਗ 85 ਪ੍ਰਤੀਸ਼ਤ ਬਣਦੇ ਹਨ। ਅੱਗੇ ਰਸਤਾ ਹੋਰ ਭੀ ਚੁਣੌਤੀਪੂਰਨ ਹੈ, ਪਰ ਇੱਕ ਅਜਿਹੀ ਦੁਨੀਆ ਦਾ ਵਿਕਲਪ ਜਿੱਥੇ ਸਾਡੀ ਭੋਜਨ ਪ੍ਰਣਾਲੀ ਮੁੱਠੀ-ਭਰ ਕਾਰਪੋਰੇਸ਼ਨਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ, ਜਿੱਥੇ ਜੈਵ ਵਿਭਿੰਨਤਾ ਨੂੰ ਤਬਾਹ ਕਰ ਦਿੱਤਾ ਜਾਂਦਾ ਹੈ, ਜਿੱਥੇ ਕਿਸਾਨਾਂ ਨੂੰ ਖੁਦ ਆਪਣੀ ਜ਼ਮੀਨ 'ਤੇ ਗੁਲਾਮ ਬਣਾ ਦਿੱਤਾ ਜਾਂਦਾ ਹੈ।

ਇਸ ਦੇ ਬਾਵਜੂਦ ਭਾਰਤ ਖੇਤੀ ਉਤਪਾਦਨ ਵਿੱਚ ਮੂਹਰਲੀਆਂ ਸਫਾਂ 'ਚ ਆਉਂਦਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਸਾਲ 2024-25 ਲਈ ਮੁੱਖ ਖੇਤੀਬਾੜੀ ਫਸਲਾਂ ਦੇ ਉਤਪਾਦਨ ਦਾ ਅਗਾਊਂ ਅਨੁਮਾਨ ਜਾਰੀ ਕੀਤਾ ਹੈ। ਅਨੁਮਾਨਤ ਸਰਵੇ ਅਨੁਸਾਰ ਸਾਉਣੀ ਅਨਾਜ ਉਤਪਾਦਨ ਲਗਭਗ 664 ਲੱਖ ਮੀਟ੍ਰਿਕ ਟਨ ਹੈ, ਜਦੋਂ ਕਿ ਹਾੜ੍ਹੀ ਅਨਾਜ ਉਤਪਾਦਨ 645 ਲੱਖ ਮੀਟ੍ਰਿਕ ਟਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਵਿੱਤੀ ਸਾਲ 2024 ਵਿੱਚ ਭਾਰਤ ਦਾ ਅਨਾਜ ਉਤਪਾਦਨ ਰਿਕਾਰਡ 332.298 ਮਿਲੀਅਨ ਮੀਟ੍ਰਿਕ ਟਨ ਤੱਕ ਪਹੁੰਚ ਗਿਆ, ਜੋ ਪਿਛਲੇ ਸਾਲ ਦੇ 329.687 ਮੀਟ੍ਰਿਕ ਟਨ ਨੂੰ ਪਾਰ ਕਰ ਗਿਆ। ਸਾਡੀ ਆਬਾਦੀ ਨਵੰਬਰ 2022 ਵਿੱਚ 8 ਬਿਲੀਅਨ (ਅਰਬ) ਦੇ ਅੰਕੜੇ ਨੂੰ ਛੂਹ ਗਈ ਹੈ। ਕਾਰਪੋਰੇਟ ਘਰਾਣਿਆਂ ਦੀ ਬਦੌਲਤ 800 ਮਿਲੀਅਨ ਤੋਂ ਵੱਧ ਲੋਕ ਪਹਿਲਾਂ ਹੀ ਭੁੱਖਮਰੀ ਨਾਲ ਜੂਝ ਰਹੇ ਹਨ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਸਾਲ 2024-25 ਲਈ ਮੁੱਖ ਖੇਤੀਬਾੜੀ ਫਸਲਾਂ ਦੇ ਉਤਪਾਦਨ ਦਾ ਦੂਜਾ ਐਡਵਾਂਸ ਅਗਾਊਂ ਅਨੁਮਾਨ ਜਾਰੀ ਕੀਤਾ ਹੈ। ਅਨੁਮਾਨਤ ਸਾਉਣੀ ਅਨਾਜ ਉਤਪਾਦਨ ਲਗਭਗ 664 ਲੱਖ ਮੀਟ੍ਰਿਕ ਟਨ ਹੈ, ਜਦੋਂ ਕਿ ਹਾੜ੍ਹੀ ਅਨਾਜ ਉਤਪਾਦਨ 645 ਲੱਖ ਮੀਟ੍ਰਿਕ ਟਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਭੋਜਨ ਦਾ ਬਰਬਾਦ ਹੋਣਾ ਵੀ ਭੁੱਖਮਰੀ ਦਾ ਕਾਰਨ ਬਣਦਾ ਹੈ। ਟੈਕਸ, ਫਸਲਾਂ ਉਪਰ ਕੁਦਰਤ ਦੀ ਮਾਰ, ਫਸਲਾਂ ਦੀ ਅਸਫਲਤਾ, ਵਿਰਾਸਤ ਦੀ ਵੰਡ ਅਤੇ ਮੁਕੱਦਮੇ ਇੱਕ ਤੋਂ ਬਾਅਦ ਇੱਕ ਕਿਸਾਨ ਨੂੰ ਸੂਦਖੋਰ ਦੇ ਹੱਥਾਂ ਵਿੱਚ ਧੱਕਦੇ ਹਨ। ਕਰਜ਼ਾ ਹੋਰ ਵੀ ਆਮ ਹੁੰਦਾ ਜਾਂਦਾ ਹੈ ਅਤੇ ਹਰੇਕ ਮਾਮਲੇ ਵਿੱਚ ਮਾਤਰਾ ਵਿੱਚ ਲਗਾਤਾਰ ਵਧਦਾ ਜਾਂਦਾ ਹੈ - ਸੰਖੇਪ ਵਿੱਚ ਸਾਡਾ ਛੋਟਾ ਕਿਸਾਨ, ਪਿਛਲੇ ਉਤਪਾਦਨ ਪ੍ਰਣਾਲੀ ਦੇ ਹਰ ਦੂਜੇ ਬਚਾਅ ਵਾਂਗ ਨਿਰਾਸ਼ਾਜਨਕ ਤੌਰ 'ਤੇ ਬਰਬਾਦ ਹੋ ਗਿਆ ਹੈ। ਉਹ ਇੱਕ ਭਵਿੱਖ ਦਾ ਪ੍ਰੋਲੇਤਾਰੀ ਹੈ। ਆਰਥਿਕ ਸਰਵੇਖਣ ਦੇ ਅਨੁਸਾਰ ਸੇਵਾ ਖੇਤਰ ਭਾਰਤ ਦੀ ਆਰਥਿਕਤਾ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ, ਜੋ ਕਿ ਅਰਥ-ਵਿਵਸਥਾ ਦੇ ਕੁੱਲ ਆਕਾਰ ਦਾ ਲਗਭਗ 55 ਫੀਸਦੀ ਬਣਦਾ ਹੈ। ਇਸ ਖੇਤਰ ਵਿੱਚ ਆਈ ਟੀ, ਵਿੱਤ, ਸਿਹਤ ਸੰਭਾਲ ਅਤੇ ਪ੍ਰਚੂਨ ਵਰਗੇ ਉਦਯੋਗਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੈ, ਵੀ ਕੰਗਾਲੀ ਦੀ ਮਾਰ ਹੇਠ ਹੈ। ਸਿਹਤ, ਸਿੱਖਿਆ ਅਤੇ ਉਦਯੋਗ ਇੱਕ ਦੇਸ਼ ਦੇ ਆਰਥਿਕ ਵਿਕਾਸ ਲਈ ਮਹੱਤਵਪੂਰਨ ਹਿੱਸੇ ਹਨ। ਸਿਹਤਮੰਦ ਆਬਾਦੀ ਵਧੇਰੇ ਉਤਪਾਦਕ ਹੁੰਦੀ ਹੈ, ਪੜ੍ਹੇ-ਲਿਖੇ ਆਬਾਦੀ ਵਧੇਰੇ ਨਵੀਨਤਾਕਾਰੀ ਅਤੇ ਅਨੁਕੂਲ ਹੁੰਦੇ ਹਨ ਅਤੇ ਇੱਕ ਮਜ਼ਬੂਤ ਉਦਯੋਗਿਕ ਖੇਤਰ ਨੌਕਰੀਆਂ ਪੈਦਾ ਕਰਦਾ ਹੈ ਅਤੇ ਆਰਥਿਕ ਗਤੀਵਿਧੀਆਂ ਨੂੰ ਚਲਾਉਂਦਾ ਹੈ। ਆਰਥਿਕ ਦ੍ਰਿਸ਼ਟੀਕੋਣ ਤੋਂ ਸਿਹਤ ਦਾ ਬਹੁਤ ਮਹੱਤਵ ਹੈ। ਸਿਹਤਮੰਦ ਆਬਾਦੀ ਇੱਕ ਅਰਥ ਵਿਵਸਥਾ ਲਈ ਇੱਕ ਸੰਪਤੀ ਹੈ, ਜਦੋਂ ਕਿ ਬਿਮਾਰ ਅਤੇ ਬਜ਼ੁਰਗ ਆਬਾਦੀ ਇੱਕ ਬੋਝ ਮੰਨਿਆ ਜਾਂਦਾ ਹੈ। ਇੱਕ ਵਿਅਕਤੀ ਦੇ ਦ੍ਰਿਸ਼ਟੀਕੋਣ ਤੋਂ ਸਿਹਤ ਦੋਹਰੇ ਕਾਰਜ ਕਰਦੀ ਹੈ। ਖੇਤੀਬਾੜੀ ਦੀ ਕੀਮਤ 'ਤੇ ਸਨਅਤੀਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਉਦਯੋਗ ਨੌਕਰੀ ਦੇ ਮੌਕੇ ਪੈਦਾ ਕਰਦੇ ਹਨ, ਜੋ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇਸ ਨਾਲ ਵਿਅਕਤੀਆਂ ਲਈ ਆਮਦਨੀ ਦਾ ਪੱਧਰ ਉੱਚਾ ਹੁੰਦਾ ਹੈ ਅਤੇ ਬਹੁ-ਗਿਣਤੀ ਆਬਾਦੀ ਦੀ ਖਰੀਦ ਸ਼ਕਤੀ ਵਧਦੀ ਹੈ। ਆਰਥਿਕ ਵਿਕਾਸ ਉਦਯੋਗਿਕ ਖੇਤਰ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਪ੍ਰੰਤੂ ਅਸਲੀਅਤ ਇਸ ਤੋਂ ਉਲਟ ਹੈ। ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਭਾਰਤੀ ਅਰਥ ਵਿਵਸਥਾ ਵਿੱਚ ਸਭ ਤੋਂ ਵੱਧ ਰੁਜ਼ਗਾਰ ਪ੍ਰਦਾਨ ਕਰਦੀਆਂ ਹਨ। ਭਾਰਤ ਵਿੱਚ, ਖੇਤੀਬਾੜੀ ਆਬਾਦੀ ਦੇ 50-60 ਫੀਸਦੀ ਨੂੰ ਰੁਜ਼ਗਾਰ ਦਿੰਦੀ ਹੈ। ਖੇਤੀਬਾੜੀ ਨੂੰ ਪ੍ਰਾਇਮਰੀ ਸੈਕਟਰ ਵਿੱਚ ਸ਼ਾਮਲ ਕੀਤਾ ਗਿਆ ਹੈ, ਪ੍ਰੰਤੂ ਸਰਕਾਰ ਇਸ ਖੇਤਰ ਨੂੰ ਵੀ ਕਿਸਾਨਾ ਤੋਂ ਖੋਹ ਕਿ ਕਾਰਪੋਰੇਟ ਘਰਾਣਿਆਂ ਸਪੁਰਦ ਕਰਨ ਲਈ ਕੋਝੇ ਹੱਥਕੰਡੇ ਵਰਤ ਰਹੀ ਹੈ। ਭਾਰਤ ਅੰਦਰ ਖੇਤੀਬਾੜੀ ਬਰਬਾਦੀ ਦੀ ਸ਼ੁਰੂਆਤ 2005 ਦਾ ਵਿਸ਼ੇਸ਼ ਆਰਥਕ ਜ਼ੋਨ ਐਕਟ ਜੂਨ 2005 ਵਿੱਚ ਸੰਸਦ ਦੁਆਰਾ ਪਾਸ ਹੋਣ ਤੋਂ ਬਾਅਦ ਹੋ ਗਈ। ਇਹ ਕਾਨੂੰਨ ਫਰਵਰੀ 2006 ਵਿੱਚ ਲਾਗੂ ਹੋਇਆ ਭਾਰਤ ਵਿੱਚ ਵਿਕਾਸ ਦੁਆਰਾ ਪ੍ਰੇਰਿਤ ਆਬਾਦੀ ਦੇ ਵਿਸਥਾਪਨ ਦੀ ਇੱਕ ਹੋਰ ਉਦਾਹਰਣ ਪੇਸ਼ ਕਰਦਾ ਹੈ। ਵਿਸ਼ੇਸ਼ ਆਰਥਕ ਜ਼ੋਨ ਸਥਾਪਤ ਕਰਨ ਲਈ ਜ਼ਮੀਨ ਕੰਪਨੀਆਂ ਦੁਆਰਾ ਸਿੱਧੇ ਤੌਰ 'ਤੇ ਕਿਸਾਨਾਂ ਅਤੇ ਕਾਸ਼ਤਕਾਰਾਂ ਤੋ ਪ੍ਰਾਪਤ ਕੀਤੀ ਜਾਂਦੀ ਹੈ। ਵਿਸ਼ੇਸ਼ ਆਰਥਕ ਜ਼ੋਨ ਲਈ ਜ਼ਮੀਨ ਪ੍ਰਾਪਤ ਕਰਨ ਦੇ ਨਿਯਮ 1894 ਦੇ ਭੂਮੀ ਪ੍ਰਾਪਤੀ ਐਕਟ 'ਤੇ ਅਧਾਰਤ ਸਨ। ਵਿਸ਼ੇਸ਼ ਆਰਥਕ ਜ਼ੋਨ ਨੂੰ ਕਸਟਮ ਡਿਊਟੀਆਂ, ਆਮਦਨ ਟੈਕਸ, ਵਿਕਰੀ ਟੈਕਸ, ਸੇਵਾ ਟੈਕਸ ਅਤੇ ਜੀ.ਐਸ.ਟੀ. ਤੋਂ ਛੋਟ ਮਿਲੇਗੀ। ਇਸ ਸਮੇਂ ਭਾਰਤ ਵਿੱਚ 276 ਵਿਸ਼ੇਸ਼ ਆਰਥਕ ਜ਼ੋਨ ਕਾਰਜਸ਼ੀਲ ਹਨ। ਭਾਰਤ ਵਿੱਚ 237 ਵਿਸ਼ੇਸ਼ ਆਰਥਕ ਜ਼ੋਨ 86,107 ਹੈਕਟੇਅਰ ਰਕਬੇ 'ਤੇ ਕਾਬਜ਼ ਹਨ, ਜਿਨ੍ਹਾਂ ਨੂੰ ਕੇਂਦਰ ਸਰਕਾਰ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ। 500 ਦੇ ਕਰੀਬ ਵਿਸ਼ੇਸ਼ ਆਰਥਕ ਜ਼ੋਨ ਸਥਾਪਤ ਕਰਨ ਦਾ ਟੀਚਾ ਹੈ, ਜਿਨ੍ਹਾਂ ਅਧੀਨ ਪ੍ਰਾਪਤ ਕੀਤੀ ਜਾਣ ਵਾਲੀ ਕੁੱਲ ਜ਼ਮੀਨ 1,50,000 ਹੈਕਟੇਅਰ ਰਾਸ਼ਟਰੀ ਰਾਜਧਾਨੀ ਖੇਤਰ ਦੇ ਘੇਰੇ ਅੰਦਰ ਆਉਂਦੀ ਹੈ। ਇਹ ਜ਼ਮੀਨ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਆਮ ਤੌਰ 'ਤੇ ਬਹੁ-ਫਸਲੀ ਜ਼ਮੀਨ ਹੈ, ਜਿਹੜੀ ਲਗਭਗ 10 ਲੱਖ ਟਨ ਅਨਾਜ ਪੈਦਾ ਕਰਨ ਦੇ ਸਮਰੱਥ ਹੈ। ਜੇਕਰ ਭਵਿੱਖ ਵਿੱਚ ਹੋਰ ਵਿਸ਼ੇਸ਼ ਆਰਥਕ ਜ਼ੋਨ ਸਥਾਪਤ ਕਰਨ ਲਈ ਹੋਰ ਕਾਸ਼ਤਯੋਗ ਜ਼ਮੀਨ ਪ੍ਰਾਪਤ ਕੀਤੀ ਜਾਂਦੀ ਹੈ, ਤਾਂ ਉਹ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣਗੇ। ਅੰਦਾਜ਼ੇ ਦਰਸਾਉਂਦੇ ਹਨ ਕਿ ਲਗਭਗ 1,14,000 ਕਿਸਾਨ ਪਰਵਾਰ (ਹਰੇਕ ਘਰ ਵਿੱਚ ਔਸਤਨ ਪੰਜ ਮੈਂਬਰ ਹੁੰਦੇ ਹਨ) ਅਤੇ 82,000 ਵਾਧੂ ਖੇਤ ਮਜ਼ਦੂਰ ਪਰਵਾਰ ਜੋ ਆਪਣੀ ਰੋਜ਼ੀ-ਰੋਟੀ ਲਈ ਇਨ੍ਹਾਂ ਫਾਰਮਾਂ 'ਤੇ ਨਿਰਭਰ ਹਨ, ਨੂੰ ਬੇਘਰ ਕਰ ਦਿੱਤਾ ਜਾਵੇਗਾ। ਸਪਲਾਈ ਚੇਨਾਂ ਵਿੱਚ ਬਹੁਤ ਜ਼ਿਆਦਾ ਸ਼ੋਸ਼ਣ ਫੈਲੇ ਹੋਣ ਕਾਰਨ ਲੱਖਾਂ ਲੋਕਾਂ ਲਈ ਅਨਾਜ ਦੀ ਥੁੜ੍ਹ ਪੈਦਾ ਕਰਦਾ ਹੈ, ਜਦੋਂ ਕਿ ਵੱਡੀ ਮਾਤਰਾ ਵਿੱਚ ਭੋਜਨ ਨਸ਼ਟ ਹੋ ਜਾਂਦਾ ਹੈ, ਭੋਜਨ ਨੂੰ ਇੱਕ ਵਸਤੂ ਬਣਾਉਣ ਦਾ ਕੁਦਰਤੀ ਨਤੀਜਾ ਹੈ, ਸਿਰਫ ਮੁਨਾਫ਼ੇ ਲਈ ਤਿਆਰ ਅਤੇ ਵੇਚਿਆ ਜਾਂਦਾ ਹੈ।

ਭਾਰਤ ਇੱਕ ਪ੍ਰਮੁੱਖ ਅਨਾਜ ਉਤਪਾਦਕ ਦੇਸ਼ ਹੈ, ਨੇ ਸਾਲ 2024-25 ਵਿੱਚ 3,539.59 ਲੱਖ ਮੀਟ੍ਰਿਕ ਟਨ ਦਾ ਰਿਕਾਰਡ ਅਨਾਜ ਉਤਪਾਦਨ ਪ੍ਰਾਪਤ ਕਰਨ ਦਾ ਅਨੁਮਾਨ ਲਗਾਇਆ ਹੈ, ਜੋ ਕਿ 2023-24 ਵਿੱਚ ਪੈਦਾ ਹੋਏ 3,322.98 ਲੱਖ ਮੀਟ੍ਰਿਕ ਟਨ ਨਾਲੋਂ ਵੱਧ ਹੈ।

ਪ੍ਰੈੱਸ ਇਨਫਰਮੇਸ਼ਨ ਬਿਊਰੋ ਦੇ ਅਨੁਸਾਰ ਫਿਰ ਵੀ 7000 ਤੋਂ ਵੱਧ ਭਾਰਤੀ ਭੁੱਖਮਰੀ ਕਾਰਨ ਪ੍ਰਤੀ ਦਿਨ ਮਰਦੇ ਹਨ। ਹਾਲ ਹੀ ਦੇ ਅੰਕੜਿਆਂ ਤੋਂ ਪ੍ਰਾਪਤ ਰਿਪੋਰਟਾਂ ਦੇ ਅਨੁਸਾਰ ਹਰ ਸਾਲ 25 ਲੱਖ ਭਾਰਤੀ ਭੁੱਖਮਰੀ ਕਾਰਨ ਮਰਦੇ ਹਨ। ਅਮਰੀਕਾ ਵਿੱਚ 47 ਮਿਲੀਅਨ ਤੋਂ ਵੱਧ ਲੋਕ ਭੁੱਖਮਰੀ ਦਾ ਸਾਹਮਣਾ ਕਰਦੇ ਹਨ। ਅਨਾਜ ਦਾ ਉਤਪਾਦਨ ਵਿਸ਼ਵ ਆਬਾਦੀ ਦੀ ਲੋੜ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਪਿਛਲੇ ਦਹਾਕਿਆਂ ਨਾਲੋਂ ਪ੍ਰਤੀ ਵਿਅਕਤੀ ਵੱਧ ਅਨਾਜ ਪੈਦਾ ਹੋਇਆ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦਾ ਅਨੁਮਾਨ ਹੈ ਕਿ ਸੰਯੁਕਤ ਰਾਸ਼ਟਰ ਦੇ ਅਨੁਸਾਰ 2022 ਵਿੱਚ 1.05 ਬਿਲੀਅਨ ਟਨ ਭੋਜਨ ਬਰਬਾਦ ਕੀਤਾ ਗਿਆ ਸੀ। ਇਹ ਪ੍ਰਤੀ ਵਿਅਕਤੀ 132 ਕਿਲੋਗ੍ਰਾਮ ਹੈ ਅਰਥਾਤ ਹਰ ਸਾਲ 30 ਫੀਸਦੀ ਤੋਂ ਵੱਧ ਭੋਜਨ ਬਰਬਾਦ ਹੋ ਜਾਂਦਾ ਹੈ। ਦੁਨੀਆ ਭਰ ਦੇ ਕਿਸਾਨਾਂ ਅਤੇ ਖਪਤਕਾਰਾਂ ਲਈ ਸਧਾਰਨ ਖੇਤੀ ਨੂੰ ਰਸਾਇਣਕ ਖੇਤੀਬਾੜੀ ਨੂੰ ਧੱਕਣ ਵਾਲੀਆਂ ਗਤੀਸ਼ੀਲਤਾਵਾਂ ਦਾ ਵਿਰੋਧ ਕਰਨ ਲਈ ਲਾਮਬੰਦ ਹੋਣ ਦੀ ਲੋੜ ਹੈ ਅਤੇ ਇਨ੍ਹਾਂ ਵਿਨਾਸ਼ਕਾਰੀ ਅਤੇ ਸ਼ਿਕਾਰੀ ਤਾਕਤਾਂ ਦੇ ਰਾਹ ਵਿੱਚ ਖੜ੍ਹੇ ਲੋਕਾਂ ਅਤੇ ਸੰਗਠਨਾਂ ਦੇ ਵਿਭਿੰਨ ਅੰਦੋਲਨ ਦੀ ਤਾਕਤ ਨੂੰ ਮੂਹਰੇ ਲਿਆਉਣ ਦੇ ਉਪਰਾਲੇ ਕਰਨ ਦੀ ਜ਼ਰੂਰਤ ਹੈ।

**# ਸੰਪਰਕ : 98550-04500**

## ਕੇਂਦਰ ਦੀ ਭਾਜਪਾ ਸਰਕਾਰ ਨੇ ਦੇਸ਼ ਨੂੰ ਚਿੰਤਾਜਨਕ ਸਥਿਤੀ ਵੱਲ ਧੱਕਿਆ : ਨਰਿੰਦਰ ਸੋਹਲ

**ਸੀ ਪੀ ਆਈ ਜ਼ਿਲ੍ਹਾ ਫਿਰੋਜ਼ਪੁਰ ਦੀ ਕੌਂਸਲ ਮੀਟਿੰਗ ’ਚ ਕੌਮੀ ਕਾਂਗਰਸ ਦੀਆਂ ਲੱਗੀਆਂ ਡਿਊਟੀਆਂ ’ਤੇ ਚਰਚਾ**



**ਗੁਰੂ ਹਰਸਹਾਏ/ਫਿਰੋਜ਼ਪੁਰ (ਜੀਤ ਕੁਮਾਰ)**-ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਫਿਰੋਜ਼ਪੁਰ ਕੌਂਸਲ ਦੀ ਮੀਟਿੰਗ ਕਾਮਰੇਡ ਜੀਤ ਕੁਮਾਰ ਚੌਹਾਨ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਵਿੱਚ ਹੋਈ, ਜਿਸ ਵਿੱਚ ਕਾਮਰੇਡ ਨਰਿੰਦਰ ਕੌਰ ਸੋਹਲ ਕੌਮੀ ਕੌਂਸਲ ਮੈਂਬਰ ਜ਼ਿਲ੍ਹਾ ਇੰਚਾਰਜ ਫਿਰੋਜ਼ਪੁਰ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਨਰਿੰਦਰ ਸੋਹਲ ਨੇ ਕਿਹਾ ਕਿ ਕੇਂਦਰ ਵਿੱਚ ਰਾਜ ਕਰ ਰਹੀ ਭਾਜਪਾ ਸਰਕਾਰ ਨੇ ਦੇਸ਼ ਨੂੰ ਚਿੰਤਾਜਨਕ ਸਥਿਤੀ ਵਿੱਚ ਧੱਕ ਦਿੱਤਾ ਹੈ, ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੂੰ ਹਿੰਦੂ ਮੁਸਲਿਮ ਵਿਰੁੱਧ ਪ੍ਰਚਾਰ ਕਰਕੇ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਗਈ, ਪਰ ਕਸ਼ਮੀਰ ਵਾਸੀਆਂ ਤੇ ਦੇਸ਼ ਦੇ ਚੇਤਨ ਵਾਸੀਆਂ ਨੇ ਵੱਖਵਾਦੀ ਤਾਕਤਾਂ ਦਾ ਵਿਰੋਧ ਕਰਕੇ ਬੀਜੇਪੀ ਦੀ ਵੰਡ ਪਾਉਣ ਦੀ ਕੋਝੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।ਉਨ੍ਹਾਂ ਕਿਹਾ ਕਿ ਕੇਂਦਰ ਦੀ ਸਰਕਾਰ ਨੇ ਆਪ੍ਰੇਸ਼ਨ ਸੰਧੂਰ ਚਲਾ ਕੇ ਜਨਤਾ ਨੂੰ ਉਨ੍ਹਾਂ ਦੇ ਮੁੱਖ ਮੁੱਦਿਆਂ ਤੇ ਰੋਜ਼ਮਰ੍ਹਾ ਦੇ ਮਸਲਿਆਂ ਤੋਂ ਧਿਆਨ ਹਟਾਉਣ ਦਾ ਕੰਮ ਕੀਤਾ ਅਤੇ ਘਰ ਘਰ ਸੰਧੂਰ ਪਹੁੰਚਾਉਣ ਦਾ ਲੋਕਾਂ ਨੇ ਵਿਰੋਧ ਕੀਤਾ ਤਾਂ ਬੀਜੇਪੀ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ।ਉਨ੍ਹਾਂ ਦੱਸਿਆ ਕਿ ਸਰਕਾਰ ਨਵੀਂ ਹਲਕਾਬੰਦੀ ਕਰਕੇ ਉੱਤਰੀ ਖੇਤਰ ਵਿੱਚ ਸੀਟਾਂ ਵਧਾ ਕੇ ਆਪਣੀ ਤਾਕਤ ਵਧਾਉਣੀ ਚਾਹੁੰਦੀ ਹੈ, ਕਿਉਂਕਿ ਦੱਖਣ ਦੇ ਲੋਕ ਬੀਜੇਪੀ ਨੂੰ ਪਸੰਦ ਨਹੀਂ ਕਰਦੇ।

ਉਨ੍ਹਾਂ ਦੱਸਿਆ ਕਿ ਦੇਸ਼ ਦਾ ਚੋਣ ਕਮਿਸ਼ਨ ਭਾਜਪਾ ਦਾ ਏਜੰਟ ਵਜੋਂ ਕੰਮ ਕਰ ਰਿਹਾ ਹੈ ਤੇ ਬਿਹਾਰ ਵਿੱਚ ਆਮ ਤੇ ਗਰੀਬ ਵੋਟਰਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਬੇਤੁਕੀਆਂ ਸ਼ਰਤਾਂ ਲਗਾ ਕੇ ਵੋਟ ਪਾਉਣ ਤੋਂ ਰੋਕਿਆ ਜਾ ਰਿਹਾ ਹੈ।

ਪੰਜਾਬ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਬਲਡੋਜ਼ਰ ਨੀਤੀ ਨਾਲ ਲੋਕਾਂ ਨੂੰ ਬੇਘਰ ਕੀਤਾ ਜਾ ਰਿਹਾ ਹੈ, ਇਸ ਨਾਲ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਅਮਾਨ ਤੇ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਰਹੀ ਅਤੇ ਸ਼ਰੇਆਮ ਗੁੰਡਾਗਰਦੀ, ਲੁੱਟਾਂ ਖੋਹਾਂ, ਝੂਠੇ ਪੁਲਸ ਮੁਕਾਬਲੇ ਕਰਕੇ ਲੋਕਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਂਗਰਸ, ਜੋ ਚੰਡੀਗੜ੍ਹ ਵਿੱਚ ਹੋ ਰਹੀ ਹੈ, ਦੇ ਲਈ ਵੱਡ ਲਈ ਹੋਈ ਅਪੀਲ ਨੂੰ ਧਿਆਨ ਵਿੱਚ ਰੱਖ ਕੇ ਫੰਡ ਕਰਨ ਦਾ ਕੰਮ ਛੇਤੀ ਨਬੇੜ ਲਿਆ ਜਾਵੇ ਅਤੇ ਚੰਡੀਗੜ੍ਹ ਵਿਖੇ ਹੋ ਰਹੀ ਰੈਲੀ ਵਿੱਚ ਆਮ ਲੋਕਾਂ ਨੂੰ ਦੇਸ਼ ਤੇ ਪੰਜਾਬ ਦੇ ਹਾਲਾਤਾਂ ਤੋਂ ਜਾਣੂ ਕਰਵਾਇਆ ਜਾਵੇ ਤਾਂ ਜੋ ਉਨ੍ਹਾਂ ਨੂੰ ਆਪਣੀਆਂ ਮੰਗਾਂ ਤੇ ਮਸਲਿਆਂ ਦੇ ਹੱਲ ਲਈ ਜਾਗਰੂਕ ਕੀਤਾ ਜਾ ਸਕੇ।

ਮੀਟਿੰਗ ਨੂੰ ਕਾਮਰੇਡ ਕਸ਼ਮੀਰ ਸਿੰਘ ਜ਼ਿਲ੍ਹਾ ਸਕੱਤਰ ਫਿਰੋਜ਼ਪੁਰ, ਕਾਮਰੇਡ ਚਰਨਜੀਤ ਛਾਂਗਾ ਰਾਏ ਬਲਾਕ ਸਕੱਤਰ ਗੁਰੂ ਹਰਸਹਾਏ ਨੇ ਵੀ ਸੰਬੋਧਨ ਕੀਤਾ।ਕਾਮਰੇਡ ਜੀਤ ਕੁਮਾਰ ਚੌਹਾਨ ਨੇ ਮੀਟਿੰਗ ਵਿੱਚ ਪਹੁੰਚੇ ਕੌਂਸਲ ਮੈਂਬਰਾਂ ਤੇ ਆਗੂਆਂ ਦਾ ਧੰਨਵਾਦ ਕੀਤਾ।

## 17 ਜੁਲਾਈ 2020 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਵਿਰੁੱਧ ਰੋਸ

**ਮਾਣਯੋਗ ਸਰਬਉੱਚ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਆਪਣੇ ਹੱਕ ਲੈਣ ਤੋਂ ਵਾਂਝੇ ਮੁਲਾਜ਼ਮ : ਆਗੂ**

**ਜਲਾਲਾਬਾਦ (ਪਰਮਜੀਤ ਢਾਬਾਂ)**-ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਉੱਪਰ ਪੰਜਾਬ ਸਰਕਾਰ ਵੱਲੋਂ ਜਬਰਨ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਕਰਕੇ ਇਨ੍ਹਾਂ ਮੁਲਾਜ਼ਮਾਂ ਨੇ ਪੰਜਾਬ ਦੇ ਤਨਖਾਹ ਸਕੇਲ ਲੈਣ ਲਈ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।ਮਾਣਯੋਗ ਹਾਈਕੋਰਟ ਵੱਲੋਂ 13 ਸਤੰਬਰ 2024 ਨੂੰ ਸਿੰਗਲ ਜੱਜ ਸਾਹਿਬਾਨ ਨੇ 10 ਦਸੰਬਰ 2024 ਨੂੰ ਮਾਣਯੋਗ ਅਦਾਲਤ ਦੇ ਡਬਲ ਬੈਂਚ, 20 ਜਨਵਰੀ 2025 ਤੇ 20 ਮਾਰਚ 2025 ਨੂੰ ਮਾਣਯੋਗ ਸਰਬਉੱਚ ਅਦਾਲਤ ਵੱਲੋਂ ਪੰਜਾਬ ਸਰਕਾਰ ਦੁਆਰਾ ਪਾਈਆਂ ਗਈਆਂ ਸਪੈਸ਼ਲ ਲੀਵ ਪਟੀਸ਼ਨ ਤੇ ਰੀਵਿਊ ਪਟੀਸ਼ਨਾਂ ਨੂੰ ਖਾਰਜ ਕਰਦੇ ਹੋਏ ਮੁਲਾਜ਼ਮਾਂ ਦੇ ਹੱਕ ਵਿੱਚ ਫੈਸਲੇ ਦਿੱਤੇ ਗਏ ਸਨ।ਮਾਣਯੋਗ ਅਦਾਲਤਾਂ ਦੇ ਇਨ੍ਹਾਂ ਫੈਸਲੇ ਦਿੱਤੇ ਗਏ ਹੁਕਮਾਂ ਅਨੁਸਾਰ ਵਿਭਾਗੀ ਨਿਯਮਾਂ ਵਿੱਚ ਸੋਧ ਕਰਕੇ ਮੁੱਖ ਸਕੱਤਰ ਪੰਜਾਬ ਸਰਕਾਰ ਦੀਆਂ 28 ਜਨਵਰੀ 2025 ਨੂੰ ਉੱਚ ਅਧਿਕਾਰੀਆਂ ਦੀ ਕੀਤੀ ਮੀਟਿੰਗ ਵਿੱਚ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਵਿਭਾਗੀ ਨਿਯਮਾਂ ਵਿੱਚ ਤਬਦੀਲੀ ਕਰਕੇ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਲਈ ਜਾਰੀ ਕਰ ਰਹੇ ਹਨ।ਸਿੱਖਿਆ ਵਿਭਾਗ ਪੰਜਾਬ ਸਭ ਤੋਂ ਮੋਹਰੀ ਹੋ ਕੇ ਚੱਲ ਰਿਹਾ ਹੈ, ਜਿਸ ਨੇ ਬੀਤੇ ਦਿਨੀਂ 17 ਜੂਨ ਨੂੰ ਆਪਣੇ ਸੇਵਾ ਨਿਯਮਾਂ ਵਿੱਚ ਤਬਦੀਲੀ ਕਰ ਦਿੱਤੀ ਹੈ।ਇਸ ਸਬੰਧੀ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਜਿੰਦਰ ਪਾਇਲਟ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਮਨਦੀਪ ਥਿੰਦ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਆਪਣੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਸਬੰਧੀ ਜਾਰੀ ਕੀਤੇ ਇਨ੍ਹਾਂ ਨਿਯਮਾਂ ਨਾਲ ਮਾਣਯੋਗ ਉੱਚ ਅਦਾਲਤਾਂ ਵੱਲੋਂ ਕੀਤੇ ਗਏ ਫੈਸਲਿਆਂ ਦੀ ਸਰਾਸਰ ਉਲੰਘਣਾ ਹੈ।

ਇਹ ਨਿਯਮ ਜਾਰੀ ਹੋਣ ਨਾਲ ਪੰਜਾਬ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਦਾ ਬਹੁਤ ਵੱਡਾ ਪੱਧਰ ’ਤੇ ਵਿੱਤੀ ਨੁਕਸਾਨ ਹੋਵੇਗਾ ਤੇ ਪੰਜਾਬ ਦੇ ਮੁਲਾਜ਼ਮਾਂ ਦਾ ਪਿਛਲੇ ਕਈ ਦਹਾਕਿਆਂ ਤੋਂ ਵੱਖਰਾ ਤਨਖਾਹ ਕਮਿਸ਼ਨ ਹੋਣ ਦੀ ਮੰਗ ਵੀ ਖਤਮ ਹੋ ਜਾਵੇਗੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਵਿਰੁੱਧ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਆਪਣਾ ਜਥੇਬੰਦਕ ਸੰਘਰਸ਼ ਵੀ ਤਿੱਖਾ ਕਰੇਗੀ ਤੇ ਹਰ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਵੀ ਕਰਨ ਲਈ ਮਜਬੂਰ ਹੋਵੇਗੀ।ਆਗੂਆਂ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਕੋਰਟ ਵਿੱਚ ਮਾਣਯੋਗ ਸੁਪਰੀਮ ਕੋਰਟ ਦੇ 20 ਜਨਵਰੀ 2025 ਤੇ 20 ਮਾਰਚ 2025 ਦੇ ਫੈਸਲਿਆਂ ਨੂੰ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਸਾਰੇ ਮੁਲਾਜ਼ਮਾਂ ਲਈ ਇਨ-ਬਿਨ ਲਾਗੂ ਕੀਤਾ ਜਾਵੇ ਅਤੇ 17 ਜੁਲਾਈ 2020 ਤੋਂ ਬਾਅਦ ਹੁਣ ਤੱਕ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ ਭਰਤੀ ਹੋਏ ਅਧਿਆਪਕਾਂ ਤੇ ਵੱਖ-ਵੱਖ ਸਮੂਹ ਮੁਲਾਜ਼ਮਾਂ ਨੂੰ ਪੰਜਾਬ ਦੇ ਤਨਖਾਹ ਸਕੇਲ ਦੇਣ ਸਬੰਧੀ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਜਾਣ।ਇਸ ਸਮੇਂ ਉਪਰੋਕਤ ਆਗੂਆਂ ਤੋਂ ਇਲਾਵਾ ਸੁਮੀਤ ਸਿੰਘ, ਵਰਿਆਮ ਘੁਲ੍ਹਾ, ਸੁਰਜੀਤ ਮੇਘਾ, ਅਜੀਤ ਸੰਧੂ, ਹਰਮੀਤ ਸਜਰਾਣਾ, ਰਮੇਸ਼ ਚੰਦਰ, ਰਾਜ ਕੁਮਾਰ ਆਦਿ ਹਾਜ਼ਰ ਸਨ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 9 ਦੀ ਹੜਤਾਲ ’ਚ ਹੋਣਗੀਆਂ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ (ਏਟਕ) ਪੰਜਾਬ ਦਾ ਵਫਦ ਨੂੰ ਬੁਲਾ ਕੇ ਪ੍ਰੋਗਰਾਮ ਅਫਸਰ ਮੋਗਾ ਨੇ ਧੀਮੀ ਗਤੀ ਨਾਲ ਚੱਲ ਰਹੇ ਕੰਮਾਂ ਦੇ ਕਾਰਨਾਂ ਸਬੰਧੀ ਗੱਲਬਾਤ ਕੀਤੀ, ਜਿਸ ’ਤੇ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਜਿੰਨੇ ਕਾਨੂੰਨ ਬਣਾਉਣੇ ਸੌਖੇ ਹਨ, ਉਨੇ ਹੀ ਜ਼ਮੀਨੀ ਪੱਧਰ ’ਤੇ ਲਾਗੂ ਕਰਨੇ ਔਖੇ ਹਨ।ਉਨ੍ਹਾਂ ਦੱਸਿਆ ਕਿ ਜਿਹੜੇ ਲਾਭਪਾਤਰੀ ਲਾਭ ਲੈ ਕੇ ਨੰਬਰ ਨਹੀਂ ਦਿੰਦੇ ਜਾਂ ਫੋਨ ਨਹੀਂ ਚੁੱਕਦੇ, ਉਨ੍ਹਾਂ ਨੂੰ ਕਿਵੇਂ ਬਦਲਿਆ ਜਾਵੇ। ਰਜਿਸਟਰ ਕਰਵਾਉਣ ਲਈ ਉਹ ਆਪਣੇ ਆਪਣੀ ਕਾਰਵਾਈ ਲਈ ਦੇ ਨੰਬਰ ਦਿੰਦੇ ਹਨ ਤੇ ਓਸ ਸਮੇਂ ਤੱਕ ਮੁਲਾਜ਼ਮ ਦਿੰਦੇ ਵਿੱਚ ਮਹੀਨੇ ਲਈ ਸਿਮ ਵਰਤਣ ਲਈ ਮਿਲ ਜਾਂਦੇ ਹਨ।ਇਸ ਤਰ੍ਹਾਂ ਉਹ ਮਹੀਨੇ ਬਾਅਦ 50 ਰੁਪਏ ਵਿੱਚ ਨਵਾਂ ਸਿਮ ਲੈ ਲੈਂਦੇ ਹਨ।ਸਾਨੂੰ ਵੀ ਸੈਂਟਰ ਵਿੱਚ ਲੋੜ ਪਵੇ ਤਾਂ ਪਹਿਲਾਂ ਵਾਲੇ ਦਿੱਤੇ ਹੋਏ ਨਾਲ ਅਸੀਂ ਸੰਪਰਕ ਨਹੀਂ ਹੁੰਦਾ ਤੇ ਹੈਲਪਰ ਨੂੰ ਉਨ੍ਹਾਂ ਦੇ ਘਰੇ ਭੇਜਣਾ ਪੈਂਦਾ ਹੈ।ਇਸ ਤੋਂ ਇਲਾਵਾ ਇਹ ਵੀ ਕਿਹਾ ਕਿ ਫੋਨ ਆਂਗਣਵਾੜੀ ਵਰਕਰ ਦੀ ਨਿਜੀ ਪ੍ਰਾਪਰਟੀ ਹੈ।ਆਂਗਣਵਾੜੀ ਵਰਕਰ ਪੋਸ਼ਣ ਟਰੈਕਟਰ ਦਾ ਕੰਮ 2018 ਤੋਂ ਲੈ ਕੇ ਹੁਣ ਤੱਕ ਉਹ ਆਪਣੇ ਫੋਨ ’ਤੇ ਹੀ ਕੰਮ ਕਰਦੀਆਂ ਆ ਰਹੀਆਂ ਹਨ, ਜਿਸ ਨੂੰ ਸਰਕਾਰੀ ਕੰਮਾਂ ਲਈ ਵਰਤਣਾ ਵਰਕਰਾਂ ਦੀ ਲੁੱਟ ਹੈ।ਅਸੀਂ ਲੰਮੇ ਸਮੇਂ ਤੋਂ ਮੰਗ ਕਰਦੇ ਹਾਂ ਕਿ ਸਾਨੂੰ ਮਹਿਕਮਾ ਵੱਲੋਂ ਸਰਕਾਰੀ ਫੋਨ ਅਤੇ ਸਰਕਾਰੀ ਨੰਬਰ ਤੇ ਡਾਟਾ ਦਿੱਤਾ ਜਾਵੇ ਤਾਂ ਜੋ ਲਾਭਪਾਤਰੀ ਨਾਲ ਉਨ੍ਹਾਂ ਦੀ ਖਾਤਿਆਂ ਸਬੰਧੀ ਕੋਈ ਘਟਨਾ ਵਾਪਰਦੀ ਹੈ, ਤਾਂ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ।

ਸੀ.ਬੀ.ਈ ਮਨਾਉਣ ਤੇ ਹੋਰ ਹੋਣ ਵਾਲੇ ਖਰਚ ਹੋਣ ਵਾਲੇ ਪੈਸੇ 2017 ਤੋਂ ਲੈ ਕੇ ਅੱਜ ਤੱਕ ਪੀ ਐੱਮ ਐੱਮ ਬੀ ਬਾਈ ਦੇ ਪੈਸੇ ਜੋ ਕਿ ਆਂਗਣਵਾੜੀ ਵਰਕਰ ਨੂੰ 100 ਰੁਪਏ ਤੇ ਹੈਲਪਰ ਨੂੰ 50 ਰੁਪਏ ਪ੍ਰਤੀ ਲਾਭਪਾਤਰੀ ਅਜੇ ਤੱਕ ਨਹੀਂ ਮਿਲੀ।ਇਨ੍ਹਾਂ ਮੰਗਾਂ ਨੂੰ ਲੈ ਕੇ ਪਹਿਲਾਂ ਇੱਕ ਦਿਨ ਗੁਰਪ੍ਰੀਤ ਚਰਾਂਵਾਂ, ਗੁਰਚਰਨ ਕੌਰ ਮੋਗਾ ਵੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਮੋਗਾ ਨੂੰ ਮਿਲੀ, ਉਨ੍ਹਾਂ ਨੇ ਵੀ ਮੰਗ ਕੀਤੀ ਕਿ ਸਾਨੂੰ ਸਰਕਾਰੀ ਫੋਨ ਤੇ ਸਰਕਾਰੀ ਨੰਬਰ ਡਾਟ ਅਸੀਂ ਦਿੱਤੇ ਜਾਣ ਅਤੇ ਬਾਕੀ ਮੰਗਾਂ ਆਂਗਣਵਾੜੀ ਸੈਂਟਰਾਂ ਨੂੰ ਬੱਚੇ ਵਾਪਸ ਕੀਤੇ ਜਾਣ, ਸੀ ਬੀ ਈ ਦੇ ਪੈਸੇ ਬੀ ਐਮ ਐਮ ਬੀ ਬਾਈ ਦੇ ਪੈਸੇ ਤੇ ਬਕਾਏ ਦੀ ਕਿਸ਼ਤ ਜੁਲਾਈ ਵਿੱਚ ਜਲਦੀ ਦਿੱਤੀ ਜਾਵੇ, ਨਹੀਂ ਤਾਂ 9 ਜੁਲਾਈ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਵਿੱਚ ਆਂਗਣਵਾੜੀ ਵਰਕਰ ਤੇ ਹੈਲਪਰ ਵੱਧ ਚੜ੍ਹ ਕੇ ਭਾਗ ਲੈਣਗੇ ਤੇ ਆਪਣੀਆਂ ਮੰਗਾਂ ਨੂੰ ਮੀਡੀਏ ਰਾਹੀਂ ਸਰਕਾਰ ਤੱਕ ਭੇਜਣਗੇ। ਜ਼ਿਲ੍ਹਾ ਪ੍ਰੋਗਰਾਮ ਅਫਸਰ ਮਿਲਣ ਵੇਲੇ ਵਰਕਰ ਬਲਵਿੰਦਰ ਕੌਰ ਖੋਸਾ, ਪੁਸ਼ਵਿੰਦਰ ਕੌਰ, ਰਾਜਵਿੰਦਰ ਕੌਰ ਜਲਾਲਾਬਾਦ ਤੇ ਰਣਜੀਤ ਕੌਰ ਆਦਿ ਸ਼ਾਮਲ ਸਨ।

## ਕਾਤਰਾਂ

### ਮਾਂ ਚਿੰਤਪੁਰਨੀ ਧਾਮ ਲਈ ਬੱਸ ਯਾਤਰਾ 12 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਂ ਚਿੰਤਪੁਰਨੀ ਬੱਸ ਯਾਤਰਾ ਮੰਡਲ ਰਾਮਪੁਰਾ ਫੂਲ ਵੱਲੋਂ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਮਾਂ ਚਿੰਤਪੁਰਨੀ ਧਾਮ ਹਿਮਾਚਲ ਪ੍ਰਦੇਸ਼ ਲਈ ਪਿਛਲੇ 17 ਸਾਲਾਂ ਤੋਂ ਲਗਾਤਾਰ ਬੱਸ ਯਾਤਰਾ ਚੱਲ ਰਹੀ ਹੈ।ਇਸ ਦੀ ਜਾਣਕਾਰੀ ਦਿੰਦਿਆਂ ਮੰਡਲ ਦੇ ਮੁੱਖ ਸੇਵਾਦਾਰ ਡਾਕਟਰ ਐੱਸ. ਪੀ. ਸਿੰਗਲਾ, ਸਤਵਿੰਦਰ ਸ਼ਰਮਾ ਬਾਲਿਆਂਵਾਲੀ, ਪ੍ਰਿਤਪਾਲ (ਪਿੰਦਰ), ਟੋਨੀ ਗਰਗ ਤੇ ਬਲਜੀਤ ਸਿੰਘ ਨੇ ਦੱਸਿਆ ਕਿ ਹੁਣ ਇਹ ਬੱਸ ਯਾਤਰਾ 12 ਜੁਲਾਈ ਸ਼ਨੀਵਾਰ ਨੂੰ ਸਵੇਰੇ ਆਰਤੀ ਕਰਨ ਉਪਰੰਤ 7:30 ਵਜੇ ਪੰਚਾਇਤੀ ਧਰਮਸ਼ਾਲਾ ਮੰਦਰ ਪਟਿਆਲਾ ਮੰਡੀ, ਰਾਮਪੁਰਾ ਫੂਲ ਤੋਂ ਚੱਲ ਕੇ ਰਾਸਤੇ ਵਿੱਚ ਸ਼ਿਵ ਧਾਮ ਲਾਡੋਵਾਲ ਤੇ ਬਾਗਲਾ ਮੁਖੀ ਮੰਦਰ ਦੇ ਦਰਸ਼ਨ ਕਰਕੇ ਚਿੰਤਪੁਰਨੀ ਧਾਮ ਪਹੁੰਚੇਗੀ।ਅਗਲੇ ਦਿਨ 13 ਜੁਲਾਈ ਵਾਪਸੀ ਵੇਲੇ ਰਾਸਤੇ ਵਿੱਚ ਬੰਬੇ ਪਿਕਨਿਕ ਸਪੌਟ ਦੇਖਦੇ ਹੋਏ ਮਾਂ ਨੈਣਾ ਦੇਵੀ ਧਾਮ ਦੇ ਦਰਸ਼ਨ ਕੀਤੇ ਜਾਣਗੇ।

### ਭੇਡਾਂ ਚੋਰੀ ਕਰਨ ਦੇ ਮਾਮਲੇ ’ਚ ਦੋ ਹੋਰ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੀਬ 3 ਮਹੀਨੇ ਪਹਿਲਾਂ ਸਰਹਿੰਦ ਨੇੜਲੇ ਪਿੰਡ ਹਰਬੰਸਪੁਰਾ ਨੇੜਿਓਂ ਇੱਕ ਚਰਵਾਹੇ ਦੀਆਂ ਚੋਰੀ ਕੀਤੀਆਂ ਗਈਆਂ 60 ਭੇਡਾਂ ਦੇ ਮਾਮਲੇ ’ਚ ਸਰਹਿੰਦ ਪੁਲਸ ਵੱਲੋਂ ਦੋ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਮਾਮਲੇ ਦੀ ਤਫਤੀਸ਼ ਕਰ ਰਹੇ ਸਹਾਇਕ ਥਾਣੇਦਾਰ ਜਸਮੇਰ ਸਿੰਘ ਨੇ ਦੱਸਿਆ ਕਿ ਜਰਨੈਲ ਸਿੰਘ ਵਾਸੀ ਪਿੰਡ ਕਾਮੀ ਕਲਾਂ ਨੇ ਬੀਤੀ ਮਾਰਚ ਮਹੀਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਭੇਡਾਂ ਚਾਰਨ ਦਾ ਕੰਮ ਕਰਦਾ ਹੈ ਤੇ ਸਰਹਿੰਦ ਦੀ ਭਾਖੜਾ ਨਹਿਰ ਕੰਢੇ ਭੇਡਾਂ ਚਾਰਦੇ ਨੂੰ ਉਸ ਨੂੰ ਜਦੋਂ ਦਿਨ ਛਿਪ ਗਿਆ ਤਾਂ ਉਹ ਆਪਣੀਆਂ ਭੇਡਾਂ ਇਕੱਠੀਆਂ ਕਰਕੇ ਪਿੰਡ ਹਰਬੰਸਪੁਰਾ ਨੇੜਲੇ ਇੱਕ ਪਲਾਟ ’ਚ ਸੌਂ ਗਿਆ, ਜਿੱਥੇ ਰਾਤ ਨੂੰ ਕਰੀਬ 11/12 ਵਜੇ ਆਏ 5 ਵਿਅਕਤੀ ਉਸ ਦੀਆਂ 60 ਭੇਡਾਂ ਚੋਰੀ ਕਰਕੇ ਲੈ ਗਏ।ਉਸ ਦੇ ਬਿਆਨਾਂ ’ਤੇ ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਮੁਕੱਦਮੇ ਦੀ ਤਫਤੀਸ਼ ਦੌਰਾਨ 9 ਮਾਰਚ 25 ਨੂੰ ਸੰਦੀਪ ਨਾਮਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ 40 ਭੇਡਾਂ ਬਰਾਮਦ ਕਰ ਲਈਆਂ ਗਈਆਂ ਸਨ, ਪਰ ਉਸ ਦੇ ਬਾਕੀ ਚਾਰ ਸਾਥੀ ਫਰਾਰ ਹੋ ਗਏ ਸਨ, ਜਿਨ੍ਹਾਂ ’ਚੋਂ ਗੁਰਨਾਮ ਸਿੰਘ ਤੇ ਜੈ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

### ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੁੰਨੀ ਕਲਾਂ ਚੌਕੀ ਦੀ ਪੁਲਸ ਵੱਲੋਂ ਇੱਕ ਨੌਜਵਾਨ ਨੂੰ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਚੁੰਨੀ ਕਲਾਂ ਚੌਕੀ ਦੀ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਸਿਮਰਨਜੀਤ ਸਿੰਘ ਵਾਸੀ ਪਿੰਡ ਖੁੰਮਣਾ ਜੋ ਕਿ ਲੋਕਾਂ ਨੂੰ ਮਾਰੂ ਹਥਿਆਰ ਦਿਖਾ ਕੇ ਤੇ ਡਰਾ ਧਮਕਾ ਕੇ ਉਨ੍ਹਾਂ ਦੇ ਵਾਹਨ ਚੋਰੀ ਕਰਦਾ ਹੈ, ਜਿਸ ਦੇ ਕਬਜ਼ੇ ’ਚ ਲੋਕਾਂ ਦੇ ਜਬਰੀ ਚੋਰੀ ਕੀਤੇ ਮੋਟਰਸਾਈਕਲ ਹਨ।ਇੱਕ ਜਬਰੀ ਚੋਰੀ ਕੀਤੇ ਮੋਟਰਸਾਈਕਲ ਸਮੇਤ ਚੁੰਨੀ ਵੱਲ ਨੂੰ ਆ ਰਿਹਾ ਹੈ, ਜਿਸ ਨੂੰ ਉਸ ਨੇ ਗੁਰਮੁਖੀ ਭਾਸ਼ਾ ’ਚ ਲਿਖੀ ਜਾਅਲੀ ਨੰਬਰ ਪਲੇਟ ਲਗਾਈ ਹੋਈ ਹੈ।ਸੂਚਨਾ ’ਤੇ ਕਾਰਵਾਈ ਕਰਦੇ ਹੋਏ ਚੁੰਨੀ ਕਲਾਂ ਪੁਲਸ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਹਰਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਦੌਰਾਨ ਸਿਮਰਨਜੀਤ ਸਿੰਘ ਨੂੰ ਚੋਰੀਸ਼ੁਦਾ ਡਿਸਕਵਰ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ, ਜਿਸ ਨੂੰ ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕਰਵਾਏ ਗਏ ਮੁਕੱਦਮੇ ’ਚ ਗ੍ਰਿਫਤਾਰ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਹਜ਼ਰਤ ਇਮਾਮ ਹੁਸੈਨ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ : ਸ਼ਾਹੀ ਇਮਾਮ



**ਲੁਧਿਆਣਾ (ਰੈਕਟਰ ਕਥੂਰੀਆ)**-ਇੱਥੇ ਪੰਜਾਬ ਦੀ ਇਤਿਹਾਸਕ ਜਾਮਾ ਮਸਜਿਦ ਲੁਧਿਆਣਾ ’ਚ 10 ਮੁਹੱਰਮ ਯੌਮੇ ਆਸ਼ੂਰਾ ਦੇ ਮੌਕੇ ’ਤੇ ਸਮਾਗਮ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕੀਤੀ।ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਕਾਰੀ ਅਬਦੁਰ ਰਹਿਮਾਨ ਸਾਹਿਬ ਨੇ ਪਵਿੱਤਰ ਕੁਰਾਨ ਸ਼ਰੀਫ਼ ਦੀ ਤਿਲਾਵਤ ਕੀਤੀ ਤੇ ਗੁਲਾਮ ਹਸਨ ਕੈਸਰ, ਹੱਸਾਨ ਨਸੀਰਾਵਾਦੀ ਨੇ ਆਪਣਾ ਨਾਤਿਆ ਕਲਾਮ ਪੇਸ਼ ਕੀਤਾ।ਇਸ ਮੌਕੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਮੁਸਲਮਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਬਲਾ ਦੇ ਮੈਦਾਨ ’ਚ ਹਜ਼ਰਤ ਇਮਾਮ ਹੁਸੈਨ ਸ਼ਹੀਦ (ਰਜਿ.) ਨੇ ਇਨਸਾਨੀਅਤ ਨੂੰ ਜ਼ਾਲਮਾਂ ਦੇ ਖਿਲਾਫ਼ ਹੱਕ ਦੀ ਆਵਾਜ਼ ਬੁਲੰਦ ਕਰਨ ਦਾ ਉਹ ਸਬਕ ਦਿੱਤਾ ਹੈ, ਜਿਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਂਦਾ ਰਹੇਗਾ। ਸ਼ਾਹੀ ਇਮਾਮ ਨੇ ਕਿਹਾ ਕਿ ਅੱਜ ਯੌਮੇ ਆਸ਼ੂਰਾ ਦਾ ਦਿਨ ਜਿੱਥੇ ਸਾਨੂੰ ਹਜ਼ਰਤ ਇਮਾਮ ਹੁਸੈਨ (ਰਜਿ.) ਦੀਆਂ ਕੁਰਬਾਨੀਆਂ ਤੋਂ ਸਬਕ ਦਿੰਦਾ ਹੈ, ਉਥੇ ਆਪਣੇ ਦੇਸ਼ ਦੇ ਪ੍ਰਤੀ ਵੀ ਕੁਰਬਾਨੀ ਦੇਣ ਦੀ ਪ੍ਰੇਰਣਾ ਦਿੰਦਾ ਹੈ।ਇਸ ਮੌਕੇ ਸ਼ਾਹੀ ਇਮਾਮ ਪੰਜਾਬ ਨੇ ਦੇਸ਼ ਵਿੱਚ ਆਪਸੀ ਭਾਈਚਾਰੇ ਤੇ ਅਮਨ ਸ਼ਾਂਤੀ ਲਈ ਦੁਆ ਵੀ ਕਰਵਾਈ।ਇਸ ਮੌਕੇ ਮੁਫ਼ਤੀ ਮੁਹੰਮਦ ਜਮਾਲੂੀਨ, ਮੌਲਾਨਾ ਕਾਰੀ ਮੁਹੰਮਦ ਇਬ੍ਰਾਹੀਮ, ਹਾਫ਼ਿਜ਼ ਸਲਮਾਨ, ਕਾਰੀ ਮੁਹੰਮਦ ਫਿਰੋਜ਼, ਮੌਲਾਨਾ ਅਬਦੁਰ ਰਹਿਮਾਨ ਤੇ ਜਾਮਾ ਮਸਜਿਦ ਦੇ ਪ੍ਰਧਾਨ ਮੁਹੰਮਦ ਮੁਸਤਕੀਮ ਆਦਿ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

## ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਸ਼ੂਗਰ ਮਰੀਜ਼ਾਂ ਲਈ 15 ਰੋਜ਼ਾ ਕੈਂਪ ਸ਼ੁਰੂ

**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਅਜੋਕੇ ਸਮੇਂ ਦੀ ਗੰਭੀਰ ਬਿਮਾਰੀ ਸ਼ੂਗਰ ਦੀ ਰੋਕਥਾਮ ਲਈ ਨਵੇਂ ਨੁਸਖ਼ੇ ਨਾਲ ਇੱਕ ਪੰਦਰਾਂ ਦਿਨਾ ਮੈਡੀਕਲ ਕੈਂਪ ਆਯੁਰਵੈਦਿਕ ਐੱਮ ਡੀ ਡਾਕਟਰ ਸਾਹਿਲ ਅਰੋੜਾ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਆਸ਼ੂਤੋਸ਼ ਆਯੁਰਵੈਦਾ ਹਸਪਤਾਲ ਦੇ ਡਾਕਟਰ ਸਾਹਿਲ ਅਰੋੜਾ ਨੇ ਦੱਸਿਆ ਇਸ ਪੰਦਰਾਂ ਦਿਨਾ ਕੈਂਪ ਵਿੱਚ ਸ਼ੂਗਰ ਮਰੀਜ਼ਾਂ ਦਾ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤਾ ਜਾਵੇਗਾ।ਮਰੀਜ਼ ਨੇ ਵਿਸ਼ੇਸ਼ ਜੜ੍ਹੀਆਂ ਬੂਟੀਆਂ ਨੂੰ ਇੱਕ ਵਿਸ਼ੇਸ਼ ਬਣਾਈ ਥਾਂ ਵਿੱਚ ਲਗਭਗ 15 ਮਿੰਟਾਂ ਲਈ ਪੈਰਾਂ ਨਾਲ ਲਤੜਨਾ ਹੈ, ਜਿਸ ਨਾਲ ਇਨ੍ਹਾਂ ਦਾ ਅਸਰ ਪੈਰਾਂ ਦੀਆਂ ਤਲੀਆਂ ਦੇ ਮੁਸਾਮਾਂ ਰਾਹੀਂ ਸਰੀਰ ਤੇ ਮੂੰਹ ਤੱਕ ਚਲਾ ਜਾਂਦਾ ਹੈ ਅਤੇ ਸ਼ੂਗਰ ਨੂੰ ਜੜ੍ਹੋਂ ਖ਼ਤਮ ਕਰਦਾ ਹੈ।ਇਸ ਦੇ ਨਾਲ ਹੀ ਮਰੀਜ਼ਾਂ ਨੂੰ ਡਾਕਟਰ ਸਾਹਿਬ ਵੱਲੋਂ ਤਿਆਰ ਕੀਤੀ ਵਿਸ਼ੇਸ਼ ਦਵਾਈ ਪਿਲਾਈ ਗਈ।ਡਾਕਟਰ ਸਾਹਿਲ ਅਰੋੜਾ ਨੇ ਸ਼ੂਗਰ ਦੀ ਬਿਮਾਰੀ ਤੋਂ ਬਚਣ ਦੇ ਉਪਾਅ ਵੀ ਵਧੀਆ ਢੰਗ ਨਾਲ ਦੱਸੇ।ਉਨ੍ਹਾਂ ਦੱਸਿਆ ਕਿ ਲਗਾਤਾਰ 15 ਦਿਨਾ ਲਈ ਇਸੇ ਤਰ੍ਹਾਂ ਰੋਜ਼ਾਨਾ ਸਵੇਰੇ 6 ਵਜੇ ਤੋਂ 8 ਵਜੇ ਤੱਕ ਇਹ ਕੈਂਪ ਚਲਣਾ ਹੈ।ਮਰੀਜ਼ ਨੇ ਖ਼ਾਲੀ ਪੇਟ ਆਉਣਾ ਹੈ।ਇਹ ਕੈਂਪ ਬਿਲਕੁਲ ਫ੍ਰੀ ਹੈ।ਇਹ ਕੈਂਪ ਸੰਸਥਾ ਦੇ ਨਵੇਂ ਦਫ਼ਤਰ ਵਿੱਚ ਲੱਗ ਰਿਹਾ ਹੈ, ਜੋ ਰਾਇਲ ਸਿਟੀ ਦੇ ਗੇਟ ਸਾਹਮਣੇ ਹੈ।ਅੱਜ ਪਹਿਲੇ ਦਿਨ 50 ਤੋਂ ਵੱਧ ਮਰੀਜ਼ਾਂ ਨੇ ਇਸ ਕੈਂਪ ਦਾ ਲਾਹਾ ਪ੍ਰਾਪਤ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਕੁਲਵਿੰਦਰ ਸਿੰਘ ਈ ਓ, ਜਸਵਿੰਦਰ ਸਿੰਘ ਵਿਰਕ, ਸੁਖਦਰਸ਼ਨ ਸਿੰਘ ਕੁਲਾਨਾ, ਬਲਬੀਰ ਸਿੰਘ ਕੈਂਥ, ਪਟਵਾਰੀ ਬਲਵਿੰਦਰ ਸਿੰਘ, ਡਾਕਟਰ ਸੁਰਿੰਦਰ ਤਨੇਜਾ, ਮਨਿੰਦਰਜੀਤ ਸਿੰਘ ਹਾਕਮਵਾਲਾ, ਗੁਰਸੇਵਕ ਸਿੰਘ ਸਿੱਧੂ, ਵਿਜੈ ਕੁਮਾਰ ਗੋਇਲ, ਪਰਮਜੀਤ ਸਿੰਘ ਅਨੇਜਾ, ਗੁਰਤੇਜ ਸਿੰਘ ਕੈਂਥ, ਲੈਕਚਰਾਰ ਕ੍ਰਿਸ਼ਨ ਚੰਦ, ਗੁਰਪ੍ਰੀਤ ਗੁੱਪਤਾ, ਮਾਸਟਰ ਬਲਬੀਰ ਸਿੰਘ, ਨੱਥਾ ਸਿੰਘ, ਇੰਦਰਜੀਤ ਸਿੰਘ ਟੋਨੀ ਆਦਿ ਵੱਲੋਂ ਤਿਆਰੀ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।



## ਹੈਰੋਇਨ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਦੋ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਬਡਾਲੀ ਆਲਾ ਸਿੰਘ ਤੇ ਖਮਾਣੋਂ ਪੁਲਸ ਵੱਲੋਂ ਦੋ ਵੱਖ-ਵੱਖ ਮਾਮਲਿਆਂ ’ਚ ਨਸ਼ੇ ਦੀਆਂ ਗੋਲੀਆਂ ਤੇ ਹੈਰੋਇਨ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਗਸ਼ਤ ਕਰ ਰਹੀ ਥਾਣਾ ਬਡਾਲੀ ਆਲਾ ਸਿੰਘ ਦੀ ਇੱਕ ਪੁਲਸ ਪਾਰਟੀ ਨੇ ਪਿੰਡ ਨੰਡਿਆਲੀ ਦੇ ਸ਼ਮਸ਼ਾਨਘਾਟ ਨਜ਼ਦੀਕ ਸ਼ੱਕ ਦੇ ਅਧਾਰ ’ਤੇ ਕਾਬੂ ਕੀਤੇ ਪ੍ਰਿੰਸਦੀਪ ਸਿੰਘ ਵਾਸੀ ਪਿੰਡ ਨੰਡਿਆਲੀ ਤੇ ਸੁਰਿੰਦਰ ਸਿੰਘ ਵਾਸੀ ਪਿੰਡ ਕੋਟਲਾ ਬਜਵਾੜਾ ਦੀ ਤਲਾਸ਼ੀ ਕੀਤੀ ਗਈ ਤਾਂ ਉਨ੍ਹਾਂ ਦੇ ਕਬਜ਼ੇ ’ਚੋਂ ਨਸ਼ੇ ਦੀਆਂ 175 ਗੋਲੀਆਂ ਬਰਾਮਦ ਹੋਈਆਂ, ਜਿਸ ’ਤੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ ’ਚ ਥਾਣਾ ਖਮਾਣੋਂ ਦੀ ਪੁਲਸ ਪਾਰਟੀ ਵੱਲੋਂ ਸੂਏ ਨਜ਼ਦੀਕ ਕੀਤੀ ਗਈ ਨਾਕਾਬੰਦੀ ਦੌਰਾਨ ਆਲਟੋ ਕਾਰ ’ਚ ਆ ਰਹੇ ਰਮਜ਼ਾਨ ਖਾਨ ਵਾਸੀ ਪਿੰਡ ਸਮਸ਼ਪੁਰ ਸਿੰਘਾਂ ਤੇ ਹਰਜਿੰਦਰ ਦਾਸ ਵਾਸੀ ਪਿੰਡ ਧਨੌਲਾ ਨੂੰ ਸ਼ੱਕ ਦੇ ਅਧਾਰ ’ਤੇ ਰੋਕ ਕੇ ਚੈੱਕ ਕੀਤਾ ਗਿਆ ਤਾਂ ਦੋਵਾਂ ਦੇ ਕਬਜ਼ੇ ’ਚੋਂ 2/2 ਗ੍ਰਾਮ (ਕੁੱਲ 4 ਗ੍ਰਾਮ) ਹੈਰੋਇਨ ਬਰਾਮਦ ਹੋਈ, ਜਿਸ ’ਤੇ ਦੋਵਾਂ ਨੂੰ ਥਾਣਾ ਖਮਾਣੋਂ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ।

## ਇੱਕੋ ਰਾਤ ’ਚ 3 ਦੁਕਾਨਾਂ ਦੇ ਸ਼ਟਰ ਭੰਨ ਕੇ ਸਾਮਾਨ ਤੇ ਨਗਦੀ ਚੋਰੀ



ਬੀਤੀ ਰਾਤ ਚੋਰਾਂ ਵੱਲੋਂ ਭੰਨੇ ਕਰਿਆਨਾ ਸਟੋਰ ਦੇ ਸ਼ਟਰ ਨੂੰ ਵੇਖਦੇ ਹੋਏ ਸ਼ਹਿਰ ਨਿਵਾਸੀ।

**ਜ਼ੀਰਾ (ਨਰਿੰਦਰ ਅਨੇਜਾ)**-ਸ਼ਹਿਰ ਵਿੱਚ ਆਏ ਦਿਨ ਲੁੱਟਾਂ-ਖੋਹਾਂ ਤੇ ਚੋਰੀਆਂ ਆਮ ਵਰਗੀ ਗੱਲ ਹੋ ਗਈ ਹੈ। ਕੋਈ ਦਿਨ ਇਹੋ ਜਿਹਾ ਨਹੀਂ ਹੁੰਦਾ, ਜਿਸ ਦਿਨ ਮੋਟਰਸਾਈਕਲ, ਐਕਟਵਾ ਤੇ ਤੁਰੀ ਜਾਂਦੀ ਔਰਤ ਦੀ ਸੋਨੇ ਦੀ ਚੈਨ ਲੁੱਟਣ ਅਤੇ ਏ ਸੀ ਦੇ ਉੱਪਰ ਵਾਲੇ ਪੱਖੇ ਚੋਰੀ ਨਾ ਹੋਣ। ਇਸੇ ਦੌਰਾਨ ਚੋਰਾਂ ਵੱਲੋਂ ਕੁਝ ਦਿਨ ਪਹਿਲਾਂ ਹੀ ਪੁਲਸ ਸਟੇਸ਼ਨ ਦੀ 20 ਗਜ ਦੂਰੀ ਤੋਂ ਕਰਿਆਨਾ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਭਾਟੀਆ ਤੇ ਉਨ੍ਹਾਂ ਦੇ ਨਾਲ ਲੱਗਦੀਆਂ ਦੁਕਾਨਾਂ ਦੇ ਸ਼ਟਰ ਭੰਨ ਕੇ ਚੋਰਾਂ ਵੱਲੋਂ ਨਗਦੀ ਤੇ ਸਾਮਾਨ ਲੈ ਕੇ ਚਲੇ ਗਏ ਸਨ ਅਤੇ ਹੋਰ ਪਤਾ ਨਹੀਂ ਕਿੰਨੀਆਂ ਦੁਕਾਨਾਂ ਦੇ ਚੋਰ ਸ਼ਟਰ ਭੰਨ ਚੁੱਕੇ ਹਨ। ਪੁਲਸ ਵੱਲੋਂ ਪਹਿਲਾਂ ਚੋਰਾਂ ਵੱਲੋਂ ਕੀਤੀਆਂ ਚੋਰੀਆਂ ਨੂੰ ਕੀ ਫੜਨਾ ਸੀ, ਬੀਤੀ ਰਾਤ ਸ਼ਾਮਾਂ ਕਰਿਆਨਾ ਸਟੋਰ, ਸ਼ੀਤਲ ਦਾਸ ਕਰਿਆਨਾ ਤੇ ਇੱਕ ਹੋਰ ਦੁਕਾਨ ਦੀ ਨਗਦੀ ਅਤੇ ਸਾਮਾਨ ਦੀ ਚੋਰੀ ਕਰਕੇ ਲੈ ਗਏ। ਚੋਰਾਂ ਦੀ ਇੰਨੀ ਹਿੰਮਤ ਦੇਖੋ ਬੇਖੌਫ ਹੋ ਕੇ ਇੱਕ ਰਾਤ ਵਿੱਚ ਹੀ ਤਿੰਨ ਤਿੰਨ ਦੁਕਾਨਾਂ ਦੇ ਸ਼ਟਰ ਭੰਨ ਕੇ ਨਕਦੀ ਤੇ ਸਾਮਾਨ ਚੋਰੀ ਕਰ ਕੇ ਲੈ ਗਏ, ਪੁਲਸ ਮੂਕ ਦਰਸ਼ਕ ਬਣ ਕੇ ਬੈਠੀ ਹੋਈ। ਸ਼ਹਿਰ ਨਿਵਾਸੀ ਪੁਲਸ ਪ੍ਰਸ਼ਾਸਨ ਨੂੰ ਵੀ ਹੁਣ ਸ਼ੱਕ ਦੇ ਘੇਰੇ ਵਿੱਚ ਵੇਖਣ ਲੱਗ ਪਏ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਪੁਲਸ ਪ੍ਰਸ਼ਾਸਨ ਚੋਰਾਂ ਨੂੰ ਫੜਨ ਵਿੱਚ ਕਾਮਯਾਬ ਹੁੰਦੀ ਹੈ ਜਾਂ ਪਹਿਲੀਆਂ ਦਰਖਾਸਤਾਂ ਵਾਂਗੂ ਇਹ ਵੀ ਚੋਰੀ ਦੀ ਦਰਖਾਸਤ ਥਾਣੇ ਦੀ ਧੂਲ ਫਕਦੀ ਨਜ਼ਰ ਆਵੇਗੀ।

## ਸਮਾਜ ਸੇਵੀਆਂ ਨੇ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪ੍ਰਿੰਸੀਪਲ ਹਰਨੇਕ ਸਿੰਘ ਤੇ ਸਕੂਲ ਇੰਚਾਰਜ ਗੁਰਬਖ਼ਸ਼ ਸਿੰਘ ਦੀ ਯੋਗ ਅਗਵਾਈ ਹੇਠ ਰਿਟਾਇਰਡ ਡੀਪੀਈ ਰੂਪ ਸਿੰਘ ਦੇ ਯਤਨਾਂ ਸਦਕਾ ਇਲਾਕੇ ਦੇ ਸਮਾਜ ਸੇਵੀ ਸੱਜਣਾਂ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਸਸਸ ਫੂਲ ਟਾਊਨ ਲੜਕੇ ਦੇ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਗਈਆਂ।ਇਸ ਬਾਰੇ ਜਾਣਕਾਰੀ ਦਿੰਦਿਆਂ ਹਰਚਰਨ ਸਿੰਘ ਕੰਪਿਊਟਰ ਅਧਿਆਪਕ ਨੇ ਦੱਸਿਆ ਕਿ ਇਸ ਸੰਸਥਾ ਤੋਂ ਰਿਟਾਇਰਡ ਡੀਪੀਈ ਰੂਪ ਸਿੰਘ ਆਪਣੇ ਸਮੇਂ ਦੇ ਐਥਲੈਟਿਕਸ ਦੇ ਨੈਸ਼ਨਲ ਖਿਡਾਰੀ ਰਹੇ ਹਨ।ਇਨ੍ਹਾਂ ਵੱਲੋਂ ਹੁਣ ਵੀ ਸਕੂਲ ਦੇ ਗਰਾਊਂਡ ਵਿੱਚ ਖਿਡਾਰੀਆਂ ਨੂੰ ਐਥਲੈਟਿਕਸ ਤੇ ਫੁੱਟਬਾਲ ਦੀ ਤਿਆਰੀ ਕਰਵਾਈ ਜਾਂਦੀ ਹੈ।ਇਨ੍ਹਾਂ ਵੱਲੋਂ ਪਿੰਡ ਦੇ ਐੱਨ ਆਰ ਆਈ ਤੇ ਹੋਰ ਪਤਵੰਤੇ ਸੱਜਣਾਂ ਤੋਂ ਦਾਨ ਇੱਕਠਾ ਕਰਕੇ ਸਕੂਲ ਵਿੱਚ ਟਰੈਕ ਤਿਆਰ ਕਰਵਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਖਿਡਾਰੀਆਂ ਨੂੰ ਖੇਡਾਂ ਨਾਲ ਜੋੜਨ ਲਈ ਇਨ੍ਹਾਂ ਦੇ ਯਤਨਾਂ ਸਦਕਾ ਹੀ ਸਮਾਜ ਸੇਵੀ ਜ਼ਿਲ੍ਹਾ ਪ੍ਰਧਾਨ ਪੰਜਾਬ ਕਾਂਗਰਸ ਸੇਵਾ ਦਲ ਬਠਿੰਡਾ ਜਗਮੀਤ ਸਿੰਘ ਬਰਾੜ ਵੱਲੋਂ 20 ਕਿੱਟਾਂ ਅੰਡਰ 14 ਫੁੱਟਬਾਲ ਟੀਮ ਲਈ, 10 ਕਿੱਟਾਂ ਕਬੱਡੀ 40 ਕਿੱਲੋ ਲਈ, 10 ਕਿੱਟਾਂ ਕਬੱਡੀ 62 ਕਿੱਲੋ ਲਈ, ਸੁਖਦਰਸ਼ਨ ਸਿੰਘ ਸੁੱਖੀ ਡੀਪੀਈ ਵੱਲੋਂ 11 ਕਿੱਟਾਂ ਅੰਡਰ 17 ਫੁੱਟਬਾਲ ਟੀਮ ਲਈ, ਮਨਪ੍ਰੀਤ ਸਿੰਘ ਚਹਿਲ ਜੇ ਈ ਤੇ ਗਗਨਦੀਪ ਸਿੰਘ ਵੱਲੋਂ 20 ਕਿੱਟਾਂ ਪ੍ਰਾਇਮਰੀ ਸਕੂਲ ਦੇ ਖਿਡਾਰੀਆਂ ਨੂੰ ਵੰਡੀਆਂ ਗਈਆਂ।ਪ੍ਰਿੰਸੀਪਲ ਹਰਨੇਕ ਸਿੰਘ ਵੱਲੋ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਕਿ ਖੇਡਾਂ ਜੀਵਨ ਦਾ ਅਹਿਮ ਅੰਗ ਹਨ।ਉਨ੍ਹਾ ਕਿਹਾ ਕਿ ਮਾਪਿਆਂ ਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੀ ਸ਼ਖ਼ਸੀਅਤ ਦਾ ਨਿਖਾਰ ਕਰਨ ਲਈ ਉਸ ਨੂੰ ਕਿਸੇ ਨਾ ਕਿਸੇ ਖੇਡ ਨਾਲ ਜੁੜਨ ਲਈ ਪ੍ਰੇਰਿਤ ਕਰਨ ਤਾਂ ਜੋ ਚੰਗਾ ਸਮਾਜ ਸਿਰਜਿਆ ਜਾ ਸਕੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਬਠਿੰਡਾ ਜਗਮੀਤ ਸਿੰਘ ਬਰਾੜ ਨੇ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਦੀ ਵੰਡ ਕਰਦੇ ਹੋਏ ਕਿਹਾ ਕਿ ਉਹ ਸਕੂਲ ਦੇ ਖਿਡਾਰੀਆਂ ਦੀ ਮੱਦਦ ਕਰਨ ਲਈ ਹਮੇਸ਼ਾ ਤਿਆਰ ਹਨ।ਉਨ੍ਹਾਂ ਕਿਹਾ ਕਿ ਉਹ ਜਲਦ ਹੀ ਸਕੂਲ ਦੀਆਂ ਐਥਲੈਟਿਕਸ ਵਿਦਿਆਰਥਣਾਂ ਨੂੰ ਵੀ ਟਰੈਕ ਸੂਟ ਵੰਡਣਗੇ।ਅੰਤ ਵਿੱਚ ਸਕੂਲ ਇੰਚਾਰਜ ਗੁਰਬਖ਼ਸ਼ ਸਿੰਘ ਨੇ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਖ਼ਤ ਮਿਹਨਤ ਨਾਲ ਕਿਸੇ ਵੀ ਮੰਜ਼ਿਲ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।ਅੱਜ ਦੇ ਵਿਦਿਆਰਥੀ ਆਉਣ ਵਾਲੇ ਭਵਿੱਖ ਦੇ ਨਿਰਮਾਤਾ ਹਨ। ਇਸ ਲਈ ਸਮੂਹ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ।ਇਸ ਮੌਕੇ ਦਲਜੀਤ ਸਿੰਘ ਭੱਟੀ, ਗੁਰਮੀਤ ਸਿੰਘ ਬੁੱਟਰ ਤੇ ਸਮੂਹ ਸਕੂਲ ਸਟਾਫ ਮੈਂਬਰਜ਼ ਹਾਜ਼ਰ ਸਨ।

## ਠੀਕਰੀਵਾਲਾ ਦੇ ਨੌਜਵਾਨ ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਠੀਕਰੀਵਾਲਾ (ਬਰਨਾਲਾ) ਦੇ ਜੰਮਪਲ ਨੌਜਵਾਨ ਬੇਅੰਤ ਸਿੰਘ ਉਰਫ਼ ਜਗਤਾਰ (30) ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਦੁਖਦਾਈ ਖਬਰ ਮਿਲੀ ਹੈ।ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਲਗਭਗ ਦੋ ਮਹੀਨੇ ਪਹਿਲਾਂ ਹੀ ਰੋਜ਼ੀ-ਰੋਟੀ ਦੀ ਤਲਾਸ਼ ’ਚ ਚੰਗੇ ਭਵਿੱਖ ਦੀ ਆਸ ਲੈ ਕੇ ਕੈਨੇਡਾ ਗਿਆ ਸੀ।ਉਸ ਦੀ ਅਚਾਨਕ ਮੌਤ ਨਾਲ ਪਿੰਡ ਤੇ ਇਲਾਕੇ ਵਿੱਚ ਮਹੌਲ ਸੋਗਮਈ ਬਣ ਗਿਆ ਹੈ।ਮ੍ਰਿਤਕ ਦੇ ਚਾਚਾ ਹਰਭਗਵਾਨ ਸਿੰਘ ਨੇ ਦੱਸਿਆ ਕਿ ਨੌਜਵਾਨ ਬੇਅੰਤ ਸਿੰਘ ਅਪ੍ਰੈਲ ਮਹੀਨੇ ’ਚ ਕੈਨੇਡਾ ਗਿਆ ਸੀ।ਲੰਘੀ ਦੋ ਜੁਲਾਈ ਨੂੰ ਉਸ ਨੂੰ ਦਿਲ ਦਾ ਦੌਰਾ ਪੈਣ ਕਾਰਨ ਕੈਨੇਡਾ ’ਚ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਬੇਅੰਤ ਸਿੰਘ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਆਪਣੀ ਵਿਧਵਾ ਮਾਂ ਮਲਕੀਤ ਕੌਰ ਦਾ ਇਕੋ ਇੱਕ ਸਹਾਰਾ ਸੀ।ਪਰਿਵਾਰ ਨੇ ਕਰਜ਼ਾ ਚੁੱਕ ਕੇ ਉਸ ਨੂੰ ਕੈਨੇਡਾ ਸਰੀ ਭੇਜਿਆ ਸੀ, ਪਰ ਉਥੇ ਇਹ ਦੁੱਖਦਾਈ ਹਾਦਸਾ ਵਾਪਰ ਗਿਆ।

ਪਰਿਵਾਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਹ ਪੰਜ ਸਾਲ ਤੱਕ ਸਿੰਗਾਪੁਰ ’ਚ ਮਿਹਨਤ-ਮਜ਼ਦੂਰੀ ਕਰਕੇ ਪਰਤਿਆ ਸੀ, ਪਰ ਉਸ ਨੇ ਦੁਬਾਰਾ ਕੈਨੇਡਾ ਜਾਣ ਦਾ ਫੈਸਲਾ ਕੀਤਾ।ਸਰਪੰਚ ਕਿਰਨਜੀਤ ਸਿੰਘ, ਜਸਪ੍ਰੀਤ ਸਿੰਘ ਹੈਪੀ ਤੇ ਗ੍ਰਾਮ ਪੰਚਾਇਤ, ਯੂਥ ਕਲੱਬਾਂ, ਸਮੂਹ ਨਗਰ ਨਿਵਾਸੀਆਂ ਨੇ ਕੇਂਦਰ ਤੇ ਸੂਬਾ ਸਰਕਾਰ ਪਾਸੋਂ ਮੰਗ ਕੀਤੀ ਕਿ ਮ੍ਰਿਤਕ ਨੌਜਵਾਨ ਬੇਅੰਤ ਸਿੰਘ ਦੀ ਮ੍ਰਿਤਕ ਦੇਹ ਪਿੰਡ ਠੀਕਰੀਵਾਲਾ ਲਿਆਉਣ ਲਈ ਪਰਿਵਾਰ ਦੀ ਮਦਦ ਕੀਤੀ ਜਾਵੇ।

## ਪੀ ਯੂ ਵੱਲੋਂ ਪੰਜਾਬੀ ਲਿਖਤਾਂ ਨੂੰ ਬਰੇਲ ਲਿੱਪੀ ’ਚ ਬਦਲੇ ਜਾ ਸਕਣ ਵਾਲੀ ਤਕਨੀਕ ਵਿਕਸਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਦੀ ਇੱਕ ਖੋਜ ਰਾਹੀਂ ਪੰਜਾਬੀ ਲਿਖਤਾਂ ਨੂੰ ਨੇਤਰਹੀਣ ਵਿਅਕਤੀਆਂ ਵੱਲੋਂ ਪੜ੍ਹਨ ਲਈ ਵਰਤੀ ਜਾਂਦੀ ਬਰੇਲ ਲਿੱਪੀ ਵਿੱਚ ਬਦਲੇ ਜਾ ਸਕਣ ਵਾਲੀ ਤਕਨੀਕ ਵਿਕਸਤ ਕੀਤੀ ਗਈ ਹੈ।ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨ ਤੇ ਇੰਜਨੀਅਰਿੰਗ ਵਿਭਾਗ ਵਿੱਚ ਖੋਜਾਰਥੀ ਡਾ. ਚਰਨਜੀਵ ਸਿੰਘ ਸਰੋਆ ਵੱਲੋਂ ਡਾ. ਕਵਲਜੀਤ ਸਿੰਘ ਦੀ ਨਿਗਰਾਨੀ ਹੇਠ ਵਿਕਸਿਤ ਕੀਤੀ ਗਈ ਇਹ ਪ੍ਰਣਾਲੀ ਗੁਰਮੁਖੀ ਲਿੱਪੀ ਤੋਂ ਬਰੇਲ, ਆਟੋਮੈਟਿਕ ਫੌਂਟ ਪਰਿਵਰਤਕ, ਵਿਸ਼ਾਲ ਕਾਰਪਸ ਵਿਕਾਸ ਤੇ ਟੈਕਸਟ-ਟੂ-ਸਪੀਚ ਵਰਗੀਆਂ ਉਪਯੋਗੀ ਵਿਸ਼ੇਸ਼ਤਾਵਾਂ ਨਾਲ ਲੈਸ ਹੈ।

ਡਾ. ਕਵਲਜੀਤ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਤਕਨੀਕ ਵੇਖਣ ਤੋਂ ਅਸਮਰੱਥ ਵਿਅਕਤੀਆਂ ਦੀ ਪੰਜਾਬੀ ਭਾਸ਼ਾ ਵਿੱਚ ਪ੍ਰਾਪਤ ਗਿਆਨ ਸਮੱਗਰੀ ਤੱਕ ਆਸਾਨ ਪਹੁੰਚ ਬਣਾਉਣ ਪੱਖੋਂ ਨਵਾਂ ਇਨਕਲਾਬ ਸਿੱਧ ਹੋਣ ਦੀ ਸਮਰਥਾ ਰਖਦੀ ਹੈ।ਉਨ੍ਹਾਂ ਦੱਸਿਆ ਕਿ ਇਸ ਤਕਨੀਕ ਦਾ ਮੁੱਖ ਉਦੇਸ਼ ਵੇਖਣ ਤੋਂ ਅਸਮਰੱਥ ਅਜਿਹੇ ਵਿਅਕਤੀਆਂ ਲਈ ਇਕ ਸਾਰਥਕ ਡਿਜੀਟਲ ਰਸਤਾ ਉਪਲਬਧ ਕਰਵਾਉਣਾ ਹੈ ਜੋ ਆਪਣੀ ਮਾਂ-ਭਾਸ਼ਾ ਵਿੱਚ ਗਿਆਨ ਤੇ ਜਾਣਕਾਰੀ ਤੱਕ ਪਹੁੰਚ ਹਾਸਲ ਕਰਨਾ ਚਾਹੁੰਦੇ ਹਨ।

ਖੋਜਾਰਥੀ ਡਾ. ਚਰਨਜੀਵ ਸਿੰਘ ਨੇ ਦੱਸਿਆ ਕਿ ਇਹ ਪ੍ਰਣਾਲੀ ਪੰਜਾਬੀ ਲਿਖਤ ਨੂੰ ਗਰੇਡ-1 ਤੇ ਗਰੇਡ-2 ਬਰੇਲ ਵਿੱਚ ਤੁਰੰਤ ਬਦਲਣ ਦੀ ਸਮਰਥਾ ਰੱਖਦੀ ਹੈ।ਉਨ੍ਹਾਂ ਦੱਸਿਆ ਕਿ ਗਰੇਡ-1 ਬਰੇਲ ਵਿੱਚ ਅੱਖਰ-ਅਧਾਰਤ ਬਦਲਾਅ ਕੀਤਾ ਜਾਂਦਾ ਹੈ, ਜਿਸ ਵਿੱਚ ਹਰ ਪੰਜਾਬੀ ਅੱਖਰ ਨੂੰ ਬਰੇਲ ਦੇ ਇੱਕ ਅਨੁਕੂਲ ਚਿੰਨ੍ਹ ਵਿੱਚ ਤਬਦੀਲ ਕੀਤਾ ਜਾਂਦਾ ਹੈ।ਇਸ ਪੱਧਰ ਦੀ ਸ਼ੁੱਧਤਾ ਲਗਭਗ 99.9% ਹੈ।ਗਰੇਡ-2 ਬਰੇਲ ਵਿੱਚ ਲਿਖਤ ਦੀ ਕੁਸ਼ਲਤਾ ਵਧਾਉਣ ਲਈ ਵੱਖ ਵੱਖ ਵਿਧੀਆਂ ਨਾਲ ਬਰੇਲ ਕੋਡ ਪੈਟਰਨਜ਼ ਬਣਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਇਸ ਖੋਜ ਦੇ ਇੱਕ ਹੋਰ ਪੜਾਅ ਵਜੋਂ ਪੰਜਾਬੀ ਵਿਭਾਗ ਦੇ ਡਾ. ਰਾਜਵਿੰਦਰ ਸਿੰਘ ਦੀ ਸਹਿਯੋਗ ਨਾਲ਼ ਏ. ਐੱਸ. ਸੀ. ਆਈ. ਆਈ. ਤੋਂ ਯੂਨੀਕੋਡ ਆਟੋਮੈਟਿਕ ਫੌਂਟ ਪਰਿਵਰਤਕ ਵੀ ਤਿਆਰ ਕੀਤਾ ਗਿਆ।ਇਹ ਮਾਡਿਊਲ ਇੰਨਪੁੱਟ ਟੈਕਸਟ ਦੇ ਫੌਂਟ ਨੂੰ ਆਟੋਮੈਟਿਕ ਤੌਰ ’ਤੇ ਪਛਾਣ ਕੇ, ਉਸ ਦੇ ਅਨੁਸਾਰ ਯੂਨੀਕੋਡ ਫੌਂਟ ਵਿੱਚ ਬਦਲਣ ਦੀ ਸਮਰਥਾ ਰੱਖਦਾ ਹੈ, ਜਿਸ ਦੀ ਸ਼ੁੱਧਤਾ 99.8% ਹੈ। ਉਨ੍ਹਾਂ ਦੱਸਿਆ ਕਿ ਇਹ ਵਿਸ਼ੇਸ਼ ਤੌਰ ’ਤੇ ਅਜਿਹੇ ਡੈਟਾ ਲਈ ਉਪਯੋਗੀ ਹੈ, ਜੋ ਵੱਖ-ਵੱਖ ਫੌਂਟਾਂ ਵਿੱਚ ਮੌਜੂਦ ਹੋਣ ਕਰ ਕੇ ਸਿੱਧੇ ਤੌਰ ’ਤੇ ਕੰਪਿਊਟਰ ਦੁਆਰਾ ਪੜ੍ਹਨਯੋਗ ਨਹੀਂ ਹੁੰਦੇ।

ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਇਸ ਖੋਜ ਕਾਰਜ ਦੀ ਸ਼ਲਾਘਾ ਕਰਦਿਆਂ ਖੋਜਾਰਥੀ ਤੇ ਨਿਗਰਾਨ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਸ ਖੋਜ ਦਾ ਸਿਰਫ਼ ਤਕਨੀਕ ਪੱਖੋਂ ਹੀ ਨਹੀਂ, ਬਲਕਿ ਸਮਾਜਿਕ ਵਿਕਾਸ ਪੱਖੋਂ ਵੀ ਵਿਸ਼ੇਸ਼ ਮਹੱਤਵ ਹੈ।ਅਜਿਹੀਆਂ ਖੋਜਾਂ ਸਮਾਜ ਦੀ ਬਣਤਰ ਨੂੰ ਨਵੀਂ ਦਿਸ਼ਾ ਦਿੰਦੀਆਂ ਹਨ।ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ਼ ਪੰਜਾਬੀ ਭਾਸ਼ਾ ਲਈ, ਬਲਕਿ ਹੋਰ ਖੇਤਰੀ ਭਾਸ਼ਾਵਾਂ ਵਿੱਚ ਵੀ ਬਰੇਲ ਪ੍ਰਣਾਲੀਆਂ ਦੇ ਵਿਕਾਸ ਲਈ ਰਾਹ ਦਰਸਾਉਂਦਾ ਮਾਡਲ ਬਣ ਸਕਦਾ ਹੈ।

## ਸਾਹਿਤ ਸਭਾ ਨੇ ‘ਆਰਟੀਫੀਸ਼ੀਅਲ ਇੰਟੈਲੀਜੈਂਸ’ ’ਤੇ ਕਰਵਾਈ ਚਰਚਾ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬੀ ਸਾਹਿਤ ਸਭਾ ਬਠਿੰਡਾ ਦੀ ਮੀਟਿੰਗ ਇੱਕ ਨਵੀਂ ਤਕਨੀਕ ‘ਆਰਟੀਫੀਸ਼ੀਅਲ ਇੰਟੈਲੀਜੈਂਸ’ ’ਤੇ ਚਰਚਾ ਕਰਨ ਲਈ ਸੈਮੀਨਾਰ ਦਾ ਰੂਪ ਧਾਰ ਗਈ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮੈਗਜ਼ੀਨ ਤਰਕਸ਼ੀਲ ਦੇ ਸੰਪਾਦਕ ਸ੍ਰੀ ਰਾਜਪਾਲ, ਪੰਜਾਬੀ ਸਾਹਿਤ ਸਭਾ ਦੇ ਸੂਪਰਸਤ ਗੁਰਦੇਵ ਖੋਖਰ, ਪ੍ਰਧਾਨ ਜਸਪਾਲ ਮਾਨਖੇੜਾ ਤੇ ਤਰਕਸ਼ੀਲ ਆਗੂ ਭੂਰਾ ਸਿੰਘ ਮਹਿਮਾ ਸਰਜਾ ਸ਼ਾਮਲ ਸਨ।

ਸ਼ੁਰੂਆਤ ’ਚ ਸਭਾ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਨੇ ਸਭਨਾਂ ਨੂੰ ਜੀ ਆਇਆਂ ਕਿਹਾ। ਉਪਰੰਤ ਵਿਸ਼ੇ ਨਾਲ ਸਬੰਧਤ ਇੱਕ ਕਵਿਤਾ ਰਣਜੀਤ ਗੌਰਵ ਨੇ ਪੜ੍ਹੀ ਤੇ ਦੋ ਕਹਾਣੀਆਂ ਮਾਨਖੇੜਾ ਨੇ ਪੇਸ਼ ਕੀਤੀਆਂ। ਕਹਾਣੀਆਂ ਦੇ ਆਧਾਰ ’ਤੇ ਚਰਚਾ ਸ਼ੁਰੂ ਕਰਦਿਆਂ ਰਾਜਪਾਲ ਨੇ ਕਿਹਾ ਕਿ ਮਨੁੱਖ ਦੇ ਦਿਮਾਗ ਵਿੱਚ ਹਰ ਸਮੇਂ ਪੈਣ ਵਾਲੇ ਪ੍ਰਭਾਵ ਕਾਰਨ ਕੁੱਝ ਨਾ ਕੁੱਝ ਜਮ੍ਹਾਂ ਹੁੰਦਾ ਰਹਿੰਦਾ ਹੈ ਤੇ ਲੋੜ ਪੈਣ ’ਤੇ ਉਸ ਨੂੰ ਵਰਤਿਆ ਜਾ ਸਕਦਾ ਹੈ। ਨੈੱਟ ਭਾਵੇਂ ਉਸ ਵਿੱਚ ਜਮ੍ਹਾਂ ਗਿਆਨ ’ਚੋਂ ਪੁੱਛੇ ਸੁਆਲ ਦਾ ਤੱਤ ਕੱਢ ਕੇ ਜਵਾਬ ਦੇ ਦਿੰਦਾ ਹੈ, ਪ੍ਰੰਤੂ ਉਹ ਮਨੁੱਖ ਵੱਲੋਂ ਜਮ੍ਹਾਂ ਕੀਤੇ ਗਿਆਨ ’ਚੋਂ ਹੀ ਪੇਸ਼ ਕਰਦਾ ਹੈ। ਭਾਵ ਜੋ ਉਸ ਕੋਲ ਪਿਆ ਹੈ, ਉਸ ਵਿੱਚੋਂ ਹੀ ਕੁੱਝ ਲੱਭਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਹਿਤਕ ਪੱਖੋਂ ਵੇਖਿਆ ਜਾਵੇ ਨੈੱਟ ਵਿਸ਼ਲੇਸਣ ਤਾਂ ਕਰ ਦਿੰਦਾ ਹੈ, ਪ੍ਰੰਤੂ ਉਸ ਦੀ ਰਚਨਾ ਵਿੱਚ ਸਿਰਜਨਾਤਮਕਤਾ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਆਰਟੀਫਿਸ਼ਲ ਇੰਟੈਲੀਜੈਂਸ ਦੇ ਭਾਵੇਂ ਕੁੱਝ ਨੁਕਸਾਨ ਵੀ ਹੋ ਸਕਦੇ ਹਨ, ਪਰ ਵਿਗਿਆਨ ਤੇ ਸਾਹਿਤ ਲਈ ਇਸ ਵਿੱਚ ਸ਼ਾਮਲ ਹੋਣਾ ਹੀ ਪਵੇਗਾ।

ਚਰਚਾ ’ਚ ਭਾਗ ਲੈਂਦਿਆਂ ਡਾ: ਪਰਮਜੀਤ ਸਿੰਘ ਰੋਮਾਣਾ ਨੇ ਕਿਹਾ ਕਿ ਇਹ ਵੀ ਮਹੱਤਵਪੂਰਨ ਹੈ ਕਿ ਤਕਨੀਕ ਕੌਣ ਬਣਾਉਂਦਾ ਹੈ ਤੇ ਉਸ ’ਤੇ ਕਿਸ ਦਾ ਕੰਟਰੋਲ ਹੈ। ਸਮਾਜਿਕ ਜ਼ੁੰਮੇਵਾਰੀ ਲਈ ਸਾਹਿਤਕਾਰਾਂ ਨੂੰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਸ੍ਰੀ ਰਣਧੀਰ ਗਿੱਲਪੱਤੀ ਨੇ ਕਿਹਾ ਕਿ ਆਉਣ ਵਾਲੀਆਂ ਜੰਗਾਂ ਵੀ ਏ ਆਈ ਤਹਿਤ ਹੋਣਗੀਆਂ, ਫੌਜਾਂ ਵੱਲੋਂ ਅੱਗੇ ਵਧਣ ਜਾਂ ਪਿੱਛੇ ਹਟਣ ਬਾਰੇ ਸੋਚਣ ਦੀ ਵੀ ਲੋੜ ਨਹੀਂ ਰਹਿਣੀ। ਸ੍ਰੀ ਬਲਰਾਜ ਮੌੜ ਨੇ ਕਿਹਾ ਕਿ ਏ ਆਰ ਸਦਕਾ ਮਸ਼ੀਨਾਂ ਕੰਮ ਕਰ ਰਹੀਆਂ ਹਨ, ਜਿਸ ਸਦਕਾ ਲੱਖਾਂ ਕਾਮੇ ਬੇਕਾਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਵਿਧੀ ਨਾਲ ਸਿੱਖਿਆ ’ਤੇ ਹਮਲਾ ਹੋਣ ਦਾ ਖ਼ਦਸ਼ਾ ਵੀ ਪ੍ਰਗਟ ਹੋ ਗਿਆ ਹੈ। ਸਭਾ ਦੇ ਸੂਪਰਸਤ ਗੁਰਦੇਵ ਖੋਖਰ ਨੇ ਕਿਹਾ ਕਿ ਇਸ ਮੁੱਲਵਾਨ ਮੁੱਦੇ ’ਤੇ ਚਰਚਾ ਕਰਨੀ ਸਮੇਂ ਦੀ ਲੋੜ ਹੈ। ਇਸ ਤਕਨੀਕ ਨੂੰ ਚੰਦ ਕੁ ਬੰਦੇ ਹੀ ਵਰਤ ਰਹੇ ਹਨ ਤੇ ਇਸ ਦਾ ਲਾਹਾ ਲੈ ਰਹੇ ਹਨ। ਚਰਚਾ ਵਿੱਚ ਪ੍ਰਿਤਪਾਲ ਸਿੰਘ ਤੇ ਰਮੇਸ਼ ਕੁਮਾਰ ਗਰਗ ਨੇ ਵੀ ਭਾਗ ਲਿਆ। ਸ੍ਰੀ ਰਾਜਪਾਲ ਨੇ ਸੁਆਲਾਂ ਦੇ ਜੁਆਬ ਦਿੰਦਿਆਂ ਕਿਹਾ ਕਿ ਗੋਸ਼ਟੀਆਂ ਦਾ ਕੰਮ ਸੁਚੇਤ ਕਰਨਾ ਹੈ ਕਿ ਗਲਤ ਰਸਤੇ ਤੋਂ ਕਿਵੇਂ ਬਚਣਾ ਹੈ। ਇਹ ਵੀ ਮਹੱਤਵਪੂਰਨ ਹੈ ਤਕਨੀਕ ਲੋਕ ਪੱਖੀ ਹੱਥਾਂ ਵਿੱਚ ਹੈ ਜਾਂ ਮੁਨਾਫ਼ੇਖੋਰਾਂ ਦੇ ਹੱਥਾਂ ਵਿੱਚ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਭੂਰਾ ਸਿੰਘ ਮਹਿਮਾ ਸਰਜਾ ਨੇ ਕਿਹਾ ਕਿ ਹਰ ਨਵੀਂ ਤਕਨੀਕ ਦਾ ਵਿਰੋਧ ਵੀ ਹੁੰਦਾ ਹੀ ਹੈ। ਇਸ ਨਵੀਂ ਤੇ ਅਹਿਮ ਤਕਨੀਕ ਬਾਰੇ ਜੁੜ ਬੈਠ ਕੇ ਚਰਚਾ ਕਰਨੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਪੰਜਾਬੀ ਸਾਹਿਤ ਸਭਾ ਬਠਿੰਡਾ ਨੇ ਕੀਤੀ ਹੈ, ਜੋ ਸ਼ਲਾਘਾਯੋਗ ਕਦਮ ਹੈ। ਅੰਤ ਵਿੱਚ ਧੰਨਵਾਦ ਕਰਦਿਆਂ ਦਮਜੀਤ ਦਰਸ਼ਨ ਨੇ ਕਿਹਾ ਕਿ ਇਸ ਤਕਨੀਕ ਤੋਂ ਭੈ-ਭੀਤ ਹੋਣ ਦੀ ਲੋੜ ਨਹੀਂ, ਸਗੋਂ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਨਾਲ ਬਹੁਤ ਸਮੱਸਿਆਵਾਂ ਪੈਦਾ ਵੀ ਹੋ ਸਕਦੀਆਂ ਹਨ ਤੇ ਬਹੁਤ ਸਾਰੀਆਂ ਹੱਲ ਵੀ ਹੋਣਗੀਆਂ। ਸਭਾ ਦੇ ਜਨਰਲ ਸਕੱਤਰ ਰਣਜੀਤ ਗੌਰਵ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

## ਕਾਨੂੰਨ ਵਿਵਸਥਾ ਭੰਗ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਡਾ. ਬਲਬੀਰ ਸਿੰਘ

**ਸਿਹਤ ਮੰਤਰੀ ਨੇ ਡਾ. ਅਨਿਲ ਕੰਬੋਜ ਦੀ ਸਿਹਤ ਦਾ ਮੋਗਾ ਪਹੁੰਚ ਕੇ ਜਾਣਿਆ ਹਾਲ**



**ਮੋਗਾ (ਇਕਬਾਲ ਸਿੰਘ ਖਹਿਰਾ)**-ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਭੰਗ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਉੱਤੇ ਬਖਸ਼ਿਆ ਨਹੀਂ ਜਾ ਰਿਹਾ। ਬੀਤੇ ਦਿਨੀਂ ਮੋਗਾ ਵਿਖੇ ਮਸ਼ਹੂਰ ਅਦਾਕਾਰਾ ਤਾਨੀਆ ਦੇ ਪਿਤਾ ਡਾ. ਅਨਿਲ ਕੰਬੋਜ ਉੱਪਰ ਹੋਏ ਜਾਨਲੇਵਾ ਹਮਲੇ ਦੀ ਘਟਨਾ ਬਹੁਤ ਹੀ ਮੰਦਭਾਗੀ ਹੈ ਤੇ ਪੰਜਾਬ ਸਰਕਾਰ ਇਸ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ’ਤੇ ਬਖਸ਼ੇਗੀ ਨਹੀਂ, ਭਾਵੇਂ ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਛੁਪ ਜਾਣ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਨੇ ਮੋਗਾ ਦੇ ਸੁਪਰ ਮੈਡੀਸਿਟੀ ਤੇ ਸੁਪਰ ਸਪੈਸ਼ਲਲਿਟੀ ਹਸਪਤਾਲ ਵਿੱਚ ਡਾ. ਅਦਾਕਾਰਾ ਤਾਨੀਆ ਦੇ ਪਿਤਾ ਅਨਿਲ ਕੰਬੋਜ ਦੀ ਸਿਹਤ ਦਾ ਹਾਲ-ਚਾਲ ਜਾਨਣ ਲਈ ਵਿਸ਼ੇਸ਼ ਤੌਰ ’ਤੇ ਪਹੁੰਚਣ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਇੱਕ ਨਕਲੀ ਮਰੀਜ਼ ਬਣ ਕੇ ਡਾਕਟਰ ਉੱਪਰ ਗੋਲੀਆਂ ਚਲਾਉਣੀਆਂ ਕੋਈ ਇਨਸਾਨੀਅਤ ਵਾਲੀ ਗੱਲ ਨਹੀਂ ਹੈ।ਡਾ. ਅਨਿਲ ਕੰਬੋਜ ਦੀ ਜਾਨ ਬਚਾਉਣ ਲਈ ਉਨ੍ਹਾਂ ਸਭ ਤੋਂ ਉੱਤਮ ਦਰਜੇ ਦਾ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ ਤੇ ਉਨ੍ਹਾਂ ਦੇ ਇਲਾਜ ਲਈ ਪੰਜਾਬ ਸਰਕਾਰ ਹਰ ਸੰਭਵ ਮੱਦਦ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਡੀ ਐੱਮ ਸੀ ਐੱਚ ਦੇ ਹੈੱਡ ਤੇ ਪ੍ਰਸਿੱਧ ਪ੍ਰੋਫੈਸਰ ਕਾਰਡੀਓਲਾਜੀ ਡਾ. ਬਿਸ਼ਵ ਮੋਹਨ ਤੋਂ ਆਨਲਾਈਨ ਡਾ. ਅਨਿਲ ਕੰਬੋਜ ਦੀ ਸਿਹਤ ਸਬੰਧੀ ਡਾਕਟਰੀ ਸੁਝਾਅ ਲਿਆ।ਉਨ੍ਹਾਂ ਕਿਹਾ ਕਿ ਡੀ ਐੱਮ ਸੀ ਦੇ ਮਾਹਿਰ ਡਾਕਟਰਾਂ ਦੀ ਟੀਮ ਵੀ ਜਲਦੀ ਹੀ ਇੱਥੇ ਪਹੁੰਚੇਗੀ। ਸਮੁੱਚੀ ਲੀਡਰਸ਼ਿਪ ਦੀਆਂ ਦੁਆਵਾਂ ਵੀ ਉਨ੍ਹਾਂ ਦੇ ਨਾਲ ਹਨ ਤੇ ਪ੍ਰਮਾਤਮਾ ਦੀ ਕਿਰਪਾ ਨਾਲ ਉਹ ਜਲਦੀ ਸਿਹਤਯਾਬ ਹੋਣਗੇ।ਉਨ੍ਹਾਂ ਕਿਹਾ ਕਿ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੀ ਉਨ੍ਹਾਂ ਦੀ ਰੋਜ਼ਾਨਾ ਸਿਹਤ ਸਬੰਧੀ ਅੱਪਡੇਟ ਲੈ ਰਹੇ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਇਸ ਘਨੌਣੀ ਹਰਕਤ ਨੂੰ ਅੰਜਾਮ ਦਿੱਤਾ ਹੈ, ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਡਾਕਟਰ ਤੇ ਉਨ੍ਹਾਂ ਦੇ ਪਰਿਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।ਉਨ੍ਹਾਂ ਡਾ. ਅਨਿਲ ਕੰਬੋਜ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਇਸ ਦੁੱਖ ਦੀ ਘੜੀ ਵਿੱਚ ਹੌਸਲੇ ਤੋਂ ਕੰਮ ਲੈਣ ਲਈ ਕਿਹਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡਾਕਟਰਾਂ ਦੀ ਸੁਰੱਖਿਆ ਲਈ ਉੱਚੇਚੇ ਯਤਨ ਕੀਤੇ ਜਾ ਰਹੇ ਹਨ, ਹਸਪਤਾਲਾਂ ਦੀ ਨੇੜੇ ਦੇ ਪੁਲਸ ਸਟੇਸ਼ਨਾਂ ਨਾਲ ਮੈਪਿੰਗ ਕੀਤੀ ਗਈ ਹੈ।ਮੈਡੀਕਲ ਸਟਾਫ ਨਾਲ ਦੁਰਵਿਹਾਰ ਕਰਨ ਵਾਲਾ ਕੋਈ ਵੀ ਵਿਅਕਤੀ ਬਖਸ਼ਿਆ ਨਹੀਂ ਜਾ ਰਿਹਾ। ਇਸ ਸਬੰਧੀ ਜ਼ਿਲ੍ਹਾ ਪੱਧਰੀ ਕਮੇਟੀਆਂ ਵੀ ਬਣਾਈਆਂ ਗਈਆਂ ਹਨ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ, ਵਧੀਕ ਡਿਪਟੀ ਕਮਿਸ਼ਨਰ (ਜ) ਚਾਰੂਮਿਤਾ, ਐਸ.ਐਸ.ਪੀ. ਮੋਗਾ ਅਜੇ ਗਾਂਧੀ ਤੇ ਹੋਰ ਵੀ ਰਾਜਨੀਤਕ ਲੋਕ ਤੇ ਪ੍ਰਸ਼ਾਸਨਕ ਅਧਿਕਾਰੀ ਹਾਜ਼ਰ ਸਨ।

## ਵੈਟਰਨਰੀ ਅ.ਫਸਰਾਂ ਵੱਲੋਂ ਸਰਕਾਰ ਨੂੰ 10 ਦਿਨ ਦਾ ਅਲਟੀਮੇਟਮ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**


ਭਾਵੇਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਹੋ ਇਸ ਦੇ ਉਲਟ ਰਿਹਾ ਹੈ। ਸਰਕਾਰ ਦੇ ਲਾਰਿਆਂ ਤੋਂ ਤੰਗ ਆ ਕੇ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਅਫ਼ਸਰਾਂ ਵੱਲੋਂ ਦੁਬਾਰਾ ਸੰਘਰਸ਼ ਦਾ ਐਲਾਣ ਕਰ ਦਿੱਤਾ ਗਿਆ ਹੈ।ਇਹ ਫ਼ੈਸਲਾ ਜੁਆਇੰਟ ਐਕਸ਼ਨ ਫਾਰ ਪੇ-ਪੈਰਟੀ ਦੀ ਸੂਬਾ ਕਮੇਟੀ ਵੱਲੋਂ ਵੀਡੀਓ ਕਾਨਫ਼ਰੰਸ ਦੁਆਰਾ ਕੀਤੀ ਬੈਠਕ ’ਚ ਲਿਆ ਗਿਆ ਹੈ।ਇਸ ਤਹਿਤ ਜਥੇਬੰਦੀ ਵੱਲੋਂ ਕੇਂਦਰ ਸਰਕਾਰ ਦੀ ਸਕੀਮ ਸੁਰਭੀ ਸਰਣਖਲਾ ਦਾ ਬਾਈਕਾਟ ਕਰਕੇ ਸ਼ੁਰੂ ਕੀਤਾ ਗਿਆ ਹੈ।ਇਸ ਦੇ ਨਾਲ ਹੀ ਜਥੇਬੰਦੀ ਵੱਲੋਂ ਸਰਕਾਰ ਨੂੰ 10 ਦਿਨ ਦਾ ਅਲਟੀਮੇਟਮ ਦਿੱਤਾ ਗਿਆ ਹੈ, ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਪੰਜਾਬ ਦੇ ਸਮੂਹ ਵੈਟਰਨਰੀ ਡਾਕਟਰ ਸਰਕਾਰ ਵਿਰੁੱਧ ਸੜਕਾਂ ’ਤੇ ਉੱਤਰਨ ਲਈ ਮਜਬੂਰ ਹੋਣਗੇ।ਮੀਟਿੰਗ ਵਿੱਚ ਸੰਘਰਸ਼ ਸਬੰਧੀ ਬੋਲਦਿਆਂ ਸੰਘਰਸ਼ ਕਮੇਟੀ ਦੇ ਕਨਵੀਨਰ ਡਾ. ਗੁਰਚਰਨ ਸਿੰਘ ਨੇ ਕਿਹਾ ਕਿ ਵੈਟਰਨਰੀ ਅਫ਼ਸਰਾਂ ਦੀ ਮੈਡੀਕਲ ਅਫ਼ਸਰਾਂ ਨਾਲ ਪੇ-ਪੈਰਟੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਅਨੁਸਾਰ ਮਿਲੀ ਹੋਈ ਸੀ, ਜਿਸ ਨੂੰ ਬਹਾਲ ਕਰਵਾਉਣ ਲਈ ਇਸ ਸਬੰਧੀ ਲਗਾਤਾਰ ਮੌਜੂਦਾ ਜਥੇਬੰਦੀ ਵੱਲੋਂ ਸੂਬਾ ਸਰਕਾਰ ਦੇ ਪੱਧਰ ’ਤੇ ਵਾਰ-ਵਾਰ ਮੰਗ ਪੱਤਰ ਦਿੱਤੇ ਗਏ। ਪਸ਼ੂ ਪਾਲਣ ਵਿਭਾਗ ਦੇ ਸਾਬਕਾ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ ਤੇ ਮੌਜੂਦਾ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਵਾਰ-ਵਾਰ ਮੰਗ ਪੱਤਰ ਦਿੱਤੇ ਗਏ ਹਨ।ਵਿਭਾਗ ਦੇ ਮੰਤਰੀ ਨਾਲ ਬਹੁਤ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ, ਸਰਕਾਰ ਦੀ ਕੈਬਨਿਟ ਸਬ-ਕਮੇਟੀ ਨਾਲ ਵੀ 2 ਵਾਰ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਅਜੇ ਤੱਕ ਸਿਵਾਏ ਵਾਅਦਿਆਂ ਤੋਂ ਵੱਧ ਕੁੱਝ ਵੀ ਨਹੀਂ ਕੀਤਾ ਗਿਆ। ਇਸ ਵਿਰੁੱਧ ਵੈਟਰਨਰੀ ਅਫ਼ਸਰਾਂ ਵੱਲੋਂ ਸਰਕਾਰ ਵਿਰੁੱਧ ਸੰਘਰਸ਼ ਕਰਨ ਦਾ ਦੁਬਾਰਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਿੱਚ ਅੰਕੜਿਆਂ ਨਾਲ ਫਾਈਲਾਂ ਦਾ ਢਿੱਡ ਭਰਣ ਲਈ ਉੱਚ ਅਫ਼ਸਰਾਂ ਵੱਲੋਂ ਅਧਿਕਾਰੀਆਂ-ਕਰਮਚਾਰੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਨਾ ਮੰਨਣ ਵਾਲਿਆਂ ਨੂੰ ਚਾਰਜਸ਼ੀਟ ਜਾਂ ਮੁਅੱਤਲੀ ਰਾਹੀਂ ਉਲਝਾਇਆ ਜਾ ਰਿਹਾ ਹੈ, ਜਦਕਿ ਜ਼ਮੀਨੀ ਪੱਧਰ ’ਤੇ ਲੋਕਾਂ ਦੀ ਹਾਲਤ ਬਹੁਤ ਬੁਰੀ ਹੈ।ਕਮੇਟੀ ਦੇ ਕੋ-ਕਨਵੀਨਰ ਡਾ. ਪੁਨੀਤ ਮਲਹੋਤਰਾ, ਡਾ. ਅਬਦੁਲ ਮਜੀਦ ਤੇ ਕਮੇਟੀ ਦੇ ਬੁਲਾਰੇ ਡਾ. ਗੁਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਉਣ ਵਾਲੀ 13 ਜੁਲਾਈ ਤੱਕ ਪੇ-ਪੈਰਟੀ ਬਹਾਲ ਨਾ ਕੀਤੀ ਤਾਂ ਸਮੁੱਚਾ ਵੈਟਰਨਰੀ ਡਾਕਟਰ ਭਾਈਚਾਰਾ ਸੜਕਾਂ ’ਤੇ ਉੱਤਰਨ ਲਈ ਮਜਬੂਰ ਹੋਵੇਗਾ।

## ਦੇਸ਼-ਵਿਆਪੀ ਹੜਤਾਲ ਦਾ ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ/ਟ੍ਰਾਂਸਕੋ ਵੱਲੋਂ ਸਮਰਥਨ



**ਦੋਰਾਹਾ (ਹਰਮਿੰਦਰ ਸੇਠ)**-ਨਿੱਜੀਕਰਨ ਦੀ ਨੀਤੀ ਰੱਦ ਕਰਾਉਣ ਲਈ, ਆਊਟ ਸੋਰਸਿੰਗ ਤੇ ਠੇਕੇਦਾਰੀ ਪ੍ਰਬੰਧ ਨੂੰ ਬੰਦ ਕਰਕੇ ਪੱਕੀ ਭਰਤੀ ਕਰਾਉਣ ਲਈ, ਮੋਦੀ ਦੀ ਸਰਕਾਰ ਵੱਲੋਂ ਬਣਾਏ ਨਵੇਂ ਚਾਰ ਲੇਬਰ ਕਾਨੂੰਨ ਰੱਦ ਕਰਾਉਣ ਤੇ ਪਹਿਲੇ ਬਣੇ 44 ਲੇਬਰ ਕਾਨੂੰਨ ਬਹਾਲ ਕਰਾਉਣ ਲਈ ਅਤੇ ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ, ਵਿਦਿਆਰਥੀਆਂ ਬੇ-ਰੁਜ਼ਗਾਰ ਨੌਜਵਾਨਾਂ ਤੇ ਸਮੁੱਚੇ ਮਿਹਨਤੀ ਲੋਕਾਂ ਦੇ ਮੰਗਾਂ ਮਸਲੇ ਹੱਲ ਕਰਾਉਣ ਲਈ 9 ਹੋ ਰਹੀ ਦੇਸ਼ ਵਿਆਪੀ ਹੜਤਾਲ ਦੀ ਡੱਟ ਕੇ ਹਮਾਇਤ ਕਰਨ ਲਈ ਡਵੀਜ਼ਨ ਦੋਰਾਹਾ ਦੇ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਡਵੀਜ਼ਨ ਦੇ ਸੇਵਾ ਮੁਕਤ ਮੁਲਾਜ਼ਮਾਂ ਤੇ ਫੈਮਿਲੀ ਪੈਨਸ਼ਨਰਾਂ ਨੇ ਭਰਵੀਂ ਸ਼ਮੂਲੀਅਤ ਕਰਕੇ ਹਿੰਦੂ ਧਰਮਸ਼ਾਲਾ ਵਿਖੇ ਡਵੀਜ਼ਨ ਪੱਧਰ ਤੇ ਜਨਰਲ ਬਾਡੀ ਦੀ ਮੀਟਿੰਗ ਕੀਤੀ।ਡਵੀਜ਼ਨ ਪ੍ਰੈੱਸ ਸਕੱਤਰ ਕਿਸ਼ਨ ਕੁਮਾਰ ਤੇ ਸਕੱਤਰ ਤਰਸੇਮ ਲਾਲ ਨੇ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਵਿੱਚ ਡਵੀਜ਼ਨ ਦੋਰਾਹਾ ਦੇ ਆਗੂ ਹਰਚਰਨ ਸਿੰਘ ਗਰੇਵਾਲ, ਰਾਮ ਕਿਸ਼ਨ, ਰਕੇਸ਼ ਕੁਮਾਰ, ਭਗਵੰਤ ਸਿੰਘ, ਜਗਦੇਵ ਸਿੰਘ, ਅਵਤਾਰ ਸਿੰਘ, ਨਛੱਤਰ ਸਿੰਘ, ਸਾਂਗਾ ਰਾਮ, ਰਾਮ ਸਰੂਪ ਤੇ ਸਿਕੰਦਰ ਸਿੰਘ ਅਤੇ ਸਰਕਲ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ ਦੋਬੁਰਜੀ, ਮੀਤ ਪ੍ਰਧਾਨ ਪਰਵਿੰਦਰ ਸਿੰਘ ਤੇ ਮੈਂਬਰ ਸਰਜੀਤ ਸਿੰਘ ਨੇ ਹੋ ਰਹੀ ਹੜਤਾਲ ਦੀ ਮਹੱਤਤਾ ਅਤੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਪਾਵਰਕਾਮ/ਟ੍ਰਾਂਸਕੋ ਦੀ ਮੈਨੇਜਮੈਂਟ ਦੇ ਮੁਲਾਜ਼ਮਾਂ ਪ੍ਰਤੀ ਅਪਣਾਏ ਜਾ ਰਹੇ ਪੱਖੀ ਵਤੀਰੇ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਆਗੂਆਂ ਨੇ ਚੇਤਾਵਨੀ ਦਿੰਦੇ ਹੋਏ ਮੰਗ ਕੀਤੀ ਕਿ ਜੇਕਰ ਮੰਗਾਂ ਮਸਲਿਆਂ ਨੂੰ ਹੱਲ ਨਾ ਕੀਤਾ ਤਾਂ ਸੂਬਾ ਕਮੇਟੀ ਵੱਲੋਂ ਜੋ ਵੀ ਸੰਘਰਸ਼ ਪ੍ਰੋਗਰਾਮ ਦਿੱਤਾ ਜਾਵੇਗਾ, ਉਸ ਵਿੱਚ ਦੋਰਾਹਾ ਡਵੀਜ਼ਨ ਤੋਂ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।

## ਜਨਰਲ ਸਟੋਰ ਨੂੰ ਲੱਗੀ ਅੱਗ, ਲੱਖਾਂ ਰੁਪਏ ਦਾ ਨੁਕਸਾਨ



**ਲਹਿਰਾਗਾਗਾ (ਪੱਤਰ ਪ੍ਰੇਰਕ)**- ਸਥਾਨਕ ਸ਼ਹਿਰ ਵਿੱਚ ਇੱਕ ਜਨਰਲ ਸਟੋਰ ਨੂੰ ਬੀਤੀ ਅੱਧੀ ਰਾਤ ਤੋਂ ਬਾਅਦ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ।ਅੱਗ ਦੀਆਂ ਲਾਟਾਂ ਇੰਨੀਆਂ ਤੇਜ਼ ਸਨ ਕਿ ਦੁਕਾਨ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ ਤੇ ਪੰਜ ਰੁਪਏ ਦਾ ਸਾਮਾਨ ਵੀ ਬਾਕੀ ਨਹੀਂ ਬਚਿਆ।ਅੱਗ ਲੱਗਣ ਕਾਰਨ ਦੁਕਾਨ ਮਾਲਕ ਦਾ 8 ਤੋਂ 10 ਲੱਖ ਰੁਪਏ ਦਾ ਨੁਕਸਾਨ ਦੱਸਿਆ ਜਾ ਰਿਹਾ ਹੈ।ਸ਼ਿਵ ਜਨਰਲ ਸਟੋਰ ਦੇ ਮਾਲਕ ਅਨਿਲ ਕੁਮਾਰ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸ਼ਾਮ ਨੂੰ ਜਨਰਲ ਸਟੋਰ ਬੰਦ ਕਰਕੇ ਘਰ ਗਿਆ ਸੀ।ਅੱਧੀ ਰਾਤ ਤੋਂ ਬਾਅਦ ਅੱਗ ਲੱਗਣ ਦੀ ਇਹ ਘਟਨਾ ਵਾਪਰੀ ਨੇੜੇ ਹੀ ਰੇਲਵੇ ਸਟੇਸ਼ਨ 'ਤੇ ਬੈਠੇ ਕੁਝ ਲੋਕਾਂ ਨੇ ਜਨਰਲ ਸਟੋਰ ਵਿੱਚੋਂ ਧੂੰਆਂ ਨਿਕਲਦਾ ਦਿਖਿਆ, ਜਿਸ ਤੋਂ ਬਾਅਦ ਅੱਗ ਦੀਆਂ ਉੱਚੀਆਂ ਲਪਟਾਂ ਦਿਖਾਈ ਦਿੱਤੀਆਂ।ਇਕੱਤਰ ਲੋਕਾਂ ਨੇ ਦੱਸਿਆ ਕਿ ਫੋਨ ਕਰਨ ਤੋਂ ਤਕਰੀਬਨ ਇੱਕ ਡੇਢ ਘੰਟੇ ਬਾਅਦ ਫਾਇਰ ਬ੍ਰਿਗੇਡ ਆਈ, ਪ੍ਰੰਤੂ ਉਦੋਂ ਨੂੰ ਦੁਕਾਨ ਦਾ ਸਾਰੇ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਚੁੱਕਿਆ ਸੀ।ਸੜੇ ਹੋਏ ਖਾਕ-ਨੁਮਾ ਸਾਮਾਨ ਨੂੰ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੇ ਟਰਾਲੀਆਂ ਰਾਹੀਂ ਬਾਹਰ ਸੁੱਟਿਆ।ਇਸ ਸਮੇਂ ਇਕੱਤਰ ਦੁਕਾਨਦਾਰਾਂ ਨੇ ਮੰਗ ਕਰਦਿਆਂ ਕਿਹਾ ਕਿ ਖਨੌਰੀ ਤੇ ਮੂਨਕ ਸ਼ਹਿਰ ਨਾਲੋਂ ਲਹਿਰਾ ਸ਼ਹਿਰ ਜਿੱਥੇ ਅਬਾਦੀ ਵਿੱਚ ਵੱਡਾ ਹੈ, ਉੱਥੇ ਹੀ ਇੰਡਸਟਰੀ, ਸੈਲਰ ਤੇ ਕਈ ਮੰਜ਼ਲਾਂ ਇਮਾਰਤ ਵਾਲੇ ਸਕੂਲ ਤੇ ਕਾਲਜ ਹਨ।ਇਸ ਲਈ ਫਾਇਰ ਬ੍ਰਿਗੇਡ ਦੀ ਗੱਡੀ ਪੱਕੇ ਤੌਰ 'ਤੇ ਲਹਿਰਾਗਾਗਾ ਵਿਖੇ ਖੜਾਉਣ ਦਾ ਇੰਤਜ਼ਾਮ ਕੀਤਾ ਜਾਵੇ।ਇਸ ਸਮੇਂ ਇਹ ਵੀ ਮੰਗ ਕੀਤੀ ਗਈ ਕਿ ਫਸਲਾਂ ਦੀ ਤਰਜ਼ 'ਤੇ ਦੁਕਾਨਦਾਰ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਇਹ ਦੁਕਾਨ ਦੀ ਮੁਰੰਮਤ ਕਰਵਾ ਕੇ ਤੇ ਥੋੜ੍ਹਾ ਬਹੁਤਾ ਸਾਮਾਨ ਪਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਸਕੇ।

## ਫੀਲਖਾਨਾ ਵਿਖੇ ਵਣ-ਮਹਾਂਉਤਸਵ ਮਨਾਇਆ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਸਰਕਾਰੀ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਸਟੇਟ ਅਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਨੇ ਵਿਦਿਆਰਥੀਆਂ ਨੂੰ ਵਣਾਂ ਦੇ ਮਹੱਤਵ ਬਾਰੇ ਦੱਸਦਿਆਂ ਕਿਹਾ ਕਿ ਸਾਨੂੰ ਆਪਣੇ ਮਾਤਾ ਪਿਤਾ ਦੇ ਨਾਂ 'ਤੇ ਹਰ ਇੱਕ ਨਾਗਰਿਕ ਨੂੰ ਇੱਕ ਬੂਟਾ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਰੰਗਲਾ ਪੰਜਾਬ ਬਣਾਉਣ ਦਾ ਮੰਤਵ ਤਾਂ ਹੀ ਪੂਰਾ ਕੀਤਾ ਜਾ ਸਕਦਾ ਹੈ, ਜੇਕਰ ਪੰਜਾਬ ਦਾ ਹਰ ਇੱਕ ਨਾਗਰਿਕ ਆਪਣੇ ਹਿੱਸੇ ਦਾ ਬਣਦਾ ਪੌਦਾ ਲਗਾਵੇ ਤੇ ਨਾਲ ਹੀ ਉਸ ਨੂੰ ਪਾਲਣ ਦਾ ਪ੍ਰਣ ਲਵੇ, ਕੌਮੀ ਸੇਵਾ ਯੋਜਨਾ ਵੱਲੋਂ ਉਲੀਕੇ ਗਏ ਵਣ ਮਹਾਂਉਤਸਵ ਵਿੱਚ ਸਕੂਲ ਦੇ ਐੱਨ ਐੱਸ ਐੱਸ ਦੇ ਵਲੰਟੀਅਰਸ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਪ੍ਰੋਗਰਾਮ ਅਫਸਰ ਸ੍ਰੀ ਮਨੋਜ ਥਾਪਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਰਕਾਰੀ ਨਰਸਰੀਆਂ ਤੋਂ ਮੁਫਤ ਪੌਦੇ ਦਿੱਤੇ ਜਾ ਰਹੇ ਹਨ, ਸੋ ਸਾਰੇ ਨਾਗਰਿਕਾਂ ਦਾ ਤੇ ਖਾਸ ਤੌਰ 'ਤੇ ਵਿੱਦਿਅਕ ਸੰਸਥਾਵਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਹਿੱਸੇ ਦਾ ਯੋਗਦਾਨ ਪਾਉਣ।ਇਸ ਵਣ ਮਹਾਂਉਤਸਵ ਦੇ ਪ੍ਰੋਗਰਾਮ ਦੇ ਵਿੱਚ ਹੋਰਨਾਂ ਤੋਂ ਇਲਾਵਾ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ, ਸੀਨੀਅਰ ਲੈਕਚਰਾਰ ਸ੍ਰ. ਕੰਵਰਜੀਤ ਸਿੰਘ ਧਾਲੀਵਾਲ, ਸਟਾਫ ਸਕੱਤਰ ਸ੍ਰ. ਚਰਨਜੀਤ ਸਿੰਘ, ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਸਰਦਾਰ ਪ੍ਰਗਟ ਸਿੰਘ ਸਟੇਟ ਅਵਾਰਡੀ ਅਧਿਆਪਕ, ਡਾਕਟਰ ਮੋਨੀਸ਼ਾ ਬਾਂਸਲ, ਡਾਕਟਰ ਗੁਰਪ੍ਰੀਤ ਸਿੰਘ, ਸ੍ਰ. ਰਵਿੰਦਰ ਸਿੰਘ ਰਵੀ, ਮੈਡਮ ਨੰਦਿਤਾ ਬਰਾੜ ਤੇ ਐੱਨ ਐੱਸ ਐੱਸ ਵਲੰਟੀਅਰਸ ਨੇ ਸ਼ਮੂਲੀਅਤ ਕੀਤੀ।

## ਚੰਦਨਪ੍ਰੀਤ ਸਿੰਘ ਨੇ ਵਰਲਡ ਪੁਲਸ ਰੋਇੰਗ ਗੇਮਾਂ 'ਚ ਕਾਂਸੀ ਦਾ ਮੈਡਲ ਜਿੱਤਿਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਇਥੋਂ ਥੋੜ੍ਹੀ ਦੂਰ ਪਿੰਡ ਜੱਲ੍ਹਾ (ਪਾਇਲ) ਦੇ ਜੰਮਪਲ ਤੇ ਅਰਜਨ ਐਵਾਰਡੀ ਜਗਜੀਤ ਸਿੰਘ ਜੱਲ੍ਹਾ ਸਾਬਕਾ (ਐੱਸ ਪੀ) ਦੇ ਹੋਣਹਾਰ ਪੁੱਤਰ ਚੰਦਨ ਪ੍ਰੀਤ ਸਿੰਘ ਜੋ ਕਿ ਅੱਜਕੱਲ੍ਹ ਪੰਜਾਬ ਪੁਲਸ ਵਿੱਚ ਬਤੌਰ ਡੀਐੱਸਪੀ ਸੇਵਾ ਨਿਭਾਅ ਰਿਹਾ ਹੈ, ਨੇ ਅਮਰੀਕਾ ਵਿੱਚ ਹੋਈਆਂ ਵਰਲਡ ਪੁਲਸ ਰੋਇੰਗ ਫਾਇਰ ਐਗਰੋ ਮੀਟਰ ਗੇਮਾਂ ਵਿੱਚ ਭਾਰਤ ਦੇਸ਼ ਲਈ ਦੋ ਬਰਾਊਨ ਮੈਡਲ ਜਿੱਤੇ ਤੇ ਉਨ੍ਹਾਂ ਪੰਜਾਬ ਪੁਲਸ ਦਾ ਨਾਮ ਰੋਸ਼ਨ ਕੀਤਾ, ਨਾਲ ਹੀ ਇੰਡੀਆ ਦਾ ਅਮਰੀਕਾ ਦੀ ਧਰਤੀ ਵਿੱਚ ਝੰਡਾ ਬੁਲੰਦ ਕੀਤਾ।ਇਥੇ ਇਹ ਵੀ ਖੁਸ਼ੀ ਵਾਲੀ ਗੱਲ ਹੈ ਕਿ ਅੱਜ ਪਿੰਡ ਜੱਲ੍ਹਾ ਦੇ ਸਮੂਹ ਨਗਰ ਨਿਵਾਸੀਆਂ ਨੇ ਰੋਇੰਗ ਟੀਮ ਨੂੰ ਅਮਰੀਕਾ ਤੋਂ ਪਿੰਡ ਜੱਲ੍ਹਾ ਪੁੱਜਣ 'ਤੇ ਚੰਦਨਪ੍ਰੀਤ ਸਿੰਘ ਡੀ ਐੱਸ ਪੀ ਨੂੰ ਪਿੰਡ ਆਉਣ ਤੇ ਪੂਰੀ ਸ਼ਾਨੋ ਸ਼ੌਕਤ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜਥੇਦਾਰ ਹਰਪਾਲ ਸਿੰਘ ਮੈਂਬਰ ਐੱਸ ਜੀ ਪੀ ਸੀ, ਜੋਗਿੰਦਰ ਸਿੰਘ ਸਾਬਕਾ ਸੂਬੇਦਾਰ, ਹਰਭੂਰ ਸਿੰਘ ਸਾਬਕਾ ਫੌਜੀ, ਰਾਜ ਸਿੰਘ ਐਕਸ ਆਰਮੀ, ਸਮਸ਼ੇਰ ਸਿੰਘ ਸਾਬਕਾ ਸਰਪੰਚ ਜੱਲ੍ਹਾ, ਲਛਮਣ ਸਿੰਘ ਸਰਪੰਚ, ਜਗਜੀਤ ਸਿੰਘ ਸਬ ਇੰਸਪੈਕਟਰ, ਮਨਪ੍ਰੀਤ ਸਿੰਘ ਇੰਸਪੈਕਟਰ (ਮਾਲੇਰਕੋਟਲਾ), ਹਰਪ੍ਰੀਤ ਸਿੰਘ ਪਾਇਲ, ਡਾਕਟਰ ਰਤਨ ਸਿੰਘ ਜੱਲ੍ਹਾ, ਸਿਵਰਾਜ ਸਿੰਘ ਜੱਲ੍ਹਾ, ਦਿਲਵੀਰ ਸਿੰਘ ਔਜਲਾ, ਮਨਪ੍ਰੀਤ ਸਿੰਘ ਕਨੇਚ ਫੌਜੀ, ਕਰਨੈਲ ਸਿੰਘ, ਮਨਦੀਪ ਸਿੰਘ ਫੌਜੀ ਆਦਿ ਮੌਜੂਦ ਸਨ।

## ਲਾਇਨਜ਼ ਕਲੱਬ ਰੋਇਲ ਨੇ ਪੌਦੇ ਲਗਾਏ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਲਾਈਨਜ਼ ਕਲੱਬ ਪਾਤੜਾਂ ਰੋਇਲ ਵੱਲੋਂ ਵਣ ਮਹਾਂਉਤਸਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰਸਟ ਹਾਮਝੇੜੀ ਵਿਖੇ ਮਨਾਇਆ ਗਿਆ। ਇਸ ਦੌਰਾਨ ਸਕੂਲ ਦੇ ਵੇਲੇ ਵਿੱਚ ਸ਼ਾਨਦਾਰ ਤੇ ਸਜਾਵਟ ਪੌਦੇ ਲਗਾਏ ਗਏ।ਕਲੱਬ ਦੇ ਪ੍ਰਧਾਨ ਵਿਕਾਸ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਇਲਾਕੇ ਵਿੱਚ ਵਾਤਾਵਰਨ ਦੀ ਸ਼ੁੱਧਤਾ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਤਹਿਤ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਦੇ ਨਾਲ ਨਾਲ ਸਕੂਲਾਂ ਵਿੱਚ ਵੀ ਪੌਦੇ ਲਗਾ ਕੇ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਲਗਾਤਾਰ ਜਾਰੀ ਰਹੇਗੀ।ਇਸ ਦੌਰਾਨ ਸਕੂਲ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਅਸ਼ਵਨੀ ਕੁਮਾਰ, ਕੈਸ਼ੀਅਰ ਵਿਕਰਮਜੀਤ ਸਿੰਘ ਗਿੱਲ, ਜਸਪਾਲ ਸਿੰਖਲਾ, ਰਾਜੇਸ਼ ਕੁਮਾਰ ਸਿੰਗਲਾ, ਸੀਏ ਰਜੇਸ਼ ਗੋਇਲ, ਦੀਵਾਨ ਜਿੰਦਲ, ਬ੍ਰਿਜ ਮੋਹਨ ਸਿੰਗਲਾ, ਭੀਮ ਗੋਇਲ, ਕ੍ਰਿਸ਼ਨ ਚੰਦ ਸ਼ਰਮਾ, ਪਿਆਰਾ ਸਿੰਘ ਹਾਮਝੇੜੀ, ਬਲਰਾਮ ਸਿੰਘ ਧੌਂਸਾ ਤੇ ਭੁਪਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੰਮੀ ਬੋਲੀ ਖਿਲਾਫ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਇਕਾਈ ਪ੍ਰਧਾਨ ਪਰਮਜੀਤ ਸਿੰਘ ਮੰਡੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 3 ਜੁਲਾਈ ਨੂੰ ਪਿੰਡ ਮੰਡੌਰ ਵਿੱਚ ਕੀਤੀ ਗਈ ਡੰਮੀ ਬੋਲੀ ਦੇ ਵਿਰੋਧ ਵਿੱਚ ਮਜ਼ਦੂਰਾਂ ਨੇ ਡਿਪਟੀ ਕਮਿਸ਼ਨਰ ਦਫਤਰ ਪਟਿਆਲਾ ਵਿਖੇ ਰੋਸ ਪ੍ਰਦਰਸ਼ਨ ਕੀਤਾ।ਇਸ ਦੌਰਾਨ ਡੀ ਸੀ ਵੱਲੋਂ ਏਡੀਸੀ (ਡੀ) ਨੂੰ ਪਿੰਡ ਮੰਡੌਰ ਦੀ ਬੋਲੀ ਦੇ ਮੁੱਦੇ ਨੂੰ ਸਹੀ ਢੰਗ ਨਾਲ ਹੱਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਏਡੀਸੀ (ਡੀ) ਵੱਲੋਂ ਜ਼ਮੀਨ ਦਾ ਸਹੀ ਫੈਸਲਾ ਕਰਨ ਲਈ ਮਜ਼ਦੂਰ ਆਗੂਆਂ, ਡੀਡੀਪੀਓ, ਬੀਡੀਪੀਓ ਤੇ ਪੰਚਾਇਤ ਸੈਕਟਰੀ ਨਾਲ ਕੀਤੀ ਮੀਟਿੰਗ ਵਿੱਚ ਪਿੰਡ ਮੰਡੌਰ ਵਿੱਚ 5 ਜੁਲਾਈ ਨੂੰ ਗ੍ਰਾਮ ਸਭਾ ਦਾ ਅਜਲਾਸ ਰੱਖਿਆ ਗਿਆ, ਜਿਸ ਵਿੱਚ ਬਹੁਗਿਣਤੀ ਦੇ ਆਧਾਰ 'ਤੇ ਬੋਲੀ ਰੱਦ ਕਰਨ ਦਾ ਫੈਸਲਾ ਕੀਤਾ ਜਾਣਾ ਸੀ। ਅੱਜ ਜਦੋਂ ਬੀਡੀਪੀਓ ਤੇ ਪੰਚਾਇਤ ਅਧਿਕਾਰੀ ਗ੍ਰਾਮ ਸਭਾ ਦਾ ਅਜਲਾਸ ਕਰਨ ਲਈ ਪਿੰਡ ਪਹੁੰਚੇ, ਤਾਂ ਮੰਡੌਰ ਦੇ ਲਗਭਗ 150 ਪਰਵਾਰਾਂ ਦੇ 200 ਤੋਂ ਵੱਧ ਮਜ਼ਦੂਰਾਂ ਨੇ ਬੋਲੀ ਰੱਦ ਕਰਕੇ ਜ਼ਮੀਨ ਸਾਂਝੀ ਖੇਤੀ ਜਾਂ ਪਸ਼ੂਆਂ ਲਈ ਹਰਾ ਚਾਰਾ ਬੀਜਣ ਲਈ ਦੇਣ ਦੀ ਮੰਗ ਉਠਾਈ।ਹਾਲਾਂਕਿ, ਪ੍ਰਸ਼ਾਸਨ ਵੱਲੋਂ ਕੋਈ ਠੋਸ ਜਾਂ ਲਿਖਤੀ ਕਾਰਵਾਈ ਕਰਨ ਦੀ ਬਜਾਏ ਸਿਰਫ਼ ਵੀਡੀਓਗ੍ਰਾਫੀ ਕਰਕੇ ਸਮਾਂ ਟਪਾਇਆ ਗਿਆ।ਅਧਿਕਾਰੀਆਂ ਨੇ ਕਿਹਾ ਕਿ ਆਉਣ ਵਾਲੇ ਸੋਮਵਾਰ ਨੂੰ ਏਡੀਸੀ ਸਾਹਿਬ ਇਸ ਮੁੱਦੇ 'ਤੇ ਅੰਤਿਮ ਫੈਸਲਾ ਲੈਣਗੇ।ਪਰਮਜੀਤ ਸਿੰਘ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਬਹੁ-ਗਿਣਤੀ ਦੇ ਫੈਸਲੇ ਨੂੰ ਨਜ਼ਰਅੰਦਾਜ਼ ਕਰਕੇ ਜ਼ਮੀਨ ਪਿੰਡ ਦੇ ਧਨਾਢ ਚੌਧਰੀਆਂ ਨੂੰ ਦੇਣ ਦਾ ਪੱਖ ਪੂਰ ਰਿਹਾ ਹੈ।ਕਮੇਟੀ ਦੇ ਮੈਂਬਰ ਹੇਮਰਾਜ ਸਿੰਘ, ਜਗਤਾਰ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਪਿੰਡ ਦੇ ਬਹੁ-ਗਿਣਤੀ ਪਰਿਵਾਰ ਜ਼ਮੀਨ 'ਤੇ ਸਾਂਝੀ ਖੇਤੀ ਤੇ ਹਰੇ ਚਾਰੇ ਲਈ ਕਬਜ਼ਾ ਰੱਖਦੇ ਹਨ ਅਤੇ ਇਸ ਨੂੰ ਵੰਡ ਕੇ ਵਾਹ ਰਹੇ ਹਨ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਪ੍ਰਸ਼ਾਸਨ ਨੇ ਜ਼ਮੀਨ 'ਤੇ ਜ਼ਬਰਦਸਤੀ ਕਬਜ਼ੇ ਦੀ ਕੋਸ਼ਿਸ਼ ਕੀਤੀ, ਤਾਂ ਮਜ਼ਦੂਰ ਸੰਘਰਸ਼ ਹੋਰ ਤੇਜ਼ ਕਰਨਗੇ।ਇਸ ਮੌਕੇ ਹੋਰ ਵੀ ਕਈ ਮੈਂਬਰ ਤੇ ਪਿੰਡ ਵਾਸੀ ਹਾਜ਼ਰ ਸਨ।

# ਪੰਜਾਬ ਰੋਡਵੇਜ਼/ਪਨਬਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਸੰਘਰਸ਼ ਸਮੱਰਥਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਲੀਡਰਸ਼ਿਪ ਵੱਲੋਂ ਪੰਜਾਬ ਰੋਡਵੇਜ਼, ਪਨਬੱਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰ ਯੂਨੀਅਨ ਵੱਲੋਂ, ਜੋ ਆਪਣੇ ਸਰਕਾਰ ਵਿਰੁੱਧ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਜਾਰੀ ਘੋਲ ਦੀ ਹਮਾਇਤ ਲਈ ਹੋਰ ਜਥੇਬੰਦੀਆਂ ਦੇ ਨਾਲ ਨਾਲ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ ਅਪੀਲ ਕੀਤੀ ਗਈ ਹੈ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਇਨ੍ਹਾਂ ਮੁਲਾਜ਼ਮਾਂ ਦੇ ਹੱਕੀ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਾ ਸਰਕਾਰ ਨੂੰ ਰੋਡਵੇਜ਼ ਤੇ ਪੀ ਆਰ ਟੀ ਸੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਬਿਨਾਂ ਦੇਰੀ ਪ੍ਰਵਾਨ ਕਰਨ ਦੀ ਸੁਣਵਾਈ ਕਰਦਾ ਹੈ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂਆਂ ਸ਼ਿਰੀ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਪਵਨਦੀਪ ਸਿੰਘ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਸ਼ੇਰ ਸਿੰਘ ਖੰਨਾ, ਬਲਵਿੰਦਰ ਸਿੰਘ ਸੈਣੀ, ਜਸਪ੍ਰੀਤ ਸਿੰਘ ਗਗਨ ਤੇ ਸੁਰਿੰਦਰ ਕੁਮਾਰ ਵੱਲੋਂ ਇੱਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਕਿ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਦੇ ਆਊਟਸੋਰਸਡ ਮੁਲਾਜ਼ਮ ਵੀ ਹੋਰ ਵਿਭਾਗੀ ਮੁਲਾਜ਼ਮ ਦੀ ਤਰ੍ਹਾਂ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਲਿਆਂਦੀਆਂ ਨੀਤੀਆਂ ਤੋਂ ਪੀੜਤ ਹਨ ਤੇ ਉਹ ਇਨ੍ਹਾਂ ਤਬਾਹਕੁੰਨ ਨੀਤੀਆਂ ਵਿਰੁੱਧ ਸੰਘਰਸ਼ ਦੇ ਰਾਹ ਤੇ ਹਨ।

ਇਸ ਤਰ੍ਹਾਂ ਇਨ੍ਹਾਂ ਮੁਲਾਜ਼ਮ ਸਾਥੀਆਂ ਦਾ ਸੰਘਰਸ਼ ਸਭ ਦੇ ਸਾਂਝੇ ਦੁਸ਼ਮਣ ਵਿਰੁੱਧ ਸਾਂਝੀਆਂ ਮੰਗਾਂ ਦੀ ਪ੍ਰਾਪਤੀ ਲਈ ਹੈ।ਇਸ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ, ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਮੁਲਾਜ਼ਮਾਂ ਦੇ ਸੰਘਰਸ਼ ਦਾ ਸਮਰਥਨ ਕਰਨ ਦਾ ਐਲਾਨ ਕਰਦਾ ਹੋਇਆ ਲੋਕ ਦੁਸ਼ਮਣ ਪੰਜਾਬ ਸਰਕਾਰ ਨੂੰ ਚਿਤਾਵਨੀ ਜਾਰੀ ਕਰਦਾ ਹੈ ਕਿ ਸੰਘਰਸ਼ਸ਼ੀਲ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੀਆਂ ਤੁਰੰਤ ਗੱਲਬਾਤ ਕਰਕੇ ਮੰਗਾਂ ਪ੍ਰਵਾਨ ਕਰੇ।ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੋਰਚਾ ਇਸ ਹਮਾਇਤ ਵਿੱਚ ਵਾਧੇ ਲਈ ਮਜਬੂਰ ਹੋਵੇਗਾ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

# ਗਲੀ ਦਾ ਕੰਮ ਨੇਪਰੇ ਨਾ ਚੜ੍ਹਨ 'ਤੇ ਲੋਕ ਪ੍ਰੇਸ਼ਾਨ, ਘਰਾਂ ਤੋਂ ਉੱਚੇ ਕੀਤੇ ਸੀਵਰੇਜ ਦੇ ਹੋਲ

■ ਡੀ ਸੀ ਨੇ ਮਾਮਲੇ ਨੂੰ ਹੱਲ ਕਰਨ ਸੰਬੰਧੀ ਦਿੱਤੇ ਨਿਰਦੇਸ਼



**ਬਠਿੰਡਾ (ਰਾਜੀਵ ਗੋਇਲ)**

ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਨਜ਼ਦੀਕ ਮਾਹੌਲ ਉਸ ਸਮੇਂ ਗਰਮਾ ਗਿਆ, ਜਦੋਂ ਮੁਹੱਲੇ ਦੇ ਲੋਕ ਕਰੀਬ ਚਾਰ ਮਹੀਨਿਆਂ ਤੋਂ ਗਲੀ ਦਾ ਕੰਮ ਨੇਪਰੇ ਨਾ ਚੜ੍ਹਨ ਨੂੰ ਲੈ ਕੇ ਇਕੱਤਰ ਹੋ ਗਏ। ਇਕੱਤਰ ਹੋਏ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੀ ਇਹ ਗਲੀ ਫਰਵਰੀ ਮਹੀਨੇ ਤੋਂ ਅੱਧ ਵਿਚਕਾਰ ਲਟਕ ਰਹੀ ਹੈ। ਸਾਰੀ ਗਲੀ ਸੰਬੰਧਤ ਠੇਕੇਦਾਰ ਵੱਲੋਂ ਪੁੱਟ ਕੇ ਸੁੱਟ ਦਿੱਤੀ ਗਈ ਹੈ, ਇੱਥੋਂ ਤੱਕ ਕਿ ਲੰਘਣਯੋਗ ਰਸਤਾ ਵੀ ਠੀਕ ਤਰ੍ਹਾਂ ਨਹੀਂ ਹੈ ਤੇ ਹਰ ਸਮੇਂ ਛੋਟੇ-ਛੋਟੇ ਬੱਚਿਆਂ ਦੇ ਸੱਟ-ਫੇਟ ਵੱਜਣ ਦਾ ਖਤਰਾ ਬਣਿਆ ਰਹਿੰਦਾ ਹੈ। ਮੁਹੱਲਾ ਵਾਸੀਆਂ ਨੇ ਇਹ ਵੀ ਕਿਹਾ ਕਿ ਠੇਕੇਦਾਰ ਵੱਲੋਂ ਜਾਣਬੁੱਝ ਕੇ ਗਲੀ ਦੇ ਲੈਵਲ ਨੂੰ ਇੰਨਾ ਉੱਚਾ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਘਰ ਨੀਵੇਂ ਹੋ ਗਏ ਹਨ, ਜਿਸ ਕਾਰਨ ਹੁਣ ਬਰਸਾਤੀ ਪਾਣੀ ਉਨ੍ਹਾਂ ਦੇ ਘਰਾਂ ਅੰਦਰ ਵੜਿਆ ਕਰੇਗਾ। ਇਸ ਮਸਲੇ ਨੂੰ ਲੈ ਕੇ ਨਗਰ ਪੰਚਾਇਤ ਭਗਤਾ ਦੇ ਕਾਰਜ ਸਾਧਕ ਅਫਸਰ ਨੇ ਤਾਂ ਭਾਵੇਂ ਫੋਨ ਚੁੱਕਣਾ ਮੁਨਾਸਿਬ ਹੀ ਨਾ ਸਮਝਿਆ, ਪਰ ਡਿਪਟੀ ਕਮਿਸ਼ਨਰ ਬਠਿੰਡਾ ਦਾ ਕਹਿਣਾ ਸੀ ਕਿ ਉਨ੍ਹਾਂ ਵੱਲੋਂ ਸੰਬੰਧਤ ਅਧਿਕਾਰੀਆਂ ਨੂੰ ਇਸ ਕੰਮ ਸੰਬੰਧੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਧਰ ਦੂਜੇ ਪਾਸੇ ਠੇਕੇਦਾਰ ਦਾ ਕਹਿਣਾ ਸੀ ਕਿ ਮੁਹੱਲੇ ਦੇ ਲੋਕਾਂ ਵੱਲੋਂ ਲੇਬਰ ਨਾਲ ਕਹਾ-ਸੁਣੀ ਕੀਤੀ ਗਈ ਹੈ, ਜਿਸ ਕਾਰਨ ਕੰਮ ਬੰਦ ਹੋਇਆ। ਦੱਸਣਾ ਬਣਦਾ ਹੈ ਕਿ ਕੁਝ ਕੁ ਸਮਾਂ ਪਹਿਲਾਂ ਵੀ ਗੀਤਾ ਭਵਨ ਰੋਡ 'ਤੇ ਗੰਦੇ ਪਾਣੀ ਦੀ ਨਿਕਾਸੀ ਲਈ ਪਾਈ ਜਾਣ ਵਾਲੀ ਪਾਈਪ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ, ਪਰ ਬਾਅਦ ਵਿੱਚ ਇਹ ਮਾਮਲਾ ਇੱਕ ਵਾਰ ਤਾਂ ਭਾਵੇਂ ਠੰਡੇ ਬਸਤੇ ਪੈ ਗਿਆ ਸੀ, ਪਰ ਹੁਣ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਪਾਈਪ ਨੂੰ ਲੈ ਕੇ ਕੋਈ ਵਿਭਾਗੀ ਜਾਂਚ ਸ਼ੁਰੂ ਹੋ ਸਕਦੀ ਹੈ, ਜਿਸ ਨਾਲ ਸੰਬੰਧਤ ਠੇਕੇਦਾਰ 'ਤੇ ਗਾਜ਼ ਡਿੱਗਣ ਦੀ ਸੰਭਾਵਨਾ ਵੀ ਬਣੀ ਹੋਈ ਹੈ।

# ਕੈਬਨਿਟ ਮੰਤਰੀ ਗੋਇਲ ਵੱਲੋਂ ਖਾਲੇ ਦੇ ਜ਼ਮੀਨਦੋਜ਼ ਪਾਈਪ ਪਾਉਣ ਦਾ ਉਦਘਾਟਨ



**ਲਹਿਰਾਗਾਗਾ (ਪਵਨ ਸ਼ਰਮਾ)**- ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਦੇ ਪਿੰਡ ਕੋਟੜਾ ਲਹਿਲ ਤੇ ਬਖ਼ੋਰਾ ਕਲਾਂ ਵਿਖੇ ਕਰੀਬ 01 ਕਰੋੜ 25 ਲੱਖ ਰੁਪਏ ਦੀ ਲਾਗਤ ਨਾਲ ਖਾਲੇ ਤੇ ਜ਼ਮੀਨਦੋਜ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ, ਜਿਸ ਸਬੰਧੀ ਲੋਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪਿੰਡ ਕੋਟੜਾ ਲਹਿਲ ਵਿਖੇ ਕਰੀਬ 89 ਲੱਖ ਨਾਲ ਸਿੰਜਾਈ ਪਾਈਪ ਲਾਈਨ ਪਾਈ ਜਾਣੀ ਹੈ, ਜਿਸ ਨਾਲ ਕਰੀਬ 515 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ ਤੇ ਇਸ ਪਾਈਪ ਲਾਈਨ ਦੀ ਲੰਬਾਈ ਕਰੀਬ 18,392 ਫੁੱਟ ਹੋਵੇਗੀ।ਇਸੇ ਤਰ੍ਹਾਂ ਪਿੰਡ ਬਖ਼ੋਰਾ ਕਲਾਂ ਵਿਖੇ ਕਰੀਬ 36 ਲੱਖ ਦੀ ਲਾਗਤ ਨਾਲ ਖਾਲ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੀ ਲੰਬਾਈ ਕਰੀਬ 8113 ਫੁੱਟ ਹੋਵੇਗੀ ਤੇ ਇਸ ਨਾਲ ਕਰੀਬ 92 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਦੀ ਸਪਲਾਈ ਮਿਲੇਗੀ।ਸ੍ਰੀ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਮੌਜੂਦਾ ਸਰਕਾਰ ਬਣਨ ਤੱਕ ਪੰਜਾਬ ਦੇ ਹਿੱਸੇ ਦਾ ਤੀਜਾ ਹਿੱਸਾ ਪਾਣੀ ਵਰਤਿਆ ਹੀ ਨਹੀਂ ਜਾ ਰਿਹਾ ਸੀ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਨਹਿਰੀ ਪ੍ਰਬੰਧ ਨੂੰ ਠੀਕ ਕਰਨ ਵੱਲ ਧਿਆਨ ਨਹੀਂ ਦਿੱਤਾ ਸੀ, ਪਰ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਨਹਿਰੀ ਪਾਣੀ ਦੀ ਵਰਤੋਂ 62 ਫ਼ੀਸਦ ਤੋਂ 86 ਫ਼ੀਸਦ ਤੱਕ ਪੁੱਜ ਗਈ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹਲਕੇ ਦੇ ਵੱਡੀ ਗਿਣਤੀ ਪਿੰਡਾਂ ਵਿੱਚ ਨਹਿਰੀ ਪਾਣੀ ਦੀਆਂ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ, ਜਿਸ ਨਾਲ ਹਲਕੇ ਦੇ ਵੱਡੇ ਖੇਤਰ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ ਤੇ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ।ਇਸ ਦੌਰਾਨ ਪੀ.ਏ. ਰਾਕੇਸ਼ ਕੁਮਾਰ ਗੁਪਤਾ, ਐੱਸ. ਈ. ਸੁਖਜੀਤ ਸਿੰਘ ਭੁੱਲਰ, ਐਕਸੀਅਨ ਕਿਰਨਦੀਪ ਕੌਰ, ਸਰਪੰਚ ਗੁਰਲਾਲ ਸਿੰਘ ਬਖੋਰਾਂ ਕਲਾਂ, ਸਰਬਜੀਤ ਸਿੰਘ, ਨਿਰਭੈਅ ਸਿੰਘ, ਤਰਸੇਮ ਸਿੰਘ, ਕਾਲਾ ਸਿੰਘ, ਗੁਰਚਰਨ ਸਿੰਘ, ਲੱਖਵਿੰਦਰ ਸਿੰਘ, ਭੋਲਾ ਸਿੰਘ, ਸੁਖਜੀਤ ਸਿੰਘ, ਨਰਾਤਾ ਸਿੰਘ ਸਰਪੰਚ ਬਖੋਰਾਂ ਖੁਰਦ, ਕਰਮਜੀਤ ਸਿੰਘ, ਪਾਲੀ ਸਿੰਘ ਬਖੋਰਾਂ ਕਲਾਂ, ਅਮਨਦੀਪ ਸਿੰਘ ਪਿੰਡ ਕੋਟੜਾ ਲਹਿਲ, ਬਲਜਿੰਦਰ ਸਿੰਘ, ਬਾਰੂ ਸਿੰਘ, ਜਰਨੈਲ ਸਿੰਘ, ਸੋਨੀ ਸਿੰਘ, ਗੋਬਿੰਦ ਸਿੰਘ, ਬਨਟੀ ਸਿੰਘ, ਗੁਰਜੰਟ ਸਿੰਘ ਪਿੰਡ ਕੋਟੜਾ ਲਹਿਲ ਸਮੇਤ ਪਤਵੰਤੇ ਹਾਜ਼ਰ ਸਨ।

## ਪਾਤੜਾਂ ਦੇ ਪ੍ਰਾਚੀਨ ਸ਼ਿਵ ਮੰਦਰ 'ਚ ਚੋਰੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸ਼ਹਿਰ ਦੇ ਇਤਿਹਾਸਕ ਪ੍ਰਚੀਨ ਸ਼ਿਵ ਮੰਦਰ ਨੂੰ ਇਕ ਵਾਰੀ ਫਿਰ ਚੋਰਾਂ ਨੇ ਨਿਸ਼ਾਨਾ ਬਣਾਇਆ ਹੈ।ਬੀਤੀ ਰਾਤ ਅਣਪਛਾਤੇ ਚੋਰ ਮੰਦਰ ਵਿੱਚ ਬਣੇ ਸਿਉਵੰਤੀ ਹਾਲ ਦੇ ਬਾਹਰ ਲੱਗੇ ਏ ਸੀ ਕੰਪ੍ਰੈਸ਼ਰ ਨੂੰ ਚੋਰੀ ਕਰਕੇ ਲੈ ਗਏ।ਇਸ ਘਟਨਾ ਵਿੱਚ ਮੰਦਰ ਕਮੇਟੀ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ।ਮੰਦਰ ਕਮੇਟੀ ਦੇ ਮੈਂਬਰ ਰਾਜੇਸ਼ ਕੁਮਾਰ ਨੇ ਦੱਸਿਆ ਕਿ ਕੰਪ੍ਰੈਸ਼ਰ ਚੋਰੀ ਹੋਣ ਕਰਕੇ ਹੁਣ ਗਰਮੀ ਵਿੱਚ ਆਯੋਜਨ ਕਰਨਾ ਮੁਸ਼ਕਲ ਹੋ ਜਾਵੇਗਾ।ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਦੋਸ਼ੀਆਂ ਨੂੰ ਫੜਿਆ ਜਾਵੇ ਤੇ ਅਜਿਹੀਆਂ ਘਟਨਾਵਾਂ 'ਤੇ ਰੋਕ ਲਗਾਈ ਜਾਵੇ।

# ਐੱਸ ਸੀ ਭਾਈਚਾਰੇ ਦੇ ਕਰਜ਼ੇ ਮਾਫ ਕਰਕੇ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ : ਵਿਧਾਇਕ ਰਾਏ

■ 68 ਐੱਸ ਸੀ ਪਰਵਾਰਾਂ ਨੂੰ ਕਰਜ਼ਾ ਮਾਫੀ ਪ੍ਰਮਾਣ ਪੱਤਰ ਵੰਡੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਐੱਸ.ਸੀ. ਭਾਈਚਾਰੇ ਦੇ ਪਰਿਵਾਰਾਂ ਵੱਲੋਂ ਲਏ ਗਏ ਕਰੀਬ 67 ਕਰੋੜ ਰੁਪਏ ਦੇ ਕਰਜ਼ੇ ਮਾਫ ਕਰਕੇ ਆਪਣਾ ਵਾਅਦਾ ਪੂਰਾ ਕੀਤਾ ਹੈ, ਜਿਸ ਨਾਲ ਐੱਸ.ਸੀ. ਭਾਈਚਾਰੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।ਇਹ ਪ੍ਰਗਟਾਵਾ ਹਲਕਾ ਵਿਧਾਇਕ ਲਖਬੀਰ ਸਿੰਘ ਰਾਏ ਨੇ ਬੱਚਤ ਭਵਨ ਵਿਖੇ ਐੱਸ. ਸੀ. ਭਾਈਚਾਰੇ ਦੇ ਪਰਿਵਾਰਾਂ ਵੱਲੋਂ ਐੱਸ.ਸੀ. ਕਾਰਪੋਰੇਸ਼ਨ ਵੱਲੋਂ ਲਏ ਗਏ ਕਰਜ਼ਿਆਂ ਦੇ ਕਰਜ਼ਾ ਮਾਫੀ ਪ੍ਰਮਾਣ ਪੱਤਰ ਵੰਡਣ ਮੌਕੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਐਸ.ਸੀ. ਭਾਈਚਾਰੇ ਦੇ ਲੋਕਾਂ ਦੀ ਲੰਮੇ ਸਮੇਂ ਦੀ ਮੰਗ ਸੀ ਕਿ ਉਨ੍ਹਾਂ ਦੇ ਕਰਜ਼ੇ ਮਾਫ ਕੀਤੇ ਜਾਣ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਹਰੇਕ ਵਰਗ ਦੇ ਲੋਕਾਂ ਦਾ ਸਾਥ ਦਿੱਤਾ ਹੈ। ਵਿਧਾਇਕ ਨੇ ਦੱਸਿਆ ਕਿ ਕਰਜ਼ਾ ਮਾਫੀ ਸਕੀਮ ਤਹਿਤ ਫ਼ਤਹਿਗੜ੍ਹ ਸਾਹਿਬ ਵਿਧਾਨ ਸਭਾ ਹਲਕੇ ਦੇ 68 ਪਰਿਵਾਰਾਂ ਦਾ ਲਗਭਗ 90 ਲੱਖ ਦਾ ਕਰਜ਼ਾ ਮਾਫ ਹੋਇਆ ਹੈ।ਉਨ੍ਹਾਂ ਕਿਹਾ ਕਿ ਐੱਸ.ਸੀ. ਭਾਈਚਾਰੇ ਨਾਲ ਸਬੰਧਤ ਹਲਕੇ ਦੇ ਲੋਕ ਕਰਜ਼ੇ ਨਾ ਅਦਾ ਕਰ ਸਕਣ ਕਾਰਨ ਅਕਸਰ ਮਾਨਸਿਕ ਪ੍ਰੇਸ਼ਾਨੀ ਵਿੱਚ ਰਹਿੰਦੇ ਸਨ ਤੇ ਹੁਣ ਉਨ੍ਹਾਂ ਦਾ ਕਰਜ਼ਾ ਮਾਫ ਕਰਕੇ ਸਰਕਾਰ ਨੇ ਵੱਡੀ ਰਾਹਤ ਦਿੱਤੀ ਹੈ।ਉਨ੍ਹਾਂ ਕਰਜ਼ੇ ਮਾਫ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਐੱਸ.ਸੀ. ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਦਲਜੀਤ ਕੌਰ ਸਿੱਧੂ, ਸਹਾਇਕ ਜ਼ਿਲ੍ਹਾ ਮੈਨੇਜਰ ਸਤਵਿੰਦਰ ਸਿੰਘ, ਕੰਵਰਬੀਰ ਸਿੰਘ ਰਾਏ, ਅਮਰੀਕ ਸਿੰਘ ਬਾਲਪੁਰ, ਕੁਲਵਿੰਦਰ ਸਿੰਘ ਡੇਰਾ, ਰਵੀ ਚੀਮਾ ਹਰਲਾਲਪੁਰ, ਰਾਜਦਵਿੰਦਰ ਸਿੰਘ ਲਾਡੀ ਖਰੇ, ਰਮੇਸ਼ ਕੁਮਾਰ ਸੋਨੂੰ, ਬਹਾਦਰ ਅਲੀ, ਦੀਪਕ ਬਾਤਿਸ਼, ਗੁਰਜੀਤ ਸਿੰਘ ਬਿੱਟਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

# ਪਟੇਲ ਕਾਲਜ ਦੇ ਐੱਨ ਸੀ ਸੀ ਕੈਡਿਟਸ ਦਾ ਨਤੀਜਾ ਸੌ ਫ਼ੀਸਦੀ



**ਰਾਜਪੁਰਾ (ਰਮੇਸ਼ ਕਟਾਰੀਆ)**- ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਦੇ ਐੱਨ.ਸੀ.ਸੀ. ਕੈਡਿਟਸ ਦਾ ਬੀ. ਤੇ ਸੀ. ਸਰਟੀਫਿਕੇਟ ਲਈ ਨਤੀਜਾ 100 ਫ਼ੀਸਦੀ ਰਿਹਾ। ਕਾਲਜ ਵਿੱਚ ਐੱਨ ਸੀ ਸੀ ਆਰਮੀ ਵਿੰਗ 5 ਪੰਜਾਬ ਬਟਾਲੀਅਨ ਐੱਨ.ਸੀ.ਸੀ. ਪਟਿਆਲਾ ਤੋਂ ਲੈਫਟੀਨੈਂਟ ਡਾ. ਜੈਦੀਪ ਸਿੰਘ ਦੀ ਅਗਵਾਈ ਵਿੱਚ ਚੱਲ ਰਿਹਾ ਹੈ, ਜਿਸ ਵਿੱਚ ਪਟੇਲ ਕਾਲਜ ਦੇ 55 ਵਿਦਿਆਰਥੀਆਂ ਦੀ ਭਰਤੀ ਕੀਤੀ ਗਈ ਹੈ। ਡਾ. ਜੈਦੀਪ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ੍ਰੈਜੂਏਸ਼ਨ ਭਾਗ ਦੂਜਾ ਦੇ ਵਿਦਿਆਰਥੀ 'ਬੀ' ਸਰਟੀਫਿਕੇਟ ਲਈ ਤੇ ਗ੍ਰੈਜੂਏਸ਼ਨ ਭਾਗ ਤੀਜਾ ਦੇ ਵਿਦਿਆਰਥੀ 'ਸੀ' ਸਰਟੀਫਿਕੇਟ ਲਈ ਹਰ ਸਾਲ ਪੇਪਰ ਦਿੰਦੇ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਸ਼ਨ 2025 ਲਈ ਕਾਲਜ ਦੇ ਐੱਨ.ਸੀ.ਸੀ. ਕੈਡਿਟਸ ਦਾ ਨਤੀਜਾ ਸ਼ਾਨਦਾਰ ਰਿਹਾ ਤੇ ਜ਼ਿਆਦਾਤਰ ਕੈਡਿਟਸ ਨੇ 'ਏ' ਗ੍ਰੇਡ ਨਾਲ ਪੇਪਰ ਪਾਸ ਕੀਤਾ ਹੈ।

ਨਤੀਜਾ ਵਧੀਆ ਆਉਣ ਤੋਂ ਬਾਅਦ ਕਰਨਲ ਸੰਦੀਪ ਰੌਏ, ਐਡਮ ਅਫ਼ਸਰ ਕਰਨਲ ਲਕਸ਼ਮੀ ਸ੍ਰੀਨਿਵਾਸਨ, ਸੂਬੇਦਾਰ ਮੇਜਰ ਹਰਵਿੰਦਰ ਸਿੰਘ, ਸੂਬੇਦਾਰ ਸੁਖਰਾਜ ਸਿੰਘ ਤੇ ਸੂਬੇਦਾਰ ਵਿਜੇ ਕੁਮਾਰ ਨੇ ਸਾਰੇ ਬੱਚਿਆਂ ਦਾ ਸਨਮਾਨ ਕੀਤਾ ਅਤੇ ਲੈਫਟੀਨੈਂਟ ਡਾ. ਜੈਦੀਪ ਸਿੰਘ ਤੇ ਕਾਲਜ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਨੂੰ ਵਧਾਈਆਂ ਦਿੱਤੀਆਂ ਅਤੇ ਨਾਲ ਹੀ ਪਾਸ ਹੋਏ ਕੈਡਿਟਸ ਨੂੰ ਦੇਸ਼ ਦੀ ਸੁਰੱਖਿਆ ਲਈ ਅੱਗੇ ਡਿਫੈਂਸ ਵਿੱਚ ਜਾਣ ਲਈ ਵੀ ਪ੍ਰੇਰਿਤ ਕੀਤਾ।

# ਵੇਦਾਂਤ ਨਗਰ 'ਚ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਉਦਘਾਟਨ

**ਮੋਗਾ ਹਲਕੇ 'ਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਰਹਿਣਗੇ : ਵਿਧਾਇਕ ਡਾ. ਅਰੋੜਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਵਾਰਡ ਨੰਬਰ 41 ਅਧੀਨ ਆਉਂਦੇ ਵੇਦਾਂਤ ਨਗਰ ਦੀਆਂ ਗਲੀਆਂ ਵਿੱਚ 41 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਉਦਘਾਟਨ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਕੌਂਸਲਰ ਪਾਇਲ ਗਰਗ ਤੇ ਉਨ੍ਹਾਂ ਦੇ ਪਤੀ ਗੌਰਵ ਗਰਗ ਦੀ ਮੌਜੂਦਗੀ ਵਿੱਚ ਕੀਤਾ ਗਿਆ।ਇਸ ਤੋਂ ਪਹਿਲਾਂ ਵਾਰਡ ਵਿੱਚ ਪਹੁੰਚਣ 'ਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਕੌਂਸਲਰ ਪਾਇਲ ਗਰਗ, ਉਨ੍ਹਾਂ ਦੇ ਪਤੀ 'ਆਪ' ਯੂਥ ਆਗੂ ਗੌਰਵ ਗਰਗ ਤੇ ਵਾਰਡ ਵਾਸੀਆਂ ਨੇ ਵਿਕਾਸ ਕਾਰਜ ਸ਼ੁਰੂ ਕਰਨ ਲਈ ਹਾਰ ਪਾ ਕੇ ਧੰਨਵਾਦ ਕੀਤਾ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਵਾਰਡ ਨੰਬਰ 41 ਵਿੱਚ 41 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਵਾਲੀਆਂ ਗਲੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਗ੍ਰਾਂਟ ਪ੍ਰਾਪਤ ਕਰਕੇ ਮੋਗਾ ਸ਼ਹਿਰ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਤੇ ਵਿਕਾਸ ਕਾਰਜਾਂ ਵਿੱਚ ਕੋਈ ਢਿੱਲ-ਮੱਠ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹੇਗਾ।ਉਨ੍ਹਾਂ ਵਾਰਡ ਵਾਸੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਇਸ ਮੌਕੇ ਕੌਂਸਲਰ ਪਾਇਲ ਗਰਗ ਤੇ ਉਨ੍ਹਾਂ ਦੇ ਪਤੀ ਗੌਰਵ ਗਰਗ ਨੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਲਈ ਇਲਾਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਕਿਸੇ ਵੀ ਵਾਰਡ ਵਾਸੀ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾ ਰਿਹਾ ਹੈ ਅਤੇ ਵਾਰਡ ਵਿੱਚ ਜੋ ਵੀ ਸਮੱਸਿਆ ਆਉਂਦੀ ਹੈ, ਉਸ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਅਤੇ ਸਮੇਂ-ਸਮੇਂ 'ਤੇ ਉਸ ਦਾ ਹੱਲ ਕੀਤਾ ਜਾ ਰਿਹਾ ਹੈ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਅਮਰੇਸ਼ ਬੱਗਾ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ, ਵਾਰਡ ਵਾਸੀ ਤੇ ਵਲੰਟੀਅਰ ਮੌਜੂਦ ਸਨ।

# ਕਾਂਗਰਸ ਨੇ ਹਮੇਸ਼ਾ ਮਿਹਨਤੀ ਵਰਕਰਾਂ ਨੂੰ ਅਹੁਦੇ ਦੇ ਕੇ ਨਿਵਾਜਿਆ : ਧਰਮਸੋਤ

■ ਪਾਰਟੀ ਹਾਈਕਮਾਂਡ ਨੇ ਸ਼ਹਿਰੀ ਤੇ ਦਿਹਾਤੀ ਪ੍ਰਧਾਨ ਨਿਯੁਕਤ ਕੀਤੇ



**ਨਾਭਾ (ਵਰਿੰਦਰ ਵਰਮਾ)**- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੇ ਪਾਰਟੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਧਾਨ ਸਭਾ ਹਲਕਾ ਨਾਭਾ ਦੇ ਮਿਹਨਤੀ ਵਰਕਰਾਂ ਨੂੰ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਅਗਵਾਈ ਹੇਠ ਮੰਡਲ ਪ੍ਰਧਾਨ ਸ਼ਹਿਰੀ ਤੇ ਦਿਹਾਤੀ ਨਿਯੁਕਤ ਕੀਤੇ ਗਏ।ਇਸ ਦੀ ਜਾਣਕਾਰੀ ਦਿੰਦਿਆਂ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰੀ ਪ੍ਰਧਾਨ ਵਿਵੇਕ ਸਿੰਗਲਾ, ਪ੍ਰਵੀਨ ਮਿੱਤਲ ਗੋਗੀ, ਗੁਰਦਿੱਤ ਸੇਠ, ਸ਼ਸ਼ੀ ਜਿੰਦਲ, ਨਰੇਸ਼ ਸ਼ਰਮਾ ਤੇ ਅਜੈਬ ਜੈਬੂ ਨੂੰ ਨਿਯੁਕਤ ਕੀਤਾ ਗਿਆ ਤੇ ਦਿਹਾਤੀ ਪ੍ਰਧਾਨ ਪਿੰਡ ਢੀਂਗੀ ਬਲਵਿੰਦਰ ਸਿੰਘ ਬਿੱਟੂ, ਪਿੰਡ ਬਨੇਰਾ ਕਲਾਂ ਤੋਂ ਭੀਮ ਸਿੰਘ, ਸਾਧੋਹੇੜੀ ਤੋਂ ਸਹਿਜਵੀਰ ਸਿੰਘ ਚੱਠਾ, ਰਾਜਗੜ੍ਹ ਤੋਂ ਗੁਰਵਿੰਦਰ ਸਿੰਘ, ਗਦਾਈਆ ਤੋਂ ਕੁਲਵੀਰ ਸਿੰਘ, ਭਾਦਸੋਂ ਸ਼ਹਿਰੀ ਤੇ ਦਿਹਾਤੀ ਤੋਂ ਸੁਖਜੀਵਨ ਕੁਮਾਰ, ਰੈਮਲ ਮਾਜਰੀ ਤੋਂ ਸਤਨਾਮ ਸਿੰਘ, ਜੱਸੋਮਾਜਰੀ ਤੋਂ ਅਮਰੀਸ਼ ਸਿੰਘ ਤੇ ਬੌੜਾ ਕਲਾਂ ਤੋਂ ਚਮਕੌਰ ਸਿੰਘ ਨਿੱਕੂ ਨੂੰ ਨਿਯੁਕਤ ਕੀਤਾ ਗਿਆ।ਇਸ ਮੌਕੇ ਸਾਧੂ ਸਿੰਘ ਧਰਮਸੋਤ ਨੇ ਮੰਡਲ ਪ੍ਰਧਾਨ ਦਿਹਾਤੀ ਤੇ ਸ਼ਹਿਰੀ ਬਣਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਜਲਦ ਤੋਂ ਜਲਦ ਜ਼ਮੀਨੀ ਪੱਧਰ ਉੱਤੇ ਹੋਰ ਅਹੁਦੇਦਾਰਾਂ ਦਾ ਢਾਂਚਾ ਬਣਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਦੇ ਯਤਨਾਂ ਵਿੱਚ ਤੇਜ਼ੀ ਲਿਆਉਣ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨਾਂ ਨੇ ਸਾਂਝੇ ਤੌਰ 'ਤੇ ਪਾਰਟੀ ਹਾਈ ਕਮਾਂਡ ਰਾਹੁਲ ਗਾਂਧੀ, ਕੇ ਸੀ ਵੀਨੂ ਗੋਪਾਲ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਧੂ ਸਿੰਘ ਧਰਮਸੋਤ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਮੇਰੇ ਨਾਲ ਵਿਧਾਨ ਸਭਾ ਹਲਕਾ ਨਾਭਾ ਦੇ ਨਵ-ਨਿਯੁਕਤ ਕੁਆਰਡੀਨੇਟਰ ਨਰਿੰਦਰ ਲਾਲੀ ਹਾਜ਼ਰ ਸਨ।ਇਸ ਮੌਕੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਨਵ-ਨਿਯੁਕਤ ਪ੍ਰਧਾਨਾ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।

# ਬਸਪਾ ਲਹਿਰਾ ਦੀ ਸੰਗਠਨ ਸਮੀਖਿਆ ਮੀਟਿੰਗ 'ਚ ਵੱਡੀ ਗਿਣਤੀ 'ਚ ਵਰਕਰ ਪਹੁੰਚੇ



**ਮੂਨਕ (ਰਾਜਪਾਲ ਸਿੰਗਲਾ)**-ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨੂੰ ਹਲਕਾ ਲਹਿਰਾ ਅੰਦਰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਪਾਰਟੀ ਵੱਲੋਂ ਹਲਕਾ ਪੱਧਰੀ ਸੰਗਠਨ ਸਮੀਖਿਆ ਮੀਟਿੰਗ ਵਿੱਚ ਬਸਪਾਈ ਵੱਡੀ ਗਿਣਤੀ 'ਚ ਖਨੌਰੀ ਪਹੁੰਚੇ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਲਕੇ ਦੇ ਇੰਚਾਰਜ ਤੇ ਜ਼ਿਲ੍ਹਾ ਕੋਆਰਡੀਨੇਟਰ ਇੰਜ. ਅਮਨ ਬੋਧ ਨੇ ਦੱਸਿਆ ਕਿ ਪੰਜਾਬ ਬਸਪਾ ਪ੍ਰਧਾਨ ਸ੍ਰ. ਅਵਤਾਰ ਸਿੰਘ ਕਰੀਮਪੁਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਬਸਪਾ ਪੰਜਾਬ ਦੇ ਜਨਰਲ ਸਕੱਤਰ ਚਮਕੌਰ ਸਿੰਘ ਵੀਰ ਤੇ ਸੰਗਰੂਰ ਜ਼ਿਲ੍ਹੇ ਦੇ ਪ੍ਰਧਾਨ ਸਤਿਗੁਰੂ ਸਿੰਘ ਕੋਹਰੀਆਂ ਹਲਕਾ ਲਹਿਰਾ ਬਸਪਾ ਬਾਡੀ ਦੇ ਸੰਗਠਨ ਦੀ ਸਮੀਖਿਆ ਕਰਨ ਬਤੌਰ ਮੁੱਖ ਮਹਿਮਾਨ ਪਹੁੰਚੇ।ਇਹ ਮੀਟਿੰਗ ਬਸਪਾ ਦੇ ਹਲਕਾ ਪ੍ਰਧਾਨ ਡਾ. ਰਾਜ ਕੁਮਾਰ ਜੱਸਲ ਦੀ ਪ੍ਰਧਾਨਗੀ ਹੇਠ ਹੋਈ ਅਤੇ ਮੀਟਿੰਗ ਦੇ ਕਨਵੀਨਰ ਖਨੌਰੀ ਬਸਪਾ ਦੇ ਸ਼ਹਿਰੀ ਪ੍ਰਧਾਨ ਗੁਲਾਬ ਛਾਛੀਆ ਰਹੇ, ਜਿਨ੍ਹਾਂ ਦੀ ਮਿਹਨਤ ਬਦੌਲਤ ਮੀਟਿੰਗ ਸਫਲ ਰਹੀ।ਸਥਾਨਕ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪੰਜਾਬ ਬਸਪਾ ਜਨਰਲ ਸਕੱਤਰ ਚਮਕੌਰ ਵੀਰ ਨੇ ਦੱਸਿਆ ਕਿ ਜਦੋਂ ਤੋਂ ਲਹਿਰੇ ਹਲਕੇ ਦੇ ਇੰਚਾਰਜ ਅਮਨ ਬੋਧ ਲਗਾਏ ਹਨ, ਹਲਕੇ ਅੰਦਰ ਨੌਜਵਾਨਾਂ ਦਾ ਝੁਕਾਅ ਬਸਪਾ ਵੱਲ ਤੇਜ਼ੀ ਨਾਲ ਹੋ ਰਿਹਾ। ਵੀਰ ਜੀ ਨੇ ਦੱਸਿਆ ਕਿ ਸੰਗਠਨ ਦੀ ਸਮੀਖਿਆ ਦੌਰਾਨ ਬਹੁਤ ਸਾਰੇ ਨਵੇਂ ਆਗੂਆਂ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ 'ਚ ਕੰਬੋਜ ਭਾਈਚਾਰੇ ਦੇ ਸਿਰਮੌਰ ਆਗੂ ਗੁਰਪ੍ਰੀਤ ਕੰਬੋਜ ਨੂੰ ਹਲਕੇ ਦੇ ਮੀਤ ਪ੍ਰਧਾਨ, ਸੋਨੂ ਰਾਣਾ (ਜੋਨੀ) ਨੂੰ ਖਨੌਰੀ ਸ਼ਹਿਰੀ ਮੀਤ ਪ੍ਰਧਾਨ, ਰਾਜਵੀਰ ਸਿੰਘ ਨੂੰ ਖਨੌਰੀ ਦਿਹਾਤੀ ਪ੍ਰਧਾਨ, ਹਰਬਿਲਾਸ ਅਜ਼ਾਦ ਨੂੰ ਹਲਕਾ ਸਕੱਤਰ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ ਕੋਹਰੀਆਂ ਨੇ ਪਾਰਟੀ ਦੀ ਵਿਚਾਰਧਾਰਾ 'ਤੇ ਕਾਡਰ ਦਿੱਤਾ। ਬਾਬਾ ਕਰਨੈਲ ਸਿੰਘ ਨੇ ਵੀ ਅਪਣੇ ਅਗਾਂਹਵਧੂ ਵਿਚਾਰਾਂ ਨਾਲ ਵਰਕਰਾਂ ਦਾ ਹੌਸਲਾ ਵਧਾਇਆ। ਮੀਟਿੰਗ ਦੀ ਸਟੇਜ ਕਾਰਵਾਈ ਹਲਕਾ ਜਨਰਲ ਸਕੱਤਰ ਸੰਭੂ ਰੰਗਾਂ ਨੇ ਨਿਭਾਈ।ਹਲਕਾ ਪ੍ਰਧਾਨ ਡਾ. ਰਾਜ ਕੁਮਾਰ ਜੱਸਲ ਨੇ ਸਭ ਆਗੂਆਂ ਦਾ ਮੀਟਿੰਗ ਸਫਲ ਹੋਣ 'ਤੇ ਧੰਨਵਾਦ ਕੀਤਾ।ਮੀਟਿੰਗ ਦੌਰਾਨ ਰਾਜੇਸ਼ ਬਸਪਾ ਪ੍ਰਧਾਨ ਖਨੌਰੀ ਖੁਰਦ, ਮਨਪ੍ਰੀਤ ਠਸਕਾ ਬਸਪਾ ਪ੍ਰਧਾਨ, ਅਭਿਸ਼ੇਕ ਸੇਨ ਬਸਪਾ ਬੋਪੁਰ ਪ੍ਰਧਾਨ, ਜਸਵੰਤ ਚੌਹਾਨ, ਸਾਹਿਬ ਛਾਛੀਆ, ਡਾ. ਦੇਸ ਰਾਜ, ਕੁਲਦੀਪ ਨਿੰਬੜੀਆ, ਵਿਕਾਸ ਸਿੰਹਮਾਰ, ਪ੍ਰਧਾਨ ਸੁਖਵਿੰਦਰ, ਰਾਮਨਿਵਾਸ ਸੇਟੀ, ਜਗਸ਼ੀਰ ਜੱਗਾ, ਵਿਕਰਮ ਗੁਲਾੜੀ ਆਦਿ ਆਗੂਆਂ ਨੇ ਅਪਣੇ ਵਿਚਾਰ ਰੱਖੇ।

# ਸਰਕਾਰ ਵੱਲੋਂ ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਪ੍ਰਬੰਧ ਮੁਕੰਮਲ : ਗੋਇਲ

**ਕੈਬਨਿਟ ਮੰਤਰੀ ਵੱਲੋਂ ਘੱਗਰ ਦਰਿਆ ਦਾ ਜਾਇਜ਼ਾ**



**ਮੂਨਕ (ਰਾਜਪਾਲ ਸਿੰਗਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿੱਤ ਪੂਰੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਕਿਸਮ ਦੀ ਦਿੱਕਤ ਤੋਂ ਬਚਾਇਆ ਜਾ ਸਕੇ।ਇਹ ਗੱਲ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਮੂਨਕ ਖੇਤਰ ਵਿਖੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿੱਤ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ ਲੈਣ ਮੌਕੇ ਆਖੀ।ਇਸ ਮੌਕੇ ਉਨ੍ਹਾਂ ਟੋਹਾਣਾ ਰੋਡ ਵਿਖੇ ਘੱਗਰ ਦਰਿਆ ਦੇ ਪੁਲ ਸਮੇਤ ਘੱਗਰ ਦੇ ਆਲੇ ਦੁਆਲੇ ਦੀਆਂ ਵੱਖੋ-ਵੱਖ ਥਾਂਵਾਂ ਦਾ ਦੌਰਾ ਕੀਤਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਵੇਲੇ ਘੱਗਰ ਦਰਿਆ ਖਤਰੇ ਦੇ ਨਿਸ਼ਾਨ ਤੋਂ ਕਾਫੀ ਥੱਲੇ ਹੈ ਤੇ ਇਸ ਵੇਲੇ ਕਿਸੇ ਵੀ ਕਿਸਮ ਦੀ ਹੜ੍ਹ ਸਬੰਧੀ ਸਥਿਤੀ ਨਹੀਂ ਹੈ।ਘੱਗਰ ਦਰਿਆ 'ਚ ਪਾਣੀ ਦੇ ਪੱਧਰ ਦੀ ਨਿਗਰਾਨੀ ਲਗਾਤਾਰ ਕੀਤੀ ਜਾ ਰਹੀ ਹੈ।ਹੜ੍ਹਾਂ ਦੀ ਰੋਕਥਾਮ ਹਿੱਤ ਪੰਜਾਬ ਸਰਕਾਰ ਵੱਲੋਂ ਲੋਕਾਂ ਤੋਂ ਜ਼ਮੀਨਾਂ ਲੈ ਕੇ ਦਰਿਆ ਦੇ ਕੰਢੇ ਚੌੜੇ ਤੇ ਮਜ਼ਬੂਤ ਕੀਤੇ ਗਏ ਹਨ, ਜਿਸ ਨਾਲ ਇਕ ਤਾਂ ਪਾੜ ਪੈਣ ਦੀ ਸੰਭਾਵਨਾ ਘੱਟ ਗਈ ਹੈ, ਦੂਜਾ ਜੇਕਰ ਲੋੜ ਪੈਂਦੀ ਹੈ ਤਾਂ ਦਰਿਆ ਦੇ ਕੰਢੇ 'ਤੇ ਮਸ਼ੀਨਰੀ ਸੌਖੇ ਤਰੀਕੇ ਨਾਲ ਚੱਲ ਸਕਦੀ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 50 ਹਜ਼ਾਰ ਗੱਟੇ ਰੇਤੇ ਦੇ ਤਿਆਰ ਰੱਖੇ ਗਏ ਹਨ ਤੇ ਹੋਰ ਗੱਟੇ ਭਰਨ ਦਾ ਕੰਮ ਜਾਰੀ ਹੈ।ਇਸ ਦੇ ਨਾਲ-ਨਾਲ ਲੋਹੇ ਦੇ ਜਾਲਾਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ।

ਇਸ ਮੌਕੇ ਪੀ. ਏ. ਰਾਕੇਸ਼ ਕੁਮਾਰ ਗੁਪਤਾ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

00- July - Page - 7.qxd 7/6/2025 10:17 PM Page 1



# ਕੁਆਰਡੀਨੇਸ਼ਨ ਕਮੇਟੀ ਵੱਲੋਂ 9 ਦੀ ਹੜਤਾਲ ਸੰਬੰਧੀ ਮੀਟਿੰਗ



ਨੰਗਲ (ਸੁਰਜੀਤ ਸਿੰਘ) -ਆਲ ਬੀ ਬੀ ਐਮ ਬੀ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ ਨੰਗਲ ਵੱਲੋਂ 9 ਜੁਲਾਈ ਨੂੰ ਦੇਸ਼ ਦੀਆਂ ਟਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਵਿੱਚ ਸ਼ਾਮਿਲ ਹੋਣ ਸੰਬੰਧੀ ਮੀਟਿੰਗ ਅਸ਼ੋਕ ਕੁਮਾਰ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬੀ ਬੀ ਐਮ ਬੀ ਵਿੱਚ ਕੰਮ ਕਰ ਰਹੀਆਂ ਜਥੇਬੰਦੀਆਂ ਤੋਂ ਇਲਾਵਾ ਕਿਸਾਨ ਅਤੇ ਹੋਰ ਜਥੇਬੰਦੀਆਂ ਦੇ ਸਾਥੀ ਵੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਅਸ਼ੋਕ ਕੁਮਾਰ ਤਲਵਾੜਾ, ਸੁਰਜੀਤ ਸਿੰਘ ਢੇਰ, ਗੁਰਨਾਮ ਸਿੰਘ ਅੱਲਖ, ਰਜੇਸ਼ ਕੁਮਾਰ, ਜਰਨੈਲ ਸਿੰਘ, ਪ੍ਰਾਣ ਨਾਥ, ਬਾਬਾ ਹਰਵੰਤ ਸਿੰਘ, ਰਾਮ ਆਸਰੇ, ਮਹਾਂ ਸਿੰਘ, ਰਾਮ ਕਿਸ਼ਨ, ਰਾਜਬੀਰ, ਸੁਖਦੇਵ ਢਿਗਵਾ, ਸਤਨਾਮ ਸਿੰਘ, ਗੁਰਨਾਮ ਸਿੰਘ ਦੜੌਲੀ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ 44 ਕਿਰਤ ਕਨੂੰਨ ਖਤਮ ਕਰਕੇ 4 ਕੋਡ ਲਾਗੂ ਕਰਨ ਦੀ ਨੀਤੀ ਨੂੰ ਕਿਰਤੀਆਂ ਦੇ ਅਧਿਕਾਰ ਖੋਹ ਕੇ ਉਹਨਾਂ ਨੂੰ ਆਰਥਿਕ ਗੁਲਾਮੀ ਵੱਲ ਧੱਕਣਾ ਦੱਸਿਆ ਅਤੇ ਰੈਗੂਲਰ ਭਰਤੀ ਖਤਮ ਕਰਨ, ਪੈਨਸ਼ਨਾਂ ਬੰਦ ਕਰਨ, ਕੰਟਰੈਕਟ, ਆਊਟ ਸੋਰਸ ਅਤੇ ਦਿਹਾੜੀਦਾਰ ਕਾਮੇ ਪੱਕੇ ਨਾ ਕਰਨ, ਨਿੱਜੀਕਰਨ, ਸਰਕਾਰੀ ਸ਼ਹਿ 'ਤੇ ਕਾਰਪੋਰੇਟ ਸੈਕਟਰ ਵੱਲੋਂ ਕਿਸਾਨੀ ਅਤੇ ਪ੍ਰਚੂਨ ਵਪਾਰੀਆਂ ਤੋਂ ਕਾਰੋਬਾਰ ਖੋਹਣ ਦੀਆਂ ਚਾਲਾਂ ਦੀ ਸਖ਼ਤ ਨੁਕਤਾਚੀਨੀ ਕੀਤੀ ਅਤੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਦੀਆਂ ਇਹਨਾਂ ਨੀਤੀਆਂ ਨੂੰ ਮੋੜਾ ਦੇਣ ਲਈ ਸਭ ਦੀ ਡਿਊਟੀ ਬਣਦੀ ਹੈ ਕਿ 9 ਜੁਲਾਈ ਦੀ ਹੜਤਾਲ ਨੂੰ ਕਾਮਯਾਬ ਕੀਤਾ ਜਾਏ।ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਹੜਤਾਲ ਦੀ ਤਿਆਰੀ ਲਈ 7 ਜੁਲਾਈ ਨੂੰ ਸਵੇਰੇ ਪੀ ਆਰ ਓ ਦਫਤਰ, ਚੀਫ ਇੰਜਿਨੀਅਰ ਦਫਤਰ ਸਾਹਮਣੇ ਅਤੇ ਹੋਰ ਮੁੱਖ ਕੇਂਦਰਾਂ 'ਤੇ ਗੇਟ ਮੀਟਿੰਗਾਂ ਕੀਤੀਆਂ ਜਾਣਗੀਆਂ। 9 ਜੁਲਾਈ ਨੂੰ ਬੀ ਬੀ ਐਮ ਬੀ ਅਤੇ ਹੋਰ ਸਮੂਹ ਅਦਾਰਿਆਂ ਦੇ ਸਾਥੀ ਹੜਤਾਲ ਕਰਕੇ ਜਾਂ ਸਮੂਹਿਕ ਛੁੱਟੀਆਂ ਲੈ ਕੇ ਸਮੇਤ ਕਿਸਾਨ ਅਤੇ ਦੁਕਾਨਦਾਰ ਜਥੇਬੰਦੀਆਂ 10.30 ਵਜੇ ਸਵੇਰੇ ਸਟਾਫ ਕਲੱਬ ਇਕੱਤਰ ਹੋਣਗੇ ਅਤੇ ਨੰਗਲ ਦੇ ਬਜ਼ਾਰਾਂ ਵਿੱਚ ਸ਼ਾਂਤਮਈ ਮਾਰਚ ਕੀਤਾ ਜਾਵੇਗਾ। ਮੀਟਿੰਗ ਵਿੱਚ ਬੀ ਬੀ ਐਮ ਬੀ ਵਿੱਚ ਕੰਮ ਰਹੀਆਂ ਸਮੂਹ ਜਥੇਬੰਦੀਆਂ, ਪੀ ਐਸ ਪੀ ਸੀ ਐਲ, ਰੋਡਵੇਜ਼, ਬੈਂਕ, ਡਾਕ ਅਤੇ ਤਾਰ, ਵਿਦਿਅਕ ਅਦਾਰਿਆਂ, ਰੀਟਾਇਰੀਜ਼ ਆਦਿ ਨਾਲ ਸਬੰਧਤ ਜਥੇਬੰਦੀਆਂ ਸਮੇਤ ਸੰਯੁਕਤ ਕਿਸਾਨ ਮੋਰਚਾ ਅਤੇ ਵਿਉਪਾਰ ਮੰਡਲ ਨਾਲ ਸਬੰਧਤ ਜਥੇਬੰਦੀਆਂ ਆਦਿ ਨੂੰ ਅਪੀਲ ਕੀਤੀ ਕਿ ਉਹ 9 ਜਲਾਈ ਨੂੰ 10.30 ਵਜੇ ਸਵੇਰੇ ਸਟਾਫ ਕਲੱਬ ਨੰਗਲ ਪੁੱਜਣ ਤਾਂ ਕਿ ਇਸ ਹੜਤਾਲ ਦੇ ਸਮਰਥਨ ਵਿੱਚ ਸਾਂਝਾ ਮਾਰਚ ਕੀਤਾ ਜਾ ਸਕੇ। ਇਸ ਸਬੰਧੀ ਕੁਆਰਡੀਨੇਸ਼ਨ ਕਮੇਟੀ ਵੱਲੋਂ ਲਿਖਤੀ ਅਪੀਲ ਵੀ ਕੀਤੀ ਜਾਏਗੀ।



# ਬਲਰਾਜ ਸੋਢੀ ਦੀ ਯਾਦ 'ਚ ਪੂਨੀਆ ਵਿਖੇ ਸ਼ਰਧਾਂਜਲੀ ਸਮਾਗਮ

ਬੰਗਾ (ਅਵਤਾਰ ਕਲੇਰ)-ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਮੈਂਬਰ ਬਲਰਾਜ ਸੋਢੀ ਦੀ ਯਾਦ 'ਚ ਗੁਰਦੁਆਰਾ ਕਲਗੀਧਰ ਪਾਤਿਸ਼ਾਹ ਪਿੰਡ ਪੂਨੀਆਂ ਨਜ਼ਦੀਕ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਖੁਸ਼ੀ ਰਾਮ ਗੁਣਾਚੌਰ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ, ਵਿਦਵਾਨ ਲੇਖਕ ਅਤੇ ਜਮਹੂਰੀ ਲਹਿਰ ਦੇ ਨਾਮਵਰ ਆਗੂ ਬੂਟਾ ਸਿੰਘ ਮਹਿਮੂਦਪੁਰ, ਰਣਜੀਤ ਸਿੰਘ ਪ੍ਰਧਾਨ ਐਸ. ਸੀ. ਐਸ. ਸੀ. ਬੀ ਸੀ ਵੈੱਲਫੇਅਰ ਕਮੇਟੀ ਨੇ ਸ਼ਰਧਾਂਜਲੀ ਭੇਟ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਾਮ ਰਸੂਲਪੁਰੀ ਨੇ ਨਿਭਾਈ। ਧੰਨਵਾਦ ਦੇ ਸ਼ਬਦ ਨੰਦ ਲਾਲ ਬੰਗਾ ਨੇ ਕਹੇ।ਦੇਵ ਰਾਜ ਗੁਣਾਚੌਰ, ਲਾਲ ਚੰਦ ਗੁਣਾਚੌਰ, ਜਸਪਾਲ ਜੱਸਾ ਹੀਓਂ, ਸੋਹਨ ਲਾਲ, ਮਾਸਟਰ ਸੁਖਦੇਵ, ਪਰਮਜੀਤ ਕੌਰ ਰਾਏਪੁਰ ਡੱਬਾ ਅਤੇ ਮਹਿੰਦਰ ਕੌਰ ਵੀ ਇਸ ਮੌਕੇ ਹਾਜ਼ਰ ਸਨ।ਅਮੋਲਕ ਸਿੰਘ ਪ੍ਰਧਾਨ ਪ ਲ ਸ ਮੰਚ, ਹਰਮੇਸ਼ ਮਾਲੜੀ ਤੇ ਕਿਰਤੀ ਕਿਸਾਨ ਯੂਨੀਅਨ ਨਵਾਂਸ਼ਹਿਰ ਹਰਮੇਸ਼ ਢੇਸੀ ਵੱਲੋਂ ਸ਼ੋਕ ਮਤੇ ਭੇਜੇ ਗਏ।ਬਲਰਾਜ ਸੋਢੀ ਦੀ ਯਾਦ 'ਚ ਪੂਨੀਆ ਵਿਖੇ ਸ਼ਰਧਾਂਜਲੀ ਸਮਾਗਮ

# 24ਵੇਂ ਵਿਸ਼ਾਲ ਕੈਂਪ ਦੌਰਾਨ 74 ਵਿਅਕਤੀਆਂ ਨੇ ਕੀਤਾ ਖ਼ੂਨਦਾਨ



ਰੂਪਨਗਰ -ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਸੈਣੀ ਭਵਨ ਰੂਪਨਗਰ ਵਿਖੇ ਲਗਾਏ 24ਵੇਂ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ 74 ਵਿਅਕਤੀਆਂ ਵਲੋਂ ਖ਼ੂਨਦਾਨ ਕੀਤਾ ਗਿਆ। ਕੈਂਪ ਦਾ ਅਰੰਭ ਰੂਪਨਗਰ ਵਿਧਾਨ ਸਭਾ ਹਲਕਾ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਕੀਤਾ।ਕੈਂਪ ਨੂੰ ਸਫਲ ਬਣਾਉਣ ਲਈ ਰਜਨੀ ਹਰਬਲ ਮਲਿਕਪੁਰ, ਜ਼ਿਲ੍ਹਾ ਪੁਲਸ ਸਾਂਝ ਕੇਂਦਰ ਤੇ ਗੁਰ ਨਾਨਕ ਕਰਿਆਨਾ ਸਟੋਰ ਪਪਰਾਲਾ ਤੋਂ ਇਲਾਵਾ ਯੈਸ ਬੈਂਕ, ਰਾਕ ਸਟਾਰ ਕਲੱਬ ਰੂਪਨਗਰ, ਰੋਟਰੀ ਕਲੱਬ ਰੂਪਨਗਰ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ ਅਤੇ ਡਾ. ਮੁਨੀਸ਼ ਦੀ ਅਗਵਾਈ ਵਿੱਚ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਨੇ ਖ਼ੂਨ ਇਕੱਤਰ ਕੀਤਾ। ਇਸ ਮੌਕੇ ਵਿਧਾਇਕ ਦਿਨੇਸ਼ ਚੱਢਾ ਨੇ ਸੈਣੀ ਬਰਾਦਰੀ ਦੇ ਨਵੇਂ ਪਦਉਨਤ ਹੋਏ ਡੀ.ਐਸ.ਪੀ. ਹਰਕੀਰਤ ਸਿੰਘ ਦਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਉਨ੍ਹਾਂ ਖ਼ੂਨਦਾਨੀਆ ਨੂੰ ਵੀ ਸਰਟੀਫਿਕੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਖ਼ੂਨਦਾਨ ਵਰਗਾ ਨੇਕ ਕਾਰਜ ਕਰਨਾ ਬਹੁਤ ਹੀ ਜਨ ਭਲਾਈ ਦਾ ਕੰਮ ਹੈ। ਖ਼ੂਨਦਾਨੀ ਮਾਨਵਤਾ ਨੂੰ ਨਵਾਂ ਜੀਵਨ ਦੇਣ ਦਾ ਕੰਮ ਕਰਦੇ ਹਨ।ਉਨ੍ਹਾ ਕਿਹਾ ਸੈਣੀ ਬਰਾਦਰੀ ਦਾ ਸਮਾਜ ਦੇ ਸਰਵਪੱਖੀ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਹੈ ਅਤੇ ਇਸ ਖੇਤਰ ਵਿੱਚ ਸੈਣੀ ਭਵਨ ਦੇ ਪ੍ਰਬੰਧਕ ਬਹੁਤ ਹੀ ਵਧਾਈ ਦੇ ਪਾਤਰ ਹਨ। ਇਹ ਸੰਸਥਾ ਲੋਕਾਂ ਨੂੰ ਸੇਵਾਭਾਵ ਨਾਲ ਲੋਕ ਭਲਾਈ ਦੇ ਕਾਰਜ਼ ਕਰਨ ਲਈ ਪ੍ਰੇਰਤ ਕਰਦੀ ਹੈ। ਵਿਧਾਇਕ ਦਿਨੇਸ਼ ਚੱਢਾ ਨੇ ਇਸ ਮੌਕੇ ਪੰਜਾਬ ਸਰਕਾਰ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆ ਵਲੋਂ ਦਿੱਤੀ 5 ਲੱਖ ਰੁਪਏ ਅਤੇ ਇੰਜ. ਭਗਵਾਨ ਸਿੰਘ ਪੰਚਕੂਲਾ ਵਲੋਂ 4 ਲੱਖ ਰੁਪਏ ਤੇ ਹਰਮਿੰਦਰ ਕੌਰ ਰੂਪਨਗਰ ਵਲੋਂ ਇਕ ਲੱਖ ਰੁਪਏ ਦੀ ਮਾਲੀ ਮਦਦ ਨਾਲ ਉਸਾਰੇ ਮਿੰਨੀ ਹਾਲ ਦਾ ਵੀ ਉਦਘਾਟਨ ਕੀਤਾ। ਉਨ੍ਹਾ ਕਿਹਾ ਇਸ ਸੰਸਥਾ ਨੂੰ ਦੂਜੀ ਕਿਸ਼ਤ ਵਿੱਚ ਹੋਰ ਮਾਲੀ ਮਦਦ ਕਰਵਾਈ ਜਾਵੇਗੀ। ਕੈਂਪ ਦੌਰਾਨ ਜੋਰਾਵਰ ਸਿੰਘ ਨੇ 61ਵੀਂ ਵਾਰ, ਮਨਜੀਤ ਸਿੰਘ ਤੰਬੜ ਤੇ ਪ੍ਰੇਮ ਸਿੰਘ ਨੇ 37ਵੀਂ ਵਾਰ, ਅਮਿਤ ਸੈਣੀ ਨੇ 28ਵੀਂ ਵਾਰ, ਸੁਨੀਲ ਨੇ 26ਵੀਂ ਵਾਰ, ਹਰਜੀਤ ਸਿੰਘ ਨੇ 24ਵੀਂ ਵਾਰ, ਸਤਵੀਰ ਸਿੰਘ ਨੇ 16ਵੀਂ ਵਾਰ, ਵਿਸ਼ਾਲ ਸੈਣੀ ਨੇ 13ਵੀਂ ਵਾਰ, ਨਮਿਤ ਸੈਣੀ ਨੇ 12ਵੀਂ ਵਾਰ, ਕੁਮਾਰ ਸੰਤੋਸ਼ ਨੇ 9ਵੀਂ ਵਾਰ ਤੋਂ ਇਲਾਵਾ ਕੰਵਰਜੀਤ ਸਿੰਘ ਤੇ ਅਭਿਸ਼ੇਕ ਸੈਣੀ ਪਿਤਾ ਪੁੱਤਰ ਤੇ ਗੁਰਵਿੰਦਰ ਸਿੰਘ ਲਾਡੀ ਤੇ ਅਨੁਰਾਗ ਸੈਣੀ ਪਿਤਾ ਪੁੱਤਰਾਂ ਨੇ ਇਸ ਕੈਂਪ ਵਿੱਚ ਖ਼ੂਨਦਾਨ ਕੀਤਾ।ਕੈਂਪ ਦੌਰਾਨ ਗੁਰਪਾਲ ਸਿੰਘ ਤੇ ਮਨਜੀਤ ਕੌਰ ਪਤੀ ਪਤਨੀ ਦੀ ਜੌੜੀ ਅਤੇ ਰਾਕ ਸਟਾਰ ਦੀ ਪ੍ਰਧਾਨ ਦੀਪਾਲੀ ਗੁਪਤਾ ਨੇ ਦੂਜੀ ਵਾਰ, ਸੀਮਾ ਸੈਣੀ ਨੇ ਤੀਜੀ ਵਾਰ ਤੇ ਰਾਜਿੰਦਰ ਕੌਰ ਨੇ 5ਵੀ ਵਾਰ ਖ਼ੂਨਦਾਨ ਕੀਤਾ। ਕੈਂਪ ਦੇ ਪ੍ਰਬੰਧਕਾਂ ਅਤੇ ਡੋਨਰ ਨੂੰ ਪ੍ਰੇਰਤ ਕਰਨ ਲਈ ਕਮਲਜੀਤ ਸਿੰਘ ਬਾਬਾ, ਗੁਰਮੁੱਖ ਸਿੰਘ ਸੈਣੀ, ਦਲਜੀਤ ਸਿੰਘ, ਜਗਦੇਵ ਸਿੰਘ ਅਤੇ ਅਮਿਤ ਸੈਣੀ ਵਲੋਂ ਵਿਸ਼ੇਸ਼ ਯਤਨ ਕੀਤੇ ਗਏ।ਕੈਂਪ ਵਿੱਚ ਆਏ ਮਹਿਮਾਨਾਂ, ਡੋਨਰਜ਼, ਸਹਿਯੋਗੀਆਂ ਦਾ ਸੰਸਥਾ ਦੇ ਟਰੱਸਟੀ ਤੇ ਪੀਆਰਓ ਰਾਜਿੰਦਰ ਸੈਣੀ ਵਲੋਂ ਸਵਾਗਤ ਅਤੇ ਧੰਨਵਾਦ ਕੀਤਾ ਗਿਆ ਅਤੇ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆ ਸੈਣੀ ਭਵਨ ਦੇ ਲੋਕ ਭਲਾਈ ਕਾਰਜਾਂ 'ਤੇ ਚਾਨਣਾ ਪਾਇਆ। ਉਨ੍ਹਾ ਵਿਧਾਇਕ ਦਿਨੇਸ਼ ਚੱਢਾ ਦਾ ਸੈਣੀ ਭਵਨ ਲਈ ਗਰਾਂਟ ਦਿਵਾਉਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸਰਕਾਰੀ ਕਾਲਜ ਰੂਪਨਗਰ ਤੇ ਯੈਸ ਬੈਂਕ ਦੇ ਨੁਮਾਇੰਦੇ, ਪਤਵੰਤੇ ਵਿਅਕਤੀ ਸੁਖਜਿੰਦਰ ਸਿੰਘ ਮੋਹਾਲੀ, ਵਿਕਰਮ ਚੌਧਰੀ ਸਰਪੰਚ ਛੋਟੀ ਹਵੇਲੀ, ਤਰਮੇਸ ਸਿੰਘ, ਇੰਜ. ਕਰਨੈਲ ਸਿੰਘ, ਇੰਸ. ਗੁਰਦੀਪ ਸਿੰਘ, ਸੰਦੀਪ ਕੁਮਾਰ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਬਲਬੀਰ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਰਾਮ ਸਿੰਘ ਸੈਣੀ, ਰਾਜਿੰਦਰ ਸਿੰਘ ਨਨੂਆ, ਬਹਾਦਰਜੀਤ ਸਿੰਘ, ਅਮਰਜੀਤ ਸਿੰਘ, ਡਾ. ਹਰਚਰਨ ਦਾਸ, ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਰਾਜਿੰਦਰ ਸਿੰਘ ਗਿਰਨ, ਪ੍ਰਿਤਪਾਲ ਸਿੰਘ, ਦਲਜੀਤ ਸਿੰਘ, ਜਗਦੇਵ ਸਿੰਘ, ਸੁਰਿੰਦਰ ਸਿੰਘ, ਡਾ. ਜਸਵੰਤ ਕੌਰ ਸੈਣੀ, ਪ੍ਰਿੰਸੀਪਲ ਰਾਵਿੰਦਰ ਕੌਰ ਵੀ ਹਾਜ਼ਰ ਸਨ।

# ਵਿਧਾਇਕਾ ਨੇ ਪਿੰਡ ਦੀ ਪਾਰਕ 'ਚ ਬੂਟਾ ਲਗਾਇਆ



ਬਲਾਚੌਰ (ਜਸਵਿੰਦਰ ਬੈਂਸ)-ਸੂਬੇ 'ਚ ਪੈ ਰਹੀ ਅੱਤ ਦੀ ਗਰਮੀ ਨੂੰ ਲੈ ਕੇ ਵਾਤਾਵਰਣ ਦੀ ਸ਼ੁੱਧਤਾ ਲਈ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਰਾਜੇਸ਼ ਮੋਹਨ ਭਗਤ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਪੰਜਾਬ ਮੱਖੂਪੁਰ ਬ੍ਰਾਂਚ ਦੇ ਮੈਨੇਜਰ ਪ੍ਰਸ਼ਾਂਤ ਕੁਮਾਰ ਦੀ ਅਗਵਾਈ 'ਚ ਹਲਕਾ ਬਲਾਚੌਰ ਦੇ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਵਲੋਂ ਪਿੰਡ ਮੱਖੂਪੁਰ ਦੇ ਪਾਰਕ ਵਿੱਚ ਬੂਟਾ ਲਗਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸਾਨੂੰ ਵਾਤਾਵਰਣ ਨੂੰ ਬਚਾਉਣ ਤੇ ਜ਼ਿੰਦਗੀ ਨੂੰ ਕੁਦਰਤ ਦੇ ਨਾਲ ਜੋੜਨ ਲਈ ਵੱਧ ਤੋਂ ਵੱਧ ਰੁੱਖ ਬੂਟੇ ਲਗਾਉਣੇ ਚਾਹੀਦੇ ਹਨ, ਜਿਸ ਨੂੰ ਬਚਾਉਣ ਦਾ ਮੁੱਖ ਮਕਸਦ ਧਰਤੀ 'ਤੇ ਰਹਿ ਰਹੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਹੈ। ਮਨੁੱਖ ਨੇ ਆਪਣੇ ਨਿੱਜੀ ਸਵਾਰਥਾਂ ਲਈ ਕੁਦਰਤੀ ਸਰੋਤਾਂ ਸੋਮਿਆਂ ਨਾਲ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ। ਕਟਾਰੀਆ ਨੇ ਕਿਹਾ ਕਿ ਅਗਰ ਮਨੁੱਖ ਨੇ ਖੁਦ ਨੂੰ ਬਚਾਉਣਾ ਹੈ ਤਾਂ ਘੱਟੋ ਘੱਟ ਇਕ ਦਰੱਖਤ ਜ਼ਰੂਰ ਲਾਉਣਾ ਚਾਹੀਦਾ ਹੈ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਦਾ ਸਾਹ ਲੈਣਾ ਔਖਾ ਹੋ ਗਿਆ ਹੈ, ਬੱਚਿਆਂ ਦੇ ਵਿਕਾਸ 'ਤੇ ਵੀ ਅਸਰ ਪੈਂਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਿਕ ਦੂਸ਼ਿਤ ਹਵਾ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਬੇਵਕਤੀ ਮੌਤਾਂ ਹੋ ਰਹੀਆਂ ਹਨ। ਇਸ ਲਈ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ, ਪਲਾਸਟਿਕ ਦੀ ਵਰਤੋਂ ਘੱਟ ਕੀਤੀ ਜਾਵੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਧ ਤੋਂ ਵੱਧ ਪਿੰਡਾਂ ਵਿੱਚ ਬੂਟੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਮੈਡਮ ਸੋਨੀਆ, ਡਿਪਟੀ ਮੈਨੇਜਰ ਪਵਨ ਕੁਮਾਰ, ਰਾਮਸ਼ਾਹ ਬੂਥਗੜ੍ਹ, ਡਿੰਪਲ ਕੁਮਾਰ, ਮੀਨਾ ਦੇਵੀ, ਸਰਪੰਚ ਕੁਲਵਿੰਦਰ ਕੌਰ ਮੁੱਖੂਪੁਰ, ਸੋਨੂੰ ਚੌਧਰੀ, ਸਾਬਕਾ ਸਰਪੰਚ ਤੀਰਥ ਰਾਮ, ਸੱਤਪਾਲ ਕਟਾਰੀਆ ਆਦਿ ਬੈਂਕ ਦੇ ਕਰਮਚਾਰੀ ਮੌਕੇ 'ਤੇ ਹਾਜ਼ਰ ਸਨ।

# ਲਾਇਨ ਗੁਰਦੀਪ ਸਿੰਘ ਕੰਗ ਦੀ ਅਗਵਾਈ ਹੇਠ 87ਵਾਂ ਮਾਸਿਕ ਰਾਸ਼ਨ ਵੰਡ ਸਮਾਗਮ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਲਾਇਨਜ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ, ਹਿਊਮਨ ਰਾਈਟਸ (ਇੰਡੀਆ) ਦੇ ਸੂਬਾ ਸਕੱਤਰ ਅਤੇ ਬਾਬਾ ਬਾਲਕ ਨਾਥ ਸੇਵਾ ਸੰਮਿਤੀ ਫਗਵਾੜਾ ਦੇ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ (ਐਮਜੇਐਫ) ਵੱਲੋਂ ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ 87ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਨਗਰ ਨਿਗਮ ਫਗਵਾੜਾ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸਮਾਜ ਸੇਵਕ ਬੱਬੂ ਮਨੀਲਾ, ਬਾਬਾ ਬਾਲਕ ਨਾਥ ਸੇਵਾ ਸੰਮਿਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ, ਕੌਂਸਲਰ ਗੁਰਪ੍ਰੀਤ ਕੌਰ ਜੰਡੂ, ਸਾਬਕਾ ਕੌਂਸਲਰ ਸਰਬਜੀਤ ਕੌਰ ਹਾਜ਼ਰ ਰਹੇ। ਮੁੱਖ ਮਹਿਮਾਨ ਅਤੇ ਪਤਵੰਤਿਆਂ ਨੇ 20 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਅਤੇ ਗੁਰਦੀਪ ਸਿੰਘ ਕੰਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਤੇਜਪਾਲ ਬਸਰਾ ਨੇ ਕਿਹਾ ਕਿ ਅੰਨ ਦਾ ਦਾਨ ਕਰਨਾ ਬਹੁਤ ਹੀ ਨੇਕ ਕੰਮ ਹੈ, ਇਸ ਤੋਂ ਵੱਡਾ ਕੋਈ ਪਰਉਪਕਾਰ ਨਹੀਂ ਹੈ। ਸਾਨੂੰ ਹਮੇਸ਼ਾ ਨੇਕ ਕੰਮ ਕਰਕੇ ਲੋੜਵੰਦਾਂ ਦੇ ਚਿਹਰਿਆਂ 'ਤੇ ਖੁਸ਼ੀ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਇਸ ਪ੍ਰੋਜੈਕਟ ਦੇ ਡਾਇਰੈਕਟਰ ਅਤੇ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਰਪ੍ਰਸਤ ਐਸ ਪੀ ਬਸਰਾ ਦੀ ਵੀ ਖੁੱਲ੍ਹ ਕੇ ਪ੍ਰਸੰਸਾ ਕੀਤੀ। ਕੌਂਸਲਰ ਗੁਰਪ੍ਰੀਤ ਕੌਰ ਜੰਡੂ ਨੇ ਕਿਹਾ ਕਿ ਸਮਾਜ ਦੇ ਸਾਰੇ ਸਮਰੱਥ ਲੋਕਾਂ ਦਾ ਫਰਜ਼ ਹੈ ਕਿ ਉਹ ਵਿੱਤੀ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ, ਬਿਮਾਰਾਂ ਅਤੇ ਬਜ਼ੁਰਗਾਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨ। ਲਾਇਨ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਹਰ ਮਹੀਨੇ ਇਸ ਰਾਸ਼ਨ ਵੰਡ ਪ੍ਰੋਗਰਾਮ ਦਾ ਆਯੋਜਨ ਕਰਦੇ ਹਨ। ਜਿਸ ਵਿੱਚ ਦਾਨੀ ਸੱਜਣਾਂ ਦਾ ਭਰਪੂਰ ਸਹਿਯੋਗ ਮਿਲਦਾ ਹੈ। ਅੱਜ ਦਾ ਰਾਸ਼ਨ ਵੰਡ ਐਸ.ਪੀ. ਬਸਰਾ ਦੇ ਵਿੱਤੀ ਸਹਿਯੋਗ ਨਾਲ ਕੀਤਾ ਗਿਆ। ਜਿਸ ਲਈ ਉਹ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਨ। ਗੁਰਦੀਪ ਸਿੰਘ ਕੰਗ ਅਤੇ ਮੰਦਿਰ ਕਮੇਟੀ ਵਲੋਂ ਮੁੱਖ ਮਹਿਮਾਨ ਤੇਜਪਾਲ ਬਸਰਾ ਅਤੇ ਉਨ੍ਹਾਂ ਦੀ ਸਪੁੱਤਰੀ ਤਨੂੰ ਪ੍ਰਿਆ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਦੀ ਸੇਵਾ ਲਾਇਨ ਸੁਸ਼ੀਲ ਸ਼ਰਮਾ ਨੇ ਹਮੇਸ਼ਾ ਦੀ ਤਰ੍ਹਾਂ ਬਹੁਤ ਵਧੀਆ ਢੰਗ ਨਾਲ ਨਿਭਾਈ। ਇਸ ਮੌਕੇ ਸ਼ਿਵ ਸ਼ਕਤੀ ਮਾਤਾ ਮੰਦਿਰ ਦੇ ਪ੍ਰਧਾਨ ਚੰਚਲ ਸੇਠ, ਲਾਇਨ ਕਲੱਬ ਫਗਵਾੜਾ ਚੈਂਪੀਅਨ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ, ਮੀਤ ਪ੍ਰਧਾਨ ਲਾਇਨ ਸੁਮਿਤ ਭੰਡਾਰੀ, ਸੈਕਟਰੀ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਅਮਰਜੀਤ ਸਿੰਘ ਬਘਾਣਾ, ਲਾਇਨ ਸੰਜੀਵ ਲਾਂਬਾ, ਲਾਇਨ ਸੁਖਬੀਰ ਸਿੰਘ ਕਿੰਨੜਾ, ਵਿਪਨ ਕੁਮਾਰ ਜੈਨ, ਮਨੀਸ਼ ਕਨੌਜੀਆ, ਵਿਨੇ ਕੁਮਾਰ ਬਿੱਟੂ, ਰਮੇਸ਼ ਕਪੂਰ, ਪ੍ਰਦੀਪ ਆਹੂਜਾ, ਰਾਜੂ ਚਹਿਲ ਚੇਅਰਮੈਨ ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ, ਬ੍ਰਾਹਮਣ ਆਗੂ ਕੇ.ਕੇ.ਸ਼ਰਮਾ, ਅਮਨ ਤਨੇਜਾ ਪ੍ਰਧਾਨ ਲਾਇਨਜ਼ ਕਲੱਬ ਫਗਵਾੜਾ ਸਰਵਿਸ, ਲਾਇਨ ਨਰੇਸ਼ ਚਾਵਲਾ, ਲਾਇਨ ਚਮਨ ਲਾਲ, ਜਸਵਿੰਦਰ ਸਿੰਘ ਭਗਤਪੁਰਾ, ਹੈਪੀ ਮੱਲ੍ਹਣ, ਰਮੇਸ਼ ਸ਼ਿੰਗਾਰੀ ਆਦਿ ਹਾਜ਼ਰ ਸਨ।

# ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦਾ 125ਵਾਂ ਜਨਮ ਦਿਨ ਮਨਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਇੱਥੇ ਮਾਈ ਭਾਰਤ ਹੁਸ਼ਿਆਰਪੁਰ ਵੱਲੋਂ ਡਾ. ਸ਼ਿਆਮਾ ਪ੍ਰਸਾਦ ਮੁਕਰਜੀ ਦੇ 125ਵੇਂ ਜਨਮ ਦਿਨ ਦੇ ਮੌਕੇ ਇੱਕ ਸਮਾਗਮ ਸਥਾਨਕ ਸ਼ਿਰਾਜ ਰੀਜੈਂਸੀ ਵਿਖੇ ਕਰਵਾਇਆ ਗਿਆ। ਇਸ ਮੌਕੇ ਵਿਵੇਕ ਸਾਹਨੀ, ਮਾਊਂਟ ਕਾਰਮਰ ਸਕੂਲ ਦੀ ਐਚ.ਓ.ਡੀ ਸਾਇੰਸ ਸਤੀਸ਼ ਸਿਲ੍ਹੀ ਅਤੇ ਬਾਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਐਸ.ਪੀ. ਰਾਣਾ ਦੇ ਨਾਲ ਉੱਘੇ ਰੰਗ ਕਰਮੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਪ੍ਰੋਗਰਾਮ ਦਾ ਆਯੋਜਨ ਸਤਿ ਸ੍ਰੀ ਅਕਾਲ ਦੋਆਬਾ ਵੱਲੋਂ ਕੀਤਾ ਗਿਆ। ਇਸ ਮੌਕੇ ਵਿਵੇਕ ਸਾਹਨੀ ਨੇ ਡਾ. ਸ਼ਿਆਮਾ ਪ੍ਰਸਾਦ ਮੁਕਰਜੀ ਦੇ ਜੀਵਨ ਬਾਰੇ ਦੱਸਿਆ ਕਿ ਉਹਨਾਂ ਦਾ ਜੀਵਨ ਭਾਰਤੀ ਰਾਸ਼ਟਰੀ ਏਕਤਾ ਅਤੇ ਮਾਨਵਤਾ ਲਈ ਇੱਕ ਮਿਸਾਲ ਹੈ । ਇਸ ਮੌਕੇ ਸ੍ਰੀਮਤੀ ਸਤੀਸ਼ ਸਿਲ੍ਹੀ ਨੇ ਅੱਜ ਦੇ ਸਮੇਂ ਦੀ ਮੁੱਖ ਲੋੜ ਵਾਤਾਵਰਣ ਦੀ ਸੰਭਾਲ ਦੀ ਮਹੱਤਤਾ ਬਾਰੇ ਦੱਸਿਆ। ਹਾਜ਼ਰ ਹਰ ਇੱਕ ਵਿਅਕਤੀ ਨੂੰ ਇੱਕ ਰੁੱਖ ਲਗਾਉਣ ਅਤੇ ਸੰਭਾਲਣ ਦਾ ਸੰਦੇਸ਼ ਦਿੰਦੇ ਹੋਏ ਰੰਗਕਰਮੀ ਅਸ਼ੋਕ ਪੁਰੀ ਨੇ ਇੱਕ ਰੁੱਖ ਲਗਾਇਆ। ਇਸ ਮੌਕੇ ਐਡਵੋਕੇਟ ਐਸ.ਪੀ. ਰਾਣਾ ਨੇ ਡਾ. ਸ਼ਿਆਮਾ ਪ੍ਰਸਾਦ ਮੁਕਰਜੀ ਦੇ 125ਵੇਂ ਜਨਮ ਦਿਨ ਤੇ ਦੇਸ਼ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ ।ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਕਰਮਪ੍ਰੀਤ ਰਮੇਸ਼ ਕੁਮਾਰ ਰਿਤੂ ਹੰਸ ਅਤੇ ਰੀਹਾਨਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋਗਰਾਮ ਦੇ ਅਖੀਰ ਵਿੱਚ ਸ਼੍ਰੀਮਤੀ ਸਤੀਸ਼ ਸਿਲ੍ਹੀ ਅਤੇ ਰਿਤੂ ਹੰਸ ਨੂੰ ਸਨਮਾਨਿਤ ਕੀਤਾ ਗਿਆ।

# 9 ਦੀ ਹੜਤਾਲ ਸਫਲ ਬਣਾਉਣ ਲਈ ਜਥੇਬੰਦੀਆਂ ਦੀ ਮੀਟਿੰਗ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-10 ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਹੋਰ ਸੰਗਠਨਾਂ ਦੇ ਸਾਂਝੇ ਮੰਚ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਰਾਸ਼ਟਰ ਵਿਆਪੀ ਹੜਤਾਲ ਦੀ ਤਿਆਰੀ ਲਈ ਅੱਜ ਮਜ਼ਦੂਰ, ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਮੀਟਿੰਗ ਕੀਤੀ ਗਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਜਥੇਬੰਦੀਆਂ ਦੇ ਵਰਕਰ 9 ਜੁਲਾਈ ਨੂੰ ਬੱਸ ਅੱਡਾ ਨਵਾਂਸ਼ਹਿਰ ਵਿਖੇ ਇਕੱਠੇ ਹੋ ਕੇ ਰੈਲੀ ਅਤੇ ਪ੍ਰਦਰਸ਼ਨ ਕਰਨਗੇ।ਉਹਨਾਂ ਕਿਹਾ ਕਿ ਅੱਜ ਮਜਦੂਰ ਜਮਾਤ ਸਾਹਮਣੇ ਵੱਡੀਆਂ ਚਣੌਤੀਆਂ ਹਨ।ਉਹਨਾਂ ਕਿਹਾ ਕਿ ਚਾਰ ਕਿਰਤ ਕੋਡ ਮੋਦੀ ਸਰਕਾਰ ਦਾ ਮਜ਼ਦੂਰ ਵਰਗ ਉੱਤੇ ਘਾਤਕ ਹਮਲਾ ਹਨ।ਇਹ ਕਿਰਤ ਕੋਡ ਮਜ਼ਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ, ਹੜਤਾਲ ਕਰਨ ਵਰਗੇ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਡਾਕਾ ਹਨ।ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਲਈ ਕਿਰਤੀ ਵਰਗ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਆਧਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।ਆਗੂਆਂ ਨੇ ਕਿਹਾ ਕਿ ਮਜਦੂਰ ਵਰਗ ਦੇ ਕੰਮ ਸਥਾਨ ਬੇਹੱਦ ਅਸੁਰੱਖਿਅਤ ਹਨ। ਆਗੂਆਂ ਨੇ ਚਾਰ ਲੇਬਰ ਕੋਡ ਰੱਦ ਕਰਨ, ਮੌਜੂਦਾ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ, ਉਦਯੋਗਿਕ ਦੁਰਘਟਨਾਵਾਂ ਨੂੰ ਰੋਕਣ ਲਈ ਪੁਖਤਾ ਸੁਰੱਖਿਆ ਉਪਾਅ ਕਰਨ, ਫੈਕਟਰੀ ਇੰਸਪੈਕਟਰਾਂ ਉੱਤੇ ਸੁਰੱਖਿਆ ਉਲੰਘਣ ਰੋਕਣ 'ਚ ਲਾਪ੍ਰਵਾਹੀ ਵਰਤਣ ਲਈ ਕਾਰਵਾਈ ਕਰਨ, ਜਨਤਕ ਅਦਾਰਿਆਂ ਅਤੇ ਜਾਇਦਾਦਾਂ ਦਾ ਨਿੱਜੀਕਰਨ, ਵਿਕਰੀ, ਪੈਸੇ ਦੀ ਅਦਾਇਗੀ ਨੂੰ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨਵੀਂ ਪੈਨਸ਼ਨ ਸਕੀਮ ਰੱਦ ਕਰਨ, ਆਸ਼ਾ, ਮਿਡ ਡੇ ਮੀਲ, ਆਂਗਣਵਾੜੀ ਅਤੇ ਹੋਰ ਕੇਂਦਰੀ ਸਕੀਮਾਂ ਹੇਠ ਵਰਕਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਅਤੇ ਹੱਕ ਦੇਣ, ਦੇਸ਼ ਭਰ ਵਿੱਚ ਘੱਟੋ-ਘੱਟ ਮਜ਼ਦੂਰੀ 26,000 ਰੁਪਏ ਮਾਸਿਕ ਕਰਨ, ਅਮੀਰਾਂ 'ਤੇ ਵਧੇਰੇ ਟੈਕਸ ( ਅਰਬਪਤੀਆਂ 'ਤੇ 4% ਦਾ ਵੈਲਥ ਟੈਕਸ) ਲਗਾਉਣ, ਖੇਤੀਬਾੜੀ ਮਾਰਕੀਟਿੰਗ ਐਕਟ ਵਰਗੇ ਡਰਾਫਟ ਨੂੰ ਰੱਦ ਕਰਨਾ, ਸਮਾਜਿਕ ਸੁਰੱਖਿਆ ਅਤੇ ਰੋਜ਼ਗਾਰਦੀ ਗਰੰਟੀ, ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ, ਮਗਨਰੇਗਾ ਲਈ ਫੰਡਿੰਗ ਵਿੱਚ 50% ਵਾਧਾ, ਆਰਥਿਕ ਨੀਤੀਆਂ ਵਿੱਚ ਜਨਤਕ ਨਿਵੇਸ਼ ਨੂੰ ਵਧਾਉਣਾ, ਕਰਮਚਾਰੀਆਂ ਦੀਆਂ ਮਜ਼ਦੂਰੀ ਵਿੱਚ ਵਾਧਾ ਕਰਨਾ, ਜੀ ਐਸ ਟੀ ਵਰਗੇ ਅਪ੍ਰਤੱਖ ਟੈਕਸਾਂ ਦੇ ਬੋਝ ਨੂੰ ਘਟਾਉਣ ਦੀ ਮੰਗ ਕੀਤੀ।ਆਗੂਆਂ ਨੇ ਕਿਹਾ ਕਿ ਇਹ ਹੜਤਾਲ ਮਜ਼ਦੂਰਾਂ, ਕਿਸਾਨਾਂ ਅਤੇ ਸਮਾਜਿਕ ਸਮੂਹਾਂ ਦੇ ਹੱਕਾਂ ਲਈ ਇੱਕ ਵੱਡੀ ਲੜਾਈ ਦਾ ਹਿੱਸਾ ਹੈ, ਜੋ ਕਿ ਸਰਕਾਰੀ ਨੀਤੀਆਂ ਵਿੱਚ ਬਦਲਾਅ ਦੀ ਮੰਗ ਕਰ ਰਹੀ ਹੈ। ਇਸ ਮੀਟਿੰਗ ਵਿਚ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਟਰੇਡ ਯੂਨੀਅਨ ਆਗੂ ਕੁਲਦੀਪ ਸਿੰਘ ਦੌੜਕਾ, ਗੁਰਦਿਆਲ ਸਿੰਘ ਮਹਿੰਦੀਪੁਰ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੋਹਣ ਸਿੰਘ ਅਟਵਾਲ, ਸੁਰਿੰਦਰ ਸਿੰਘ ਮਹਿਰਮਪੁਰ, ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸ਼ਕੁੰਤਲਾ ਸਰੋਏ, ਰਾਜਵਿੰਦਰ ਕੌਰ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸ਼ਿਵ ਨੰਦਨ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਮਲਜੀਤ ਸਨਾਵਾ, ਰੇਹੜੀ ਵਰਕਰ ਯੂਨੀਅਨ ਦੇ ਆਗੂ ਹਰੇ ਰਾਮ ਨੇ ਵਿਚਾਰ ਰੱਖੇ।ਕੁਲਦੀਪ ਸਿੰਘ ਦੌੜਕਾ ਨੇ 9 ਜੁਲਾਈ ਨੂੰ ਸਾਂਝੀ ਰੈਲੀ ਅਤੇ ਮੁਜ਼ਾਹਰਾ ਕਰਨ ਦਾ ਵਿਚਾਰ ਰੱਖਿਆ।

# ਮਨਰੇਗਾ ਕਿਰਤੀਆਂ ਵੱਲੋਂ ਕੀਤੇ ਕੰਮ ਦੀ ਅਦਾਇਗੀ ਤੁਰੰਤ ਕਰੋ : ਸਾਂਝਾ ਕਿਸਾਨ ਮਜ਼ਦੂਰ ਮੋਰਚਾ



ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੀ ਮੀਟਿੰਗ ਸਾਥੀ ਸੁਖਦੇਵ ਕਟਾਰੀਆ ਸਾਬਕਾ ਸਰਪੰਚ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸੰਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਅੰਦਰ ਵੱਡੀ ਗਿਣਤੀ ਵਿੱਚ ਪਿੰਡਾਂ ਦਾ ਮਨਰੇਗਾ ਦਾ ਕੰਮ ਬੰਦ ਪਿਆ ਹੈ ਅਤੇ ਪਿਛਲੇ ਦੋ ਮਹੀਨੇ ਦੌਰਾਨ ਕੀਤੇ ਕੰਮ ਦੀ ਉਜਰਤ ਵੀ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਮਨਰੇਗਾ ਕਰਮਚਾਰੀਆਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਉਨ੍ਹਾਂ ਚਿੰਤਾ ਪ੍ਰਗਟ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਮਨਰੇਗਾ ਐਕਟ ਦੀ ਘੋਰ ਉਲੰਘਣਾ ਕਰ ਰਹੇ ਹਨ, ਸਿੱਟੇ ਵਜੋਂ ਮਜ਼ਦੂਰਾਂ ਅਤੇ ਕਰਮਚਾਰੀਆਂ ਵਿੱਚ ਬੇਚੈਨੀ ਪਾਈ ਜਾ ਰਹੀ ਹੈ।ਸਾਥੀ ਰਾਣਾ ਨੇ ਕਿਹਾ ਕਿ ਬੇਲਗਾਮ ਮਹਿੰਗਾਈ ਦੇ ਸਮੇਂ ਮਜ਼ਦੂਰਾਂ ਅਤੇ ਕਰਮਚਾਰੀਆਂ ਵੱਲੋਂ ਕੀਤੇ ਕੰਮ ਦੀ ਉਜਰਤ ਨਾ ਮਿਲਣ ਕਾਰਨ ਮਜ਼ਦੂਰਾਂ ਅਤੇ ਕਰਮਚਾਰੀਆਂ ਦਾ ਜੀਵਨ ਅਤੀ ਮੁਸ਼ਕਲ ਬਣਦਾ ਜਾ ਰਿਹਾ ਹੈ। ਉਹਨਾਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਾਰੇ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾਵੇ ਅਤੇ ਪੰਜਾਬ ਵਿੱਚ ਕਿਰਤੀਆਂ ਅਤੇ ਕਰਮਚਾਰੀਆਂ ਦਾ ਕੀਤੇ ਕੰਮ ਦਾ ਬਕਾਇਆ ਜੋ 240 ਕਰੋੜ ਦੇ ਕਰੀਬ ਬਣਦਾ ਹੈ, ਤੁਰੰਤ ਜਾਰੀ ਕੀਤਾ ਜਾਵੇ। ਉਹਨਾਂ ਮੰਗ ਕੀਤੀ ਕਿ ਕਿਰਤੀਆਂ ਦੀ ਹਾਜ਼ਰੀ ਕੇਵਲ ਕੰਮ ਵਾਲੀ ਥਾਂ 'ਤੇ ਹੀ ਲਾਈ ਜਾਵੇ ਅਤੇ ਮਨਰੇਗਾ ਕਾਨੂੰਨ ਸਹੀ ਅਰਥਾਂ ਵਿੱਚ ਲਾਗੂ ਕੀਤਾ ਜਾਵੇ। ਮੀਟਿੰਗ ਨੇ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਬਾਰੇ ਵਿਸਤਰਤ ਚਰਚਾ ਕੀਤੀ। 9 ਜੁਲਾਈ ਦੀ ਆਮ ਹੜਤਾਲ ਨੂੰ ਪੂਰਨ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ। ਅੰਤ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਰਕਾਰੀ ਮਿਡਲ ਸਕੂਲ ਟੌਂਸਾ ਨੂੰ ਅਪਗਰੇਡ ਕੀਤਾ ਜਾਵੇ ਤਾਂ ਕਿ ਪਿੰਡ ਦੇ ਬੱਚਿਆਂ ਨੂੰ ਪੇਸ਼ ਆ ਰਹੀ ਮੁਸ਼ਕਲ ਦਾ ਹੱਲ ਹੋ ਸਕੇ। ਮੀਟਿੰਗ ਵਿੱਚ ਮਨੋਹਰ ਲਾਲ ਤਹਿਸੀਲ ਪ੍ਰਧਾਨ ਮਨਰੇਗਾ ਅਧਿਕਾਰ ਅੰਦੋਲਨ ਬੀਬੀ ਸ਼ਸ਼ੀ ਰਾਣਾ ਸਾਬਕਾ ਸਰਪੰਚ, ਮੋਹਣ ਸਿੰਘ ਪ੍ਰਧਾਨ, ਪ੍ਰਤਾਪ ਸਿੰਘ ਰਾਣਾ, ਕਮਲਜੀਤ ਕੌਰ, ਅਵਤਾਰ ਰਾਮ, ਮੋਹਣ ਲਾਲ ਪੰਚ ਅਤੇ ਦੇਵ ਰਾਜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਪੰਜਾਬ ਵਿਧਾਨ ਸਭਾ ਦਾ ਇਜਲਾਸ 10 ਤੋਂ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਦਾ ਇਜਲਾਸ, ਜੋ 5 ਮਈ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ, 10 ਜੁਲਾਈ ਨੂੰ ਸਵੇਰੇ 11.00 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ ਚੰਡੀਗੜ੍ਹ ਵਿਖੇ ਸੱਦਿਆ ਹੈ। ਇਹ ਸੈਸ਼ਨ ਪੰਜਾਬ ਵਿਧਾਨ ਸਭਾ ਵਿੱਚ ਕਾਰਜ ਪ੍ਰਣਾਲੀ ਅਤੇ ਕਾਰੋਬਾਰ ਸੰਚਾਲਨ ਨਿਯਮਾਂ ਦੇ ਨਿਯਮ 16 ਦੇ ਦੂਜੇ ਉਪਬੰਧ ਦੇ ਤਹਿਤ ਬੁਲਾਇਆ ਗਿਆ ਹੈ।

# ਇੱਕ ਜੱਜ, ਇੱਕ ਰੁੱਖ ਮੁਹਿੰਮ ਤਹਿਤ ਨਿਆਇਕ ਅਧਿਕਾਰੀਆਂ ਨੇ ਲਗਾਏ ਪੌਦੇ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਇੱਕ ਜੱਜ, ਇੱਕ ਰੁੱਖ ਮੁਹਿੰਮ ਤਹਿਤ ਨਵੇਂ ਕੋਰਟ ਕੰਪਲੈਕਸ ਵਿਖੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ 'ਗ੍ਰੀਨ ਓਥ ਦਿਵਸ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਾਰੇ ਨਿਆਇਕ ਅਧਿਕਾਰੀਆਂ ਨੇ ਬੂਟੇ ਲਗਾ ਕੇ ਵਾਤਾਵਰਣ ਦੀ ਰੱਖਿਆ ਕਰਨ ਦਾ ਪ੍ਰਣ ਲਿਆ। ਜ਼ਿਲ੍ਹਾ ਅਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਇਸ ਮੌਕੇ ਨਿਆਇਕ ਅਧਿਕਾਰੀਆਂ, ਬਾਰ ਐਸੋਸੀਏਸ਼ਨ ਦੇ ਪ੍ਰਧਾਨ, ਉਪ-ਪ੍ਰਧਾਨ, ਸਕੱਤਰ ਅਤੇ ਹੋਰਨਾਂ ਕਰਮਚਾਰੀਆਂ ਨੂੰ ਪੌਦੇ ਵੰਡੇ। ਉਨ੍ਹਾਂ ਕਿਹਾ ਕਿ ਕੁਦਰਤੀ ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਰੱਖਣ ਵਿੱਚ ਰੁੱਖਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਰੁੱਖ ਨਾ ਸਿਰਫ ਸਾਨੂੰ ਹਵਾ ਪ੍ਰਦੂਸ਼ਣ ਤੋਂ ਬਚਾਉਂਦੇ ਹਨ, ਸਗੋਂ ਸਾਨੂੰ ਕਈ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ ਅਤੇ ਸਾਨੂੰ ਸ਼ੁੱਧ ਹਵਾ ਅਤੇ ਆਕਸੀਜਨ ਪ੍ਰਦਾਨ ਕਰਦੇ ਹਨ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਬੂਟੇ ਲਗਾ ਕੇ ਇਸ ਮੁਹਿੰਮ ਵਿੱਚ ਯੋਗਦਾਨ ਪਾਉਣ।ਇਸ ਮੌਕੇ ਸਾਰੇ ਨਿਆਇਕ ਅਧਿਕਾਰੀਆਂ ਨੇ ਪੌਦੇ ਲਗਾਏ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਸਹੁੰ ਚੁੱਕੀ ਅਤੇ ਇਸ ਮੁਹਿੰਮ ਨੂੰ ਸਫਲ ਬਣਾਉਣ ਦਾ ਸੰਕਲਪ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਕਿਹਾ ਕਿ ਮਨੁੱਖਤਾ ਦਾ ਵਜੂਦ ਕੁਦਰਤ 'ਤੇ ਨਿਰਭਰ ਹੈ, ਇਸ ਲਈ ਸਿਰਫ਼ ਇਕ ਵਿਅਕਤੀ ਦੇ ਯਤਨ ਕਾਫ਼ੀ ਨਹੀਂ ਹਨ। ਸਾਨੂੰ ਸਾਰਿਆਂ ਨੂੰ ਸੁਰੱਖਿਅਤ ਵਾਤਾਵਰਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਸਬ-ਡਵੀਜ਼ਨ ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਵਿੱਚ ਵੀ ਨਿਆਇਕ ਅਧਿਕਾਰੀਆਂ ਨੇ ਹਰਿਆਲੀ ਸਹੁੰ ਦਿਵਸ ਮੌਕੇ ਇੱਕ ਜੱਜ, ਇੱਕ ਰੁੱਖ ਮੁਹਿੰਮ ਤਹਿਤ ਪੌਦੇ ਵੀ ਲਗਾਏ ਅਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕੀਤਾ।

# ਠੇਕਾ ਕਰਮਚਾਰੀਆਂ ਦੀ ਹੜਤਾਲ ਤੇ ਧਰਨਾ ਸਮਾਪਤ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸਵਰਾਜ ਮਾਜ਼ਦਾ ਲਿਮਟਿਡ ਆਂਸਰੋਂ ਦੇ ਠੇਕਾ ਕਰਮਚਾਰੀਆਂ ਦੀਆਂ ਮੰਗਾਂ ਮੰਨੇ ਜਾਣ ਉਪਰੰਤ ਕੰਟਰੈਕਟ ਵਰਕਰ ਯੂਨੀਅਨ ਨੇ ਹੜਤਾਲ ਅਤੇ ਧਰਨਾ ਸਮਾਪਤ ਕਰ ਦਿੱਤਾ।ਉਹ 2 ਜੁਲਾਈ ਤੋਂ ਹੜਤਾਲ ਉੱਤੇ ਸਨ।ਮੈਨੇਜਮੈਂਟ, ਸੰਬੰਧਤ ਠੇਕੇਦਾਰਾਂ, ਕੰਟਰੈਕਟ ਵਰਕਰ ਯੂਨੀਅਨ ਅਤੇ ਲੇਬਰ ਇੰਸਪੈਕਟਰ ਬਲਾਚੌਰ ਦੀ ਸਾਂਝੀ ਮੀਟਿੰਗ ਵਿਚ ਸਮਝੌਤਾ ਸਿਰੇ ਚੜ੍ਹਿਆ ਜੋ ਲਿਖਤੀ ਰੂਪ ਵਿਚ ਕੀਤਾ ਗਿਆ।ਸਮਝੌਤੇ ਉਪਰੰਤ ਵਰਕਰਾਂ ਨੇ ਜੇਤੂ ਰੈਲੀ ਕੀਤੀ ਜਿਸ ਨੂੰ ਕੰਟਰੈਕਟ ਵਰਕਰ ਯੂਨੀਅਨ ਦੇ ਆਗੂਆਂ ਜਸ਼ਨਪ੍ਰੀਤ ਸਿੰਘ, ਸਿਮਰਨਜੀਤ ਸਿੰਘ, ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਰਾਜਵੀਰ ਸਿੰਘ, ਹਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਠੇਕਾ ਕਾਮਿਆਂ ਦੀ ਤਨਖਾਹ ਦੇ ਵਾਧੇ ਲਈ ਢੁੱਕਵੀਂ ਨੀਤੀ ਤਿਆਰ ਕਰਨ ਦਾ ਫੈਸਲਾ ਹੋਇਆ ਇਸ ਦੇ ਲਈ 5 ਅਗਸਤ ਦੀ ਮੀਟਿੰਗ ਤੈਅ ਕੀਤੀ ਗਈ ਹੈ।ਸਮਝੌਤੇ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜੁਲਾਈ-ਅਗਸਤ ਮਹੀਨਿਆਂ ਵਿਚ ਕਰਮਚਾਰੀਆਂ ਦੀ ਡਿਊਟੀ ਵਿਚ ਕੋਈ ਬ੍ਰੇਕ ਨਹੀਂ ਪਾਈ ਜਾਵੇਗੀ।ਠੇਕੇਦਾਰਾਂ ਵਲੋਂ ਹਰ ਮਹੀਨੇ ਦੀ 7 ਤਾਰੀਖ਼ ਨੂੰ ਠੇਕਾ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿਚ ਤਨਖਾਹ ਪਾ ਦਿੱਤੀ ਜਾਇਆ ਕਰੇਗੀ।ਸਿਖਿਆਰਥੀਆਂ ਨੂੰ ਟ੍ਰੇਨਿੰਗ ਪੂਰੀ ਹੋਣ ਉਪਰੰਤ ਟ੍ਰੇਨਿੰਗ ਸਰਟੀਫਿਕੇਟ ਦਿੱਤੇ ਜਾਣਗੇ ਅਤੇ ਟ੍ਰੇਨਿੰਗ ਤੋਂ ਬਾਅਦ ਉਹਨਾਂ ਨੂੰ ਠੇਕਾ ਵਰਕਰ ਦੇ ਤੌਰ ਉੱਤੇ ਰੱਖਣ ਲਈ ਵਿਚਾਰ ਕੀਤਾ ਜਾਵੇਗਾ।ਜੇਕਰ ਕੰਮ ਦੌਰਾਨ ਠੇਕਾ ਕਰਮਚਾਰੀ ਨੂੰ ਸੱਟ ਲੱਗਦੀ ਹੈ ਤਾਂ ਕੰਪਨੀ ਠੇਕੇਦਾਰ ਤੋਂ ਈ ਐਸ ਆਈ ਦੇ ਸਾਰੇ ਬਣਦੇ ਲਾਭ ਦਿਵਾਉਣ ਲਈ ਪੂਰਾ ਸਹਿਯੋਗ ਕਰੇਗੀ।ਮੀਟਿੰਗ ਵਿਚ ਆਏ ਕਿਸੇ ਵੀ ਠੇਕਾ ਕਰਮਚਾਰੀ ਨਾਲ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਡਿਊਟੀ ਵਿਚ ਬ੍ਰੇਕ ਨਹੀਂ ਪਾਈ ਜਾਵੇਗੀ ਅਤੇ ਠੇਕਾ ਕਰਮਚਾਰੀ ਵੀ ਅਨੁਸ਼ਾਸਨ ਵਿਚ ਰਹਿਣਗੇ ਨਹੀਂ ਤਾਂ ਕੰਪਨੀ ਅਨੁਸ਼ਾਸਨ ਕਾਇਮ ਰੱਖਣ ਲਈ ਕਾਰਵਾਈ ਦੀ ਹੱਕਦਾਰ ਹੋਵੇਗੀ।ਬੱਸ ਬਾਡੀ ਅਤੇ ਆਰ ਐਂਡ ਡੀ ਠੇਕਾ ਕਰਮਚਾਰੀਆਂ ਦਾ ਸਾਰਾ ਰਿਕਾਰਡ ਰੱਖਿਆ ਜਾਵੇਗਾ।ਭਵਿੱਖ ਵਿਚ ਜਦੋਂ ਵੀ ਅਵਾਰਡ ਜਾਂ ਪ੍ਰਾਫਿਟ ਬੋਨਸ ਦੀ ਰਾਸ਼ੀ ਦਾ ਕੰਪਨੀ ਫੈਸਲਾ ਕਰਦੀ ਹੈ ਤਾਂ ਠੇਕੇਦਾਰ ਦੇ ਕਰਮਚਾਰੀਆਂ ਦਾ ਵੀ ਧਿਆਨ ਰੱਖਿਆ ਜਾਵੇਗਾ।ਸੀਰੀਅਲ ਨੰਬਰ-2 ਅਨੁਸਾਰ ਜੁਆਈਨਿੰਗ ਦੀ ਮਿਤੀ ਵੀ ਵਿਚਾਰੀ ਜਾਵੇਗੀ।ਇਸ ਰੈਲੀ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਇਫਟੂ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਰਮਲ ਸਿੰਘ ਜੰਡੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾਈ ਆਗੂ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਇਹ ਜਿੱਤ ਵਰਕਰਾਂ ਦੀ ਏਕਤਾ ਅਤੇ ਸੰਘਰਸ਼ ਦੀ ਜਿੱਤ ਹੈ।

# ਹਰਿਆਣਾ ਸਰਕਾਰ ਸ਼ਿਆਮਾ ਪ੍ਰਸਾਦ ਮੁਖਰਜੀ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਜਨਸੇਵਾ ਲਈ ਕਰ ਰਹੀ ਕੰਮ : ਸੈਣੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਸ਼ਿਆਮਾ ਪ੍ਰਸਾਦ ਮੁਖਰਜੀ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਆਖੀਰੀ ਲਾਇਨ ਵਿੱਚ ਖੜ੍ਹੇ ਗਰੀਬ ਵਿਅਕਤੀ ਦੀ ਸੇਵਾ ਕਰਨ ਲਈ ਪ੍ਰਤੀਬੱਧਤਾ ਨਾਲ ਕੰਮ ਕਰ ਰਹੀ ਹੈ।ਮੁੱਖ ਮੰਤਰੀ ਨੇ ਐਤਵਾਰ ਨੂੰ ਹਰਿਆਣਾ ਭਵਨ ਨਵੀਂ ਦਿੱਲੀ ਵਿੱਚ ਸ਼ਿਆਮਾ ਪ੍ਰਸਾਦ ਮੁਖਰਜੀ ਦੀ 125ਵੀਂ ਜੈਅੰਤੀ 'ਤੇ ਉਨ੍ਹਾਂ ਦੇ ਫੋਟੋ 'ਤੇ ਪੁਸ਼ਪ ਅਰਪਿਤ ਕਰ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਮਹਤੱਵਪੂਰਨ ਵਿਜ਼ਨ ਇੱਕ ਪੇੜ ਮਾਂ ਕੇ ਨਾਮ ਮੁਹਿੰਮ ਤਹਿਤ ਪੌਦਾਰੋਪਣ ਵੀ ਕੀਤਾ। ਉਨ੍ਹਾਂ ਨੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਤਹਿਤ ਮਹਾਪੁਰਸ਼ਾਂ ਦੇ ਨਾਂਅ ਇੱਕ ਪੌਦਾ ਜ਼ਰੂਰ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਬਡੌਲੀ ਨੇ ਵੀ ਸ਼ਿਆਮਾ ਪ੍ਰਸਾਦ ਮੁਖਰਜੀ ਦੇ ਫੋਟੋ 'ਤੇ ਪੁਸ਼ਪ ਅਰਪਿਤ ਕੀਤੇ ਅਤੇ ਪੌਦਾਰੋਪਣ ਵੀ ਕੀਤਾ।ਇਸ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮਜ਼ਬੂਤ ਸ਼ਖਸੀਅਤ ਦੇ ਧਨੀ, ਜਨਸੰਘ ਸੰਸਥਾਪਕ ਅਤੇ ਸੁਤੰਤਰਤਾ ਸੈਨਾਨੀ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਰਾਸ਼ਟਰ ਹਿੱਤ ਨੂੰ ਲੈ ਕੇ ਮਹਤੱਵਪੂਰਨ ਕੰਮ ਕੀਤੇ। ਇਸ ਲਈ ਅਸੀਂ ਸਾਰੇ ਉਨ੍ਹਾਂ ਦੇ ਦਿਖਾਏ ਮਾਰਗ 'ਤੇ ਚੱਲਣ ਅਤੇ ਦੇਸ਼ ਨੂੰ ਵਿਕਸਿਤ ਭਾਰਤ ਵੱਲ ਲੈ ਜਾਣ ਵਿੱਚ ਆਪਣਾ ਯੋਗਦਾਨ ਦੇਣ। ਸੈਣੀ ਨੇ ਕਿਹਾ ਕਿ ਐਸ ਵਾਈ ਐਲ ਨੂੰ ਲੈ ਕੇ 9 ਜੁਲਾਈ ਨੂੰ ਨਵੀਂ ਦਿੱਲੀ ਵਿੱਚ ਅਹਿਮ ਮੀਟਿੰਗ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਵਿੱਚ ਸਰਵਸੰਮਤੀ ਨਾਲ ਸਕਾਰਾਤਮਕ ਪਹਿਲੂਆਂ 'ਤੇ ਵਿਚਾਰ ਕੀਤਾ ਜਾਵੇਗਾ।

# ਜਨਵਰੀ ਮਹੀਨੇ 'ਚ ਸ਼ੁਰੂ ਹੋਣ ਵਾਲੀ ਬਦਲੀ ਪ੍ਰਕਿਰਿਆ ਜੁਲਾਈ ਤੱਕ ਵੀ ਸਿਰੇ ਨਾ ਲੱਗੀ

ਚੰਡੀਗੜ੍ਹ (ਗੁਰਜੀਤ ਬਿੱਲਾ)- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਜਨਵਰੀ ਮਹੀਨੇ ਵਿੱਚ ਸ਼ੁਰੂ ਕੀਤੀ ਜਾਣ ਵਾਲੀ ਬਦਲੀ ਪ੍ਰਕਿਰਿਆ 'ਤੇ ਪ੍ਰਸ਼ਨ ਉਠਾਉਂਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਦੀ ਬਦਲੀ ਨੀਤੀ ਵਿੱਚ ਲਿਖਤੀ ਤੌਰ 'ਤੇ ਦਰਜ ਹੈ ਕਿ ਵਿਭਾਗ ਹਰ ਸਾਲ ਜਨਵਰੀ ਮਹੀਨੇ ਵਿੱਚ ਬਦਲੀ ਪ੍ਰਕਿਰਿਆ ਸ਼ੁਰੂ ਕਰੇਗਾ ਅਤੇ 31 ਮਾਰਚ ਤੱਕ ਇਹ ਬਦਲੀ ਪ੍ਰਕਿਰਿਆ ਸਿਰੇ ਲੱਗ ਜਾਵੇਗੀ, ਜਿਸ ਨਾਲ ਨਵੇਂ ਸੈਸ਼ਨ ਦੇ ਸ਼ੁਰੂ ਤੋਂ ਹੀ ਅਧਿਆਪਕ ਪੂਰਾ ਸੈਸ਼ਨ ਸਕੂਲ ਵਿੱਚ ਵਿਦਿਆਰਥੀਆਂ ਦੇ ਸੰਪਰਕ ਵਿੱਚ ਰਹੇਗਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਬੁਰਾ ਅਸਰ ਨਹੀਂ ਪਵੇਗਾ। ਪਰ ਇਸ ਸਾਲ ਛੇ ਮਹੀਨੇ ਦੇਰੀ ਨਾਲ 6 ਜੂਨ ਨੂੰ ਬਦਲੀਆਂ ਲਈ ਖੋਲ੍ਹਿਆ ਗਿਆ ਪੋਰਟਲ ਹਾਲੇ ਸਟੇਸ਼ਨ ਚੋਣ ਲਈ ਖੋਲ੍ਹੇ ਜਾਣ ਲਈ ਅਧਿਆਪਕਾਂ ਤੋਂ ਉਡੀਕ ਕਰਵਾ ਰਿਹਾ ਹੈ। ਇਹ ਉਡੀਕ ਅਧਿਆਪਕਾਂ ਲਈ ਉਦੋਂ ਹੋਰ ਵੀ ਬੇਸਬਰੀ ਅਤੇ ਬੇਇਤਬਾਰੀ ਪੈਦਾ ਕਰ ਰਹੀ ਹੈ ਜਦੋਂ ਬਦਲੀਆਂ ਵਾਲਾ ਪੋਰਟਲ ਖੁੱਲ੍ਹਣ ਦੇ ਬਾਵਜੂਦ ਸਕੂਲ ਆਫ ਐਮੀਨੈਂਸ ਲਈ ਆਫਲਾਈਨ ਬਦਲੀਆਂ ਦੀਆਂ ਲਿਸਟਾਂ ਜਾਰੀ ਹੋ ਜਾਂਦੀਆਂ ਹਨ।ਆਗੂਆਂ ਕਿਹਾ ਕਿ ਜੇਕਰ ਵਿਭਾਗ ਵੱਲੋਂ ਆਨਲਾਈਨ ਬਦਲੀਆਂ ਵਾਲਾ ਪੋਰਟਲ ਖੋਲ੍ਹਿਆ ਗਿਆ ਹੈ ਤਾਂ ਸਕੂਲ ਆਫ਼ ਐਮੀਨੈਂਸ ਵਿੱਚ ਆਫਲਾਈਨ ਬਦਲੀਆਂ ਕਰਨਾ ਗੈਰਵਾਜਬ ਹੈ। ਸਰਕਾਰ ਵੱਲੋਂ ਇਨ੍ਹਾਂ ਬਦਲੀਆਂ ਨੂੰ ਵਲੰਟੀਅਰ ਬਦਲੀਆਂ ਦਾ ਨਾਂ ਦੇ ਕੇ ਸਕੂਲਾਂ ਵਿੱਚ ਵਿਤਕਰਾ ਕਰ ਰਹੀ ਹੈ। ਸਰਕਾਰ ਜੇਕਰ ਸੱਚਮੁਚ ਹੀ ਵਲੰਟਰੀ ਤੌਰ 'ਤੇ ਬਦਲੀ ਕਰਾਉਣ ਦੇ ਚਾਹਵਾਨ ਅਧਿਆਪਕਾਂ ਤੋਂ ਬਦਲੀਆਂ ਲਈ ਬੇਨਤੀ ਪੱਤਰਾਂ ਦੀ ਮੰਗ ਕਰਨਾ ਚਾਹੁੰਦੀ ਹੈ ਤਾਂ ਉਹ ਪਛੜੇ ਖੇਤਰਾਂ ਦੇ ਸਕੂਲਾਂ ਵੱਲ ਧਿਆਨ ਦੇਵੇ ਅਤੇ ਪਛੜੇ ਖੇਤਰ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਬਦਲੀਆਂ ਕਰੇ ਤਾਂ ਜੋ ਪਛੜੇ ਖੇਤਰਾਂ ਦੇ ਸਕੂਲਾਂ ਨੂੰ ਅਧਿਆਪਕ ਮਿਲ ਸਕਣ। ਸ਼ਹਿਰੀ ਅਤੇ ਪਹੁੰਚ ਯੋਗ ਖੇਤਰ ਵਿੱਚ ਚੱਲ ਰਹੇ ਸਕੂਲ ਆਫ਼ ਐਮੀਨੈਂਸ ਸਕੂਲਾਂ ਲਈ ਬਦਲੀਆਂ ਲਈ ਬਿਨੈਪੱਤਰ ਮੰਗਣੇ ਸਰਕਾਰ ਵੱਲੋਂ ਪਛੜੇ ਖੇਤਰ ਦੇ ਸਕੂਲਾਂ ਨੂੰ ਅਣਗੌਲਿਆਂ ਕਰਨ ਦਾ ਸਬੂਤ ਹੈ। ਸਕੂਲ ਆਫ ਐਮੀਨੈਂਸ ਨੂੰ ਲੋੜ ਤੋਂ ਵੱਧ ਪਹਿਲ ਅਤੇ ਬਾਕੀ ਸਕੂਲਾਂ ਦੀਆਂ ਲੋੜਾਂ ਪ੍ਰਤੀ ਅੱਖਾਂ ਮੀਟਣਾ ਸਰਕਾਰ ਦੇ ਆਮ ਲੋਕਾਂ ਦੀ ਸਿੱਖਿਆ ਪ੍ਰਤੀ ਦੋਹਰੇ ਮਾਪਦੰਡਾਂ ਦੀ ਨਿਸ਼ਾਨੀ ਹੈ ਅਤੇ ਡੀ ਟੀ ਐੱਫ ਸਰਕਾਰ ਦੇ ਇਸ ਵਿਹਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਜੱਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਵਿਭਾਗ ਵੱਲੋਂ ਸਮੇਂ ਸਿਰ ਬਦਲੀਆਂ ਨਾ ਕਰਨਾ ਅਤੇ ਬਦਲੀਆਂ ਦੀ ਥਾਂ ਡੈਪੂਟੇਸ਼ਨਾਂ ਕਰਨਾ ਵੀ ਵਿਭਾਗ ਵਿੱਚ ਰਾਜਨੀਤਕ ਦਖ਼ਲਅੰਦਾਜ਼ੀ ਦਾ ਹੀ ਸਬੂਤ ਹੈ। ਆਗੂਆਂ ਨੇ ਮੰਗ ਕੀਤੀ ਕਿ ਬਦਲੀਆਂ ਵਾਲਾ ਪੋਰਟਲ ਤੁਰੰਤ ਖੋਲ੍ਹਿਆ ਜਾਵੇ ਅਤੇ ਈ ਟੀ ਟੀ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਦੁਰੇਡੇ ਸਟੇਸ਼ਨਾਂ 'ਤੇ ਤਰੱਕੀਆਂ ਲੈਣ ਵਾਲੇ ਅਧਿਆਪਕਾਂ, 6635 ਈ ਟੀ ਟੀ, 4161 ਮਾਸਟਰ ਕਾਡਰ, ਪ੍ਰਮੋਟ ਕੀਤੇ ਈ ਟੀ ਟੀ ਤੋਂ ਮਾਸਟਰ ਕਾਡਰ, ਲੈਕਚਰਾਰ, ਪੀ ਟੀ ਆਈ ਤੋਂ ਡੀ ਪੀ ਆਈ ਅਤੇ ਹੋਰ ਨਵੀਂ ਭਰਤੀਆਂ ਵਾਲੇ ਅਧਿਆਪਕਾਂ ਨੂੰ ਵੀ ਬਦਲੀਆਂ ਦਾ ਮੌਕਾ ਦਿੱਤਾ ਜਾਵੇ।


# ਕਲਾਸੀਫਾਈਡ ਇਸ਼ਤਿਹਾਰ

## Change of Name

I, Buta Ram s/o Sohan Lal r/o H.No. WN-357, Katra Mohalla Basti Danishmanda, Jalandhar, Punjab-144002 have changed my name as Raju Bangotra. All Please Note.

I, Swaran Kumar S/o Jarnail Singh R/o H.No.137, Idgah Mohalla, Garha, Jalandhar-144022, Punjab have changed my name from Swaran Kumar to Sarwan Kumar. All Please Note.

I, Anuradha w/o Sanjeev Kumar r/o H.No.27-C, Gali No.2, New Gobind Nagar, Jalandhar-144004, Punjab have changed my name from Anuradhya to Anuradha. All Please Note.

I, Bhrat Kumar Khurana s/o Banarasi Dass Khurana r/o H.No. 608. Raj Nagar, Basti Bawa Khel, Jalandhar have changed my name to Bharat Kumar Khurana. All Please Note.

I, Amanjot Rani d/o Des Raj r/o Vill.Nawan Pind Ariyan, Po.Sarih, Teh.Nakodar, Distt. Jalandhar have changed my name to Given name as Amanjot & Surname as Rani) All Please Note. (R)

I, Inder Pal Singh S/o Amarjit Singh R/o H.No.56, Near Ram Mandir, New Gautam Nagar, Jalandhar have changed my name from Inder Pal Singh to Inderpal Singh. All Please Note. (R)

I Sarabjit Kaur W/o. Kuldip Singh, Village Budha Theh, Tehsil Baba Bakala (Amritsar) declare that My Name mentioned on my Son Jarmanjit Singh Secondery School Certificate as Sarabjit Kaur and Senior School Certificate as Sarbjit Kaur. So My Correct Name is SARABJIT KAUR.

## Change of Name

I Manpreet W/o Satnam Ram R/o VPO. Khan Khana,Teh. Nawanshahr, Distt. S.B.S. Nagar - 144509, Punjab I Have Changed My Name Aftar Marriage Manpreet to Manpreet Kaur. (Surname Kaur).

I, Harcharn Singh S/o Gurbachan Singh R/o Near Shri Guru Hargobind Sahib G, Dhand (Langha De Patti), Sarai Amant Khan Road, Tarn Taran have changed my name from HARCHARN SINGH to HARCHARAN SINGH.

I, Kulvinder Kaur w/o Paviter Singh r/o VPO. Jamsher Khas, Mohalla Bagichi, Distt. Jalandhar (PB) have changed my name from Kulvinder Kaur to Kulwinder Kaur. All Please Note.

## PUBLIC NOTICE

I, Sandeep Dhillon D/o Harcharan Singh R/o Dhand, Tarn Taran declare that SANDEEP DHILLON and SANDEEP both are my names and one and the same person. Please concerned note.

## ਆਮ ਸੂਚਨਾ

ਦੀਦਾਰ ਸਿੰਘ ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਧਿਆਨਪੁਰ (ਅੰਮ੍ਰਿਤਸਰ), ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ (ਏ.ਪੀ.13/0256-ਐਚ) ਨੂੰ ਕੁਲਵੰਤ ਸਿੰਘ ਪੁੱਤਰ ਦੀਦਾਰ ਸਿੰਘ, ਵਾਸੀ ਧਿਆਨਪੁਰ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਉਪ ਮੰਡਲ ਬੁਟਾਰੀ ਪੁੱਜਣ ।

## ਬੇਦਖਲੀ ਨੋਟਿਸ

ਮੈਂ, ਗੁਰਸੇਵਕ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਸੁਰਸਿੰਘ ਤਹਿਸੀਲ ਭਿੱਖੀਵਿੰਡ ਜ਼ਿਲਾ ਤਰਨਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਅਤੇ ਉਸਦੀ ਪਤਨੀ ਰਣਜੀਤ ਕੌਰ ਸਾਡੇ ਕੰਟਰੋਲ ਤੋਂ ਬਾਹਰ ਹਨ । ਮੈਂ ਇਨ੍ਹਾਂ ਦੋਹਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਬੰਸੋ ਪਤਨੀ ਓਮ ਪ੍ਰਕਾਸ਼ ਵਾਸੀ ਕਾਲਾ ਬੱਕਰਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਵੀ ਪਾਲ ਅਤੇ ਉਸਦੀ ਪਤਨੀ ਨਿਰਮਲ ਕੌਰ ਅਤੇ ਉਹਨਾਂ ਦੇ ਬੱਚੇ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੀਨਾ ਕੁਮਾਰੀ ਪਤਨੀ ਹਰਜਿੰਦਰ ਕੁਮਾਰ ਵਾਸੀ ਪਿੰਡ ਉਦੇਸੀਆਂ, ਡਾਕਖਾਨਾ ਆਦਮਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਉਮਰ ਕਰੀਬ 25 ਸਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਸੂਰਤਾ ਸਿੰਘ ਵਾਸੀ ਪਿੰਡ ਬੱਖਤਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਉਸ ਨੇ ਮੇਰੀ ਮਰਜ਼ੀ ਤੋਂ ਬਿਨਾਂ ਵਿਆਹ ਕਰਵਾ ਲਿਆ ਹੈ । ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਨੂੰ ਪਤਨੀ ਅਸ਼ੋਕ ਕੁਮਾਰ ਵਾਸੀ 6 ਬੀ, ਨਿਊ ਗੋਬਿੰਦ ਨਗਰ ਜਲੰਧਰ ਆਪਣੇ ਲੜਕੇ ਪਾਰਸ ਮਹਾਜਨ ਨੂੰ ਮੇਰੇ ਕਹਿਣੇ ਵਿਚ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

7 July Page-8.qxd 7/6/2025 10:30 PM Page 1



# ਸ਼ਾਂਤਮਈ ਸੰਘਰਸ਼ ਕਰ ਰਹੇ ਇਲਾਕਾ ਨਿਵਾਸੀਆਂ 'ਤੇ ਲਾਠੀਚਾਰਜ ਅਤਿ ਨਿੰਦਣਯੋਗ : ਰੰਧਾਵਾ

**ਜਲੰਧਰ (ਕੇਸਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਤਲਵਾੜਾ ਵਿਖੇ ਨਾਜਾਇਜ਼ ਖੁਦਾਈ ਅਤੇ ਖਣਨ ਮਾਫੀਆ ਦੇ ਸ਼ਿਕਾਰੇ ਗੁੰਡਾ ਤੱਤਾਂ ਖਿਲਾਫ਼ ਸ਼ਾਂਤਮਈ ਰੋਸ



ਮੁਜ਼ਾਹਰਾ ਕਰ ਰਹੇ ਇਲਾਕਾ ਨਿਵਾਸੀਆਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਪੁਲਸੀਆ ਲਾਠੀ ਚਾਰਜ ਕਰਨ ਅਤੇ ਝੂਠੇ ਪਰਚੇ ਦਰਜ ਕਰਨ ਦੀ ਕਰੜੀ ਨਿਖੇਧੀ ਕੀਤੀ ਹੈ।ਇੱਥੇ ਜਾਰੀ ਇਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਹੈ ਕਿ ਉਕਤ ਜਾਬਰ ਕਾਰਵਾਈ ਇਸ ਤੱਥ ਦਾ ਮੂੰਹ ਬੋਲਦਾ ਸਬੂਤ ਹੈ ਖਣਨ ਮਾਫੀਆ ਤੇ ਕਰਾਸ਼ਰ ਮਾਲਕਾਂ ਨੂੰ ਸਰਕਾਰ ਦੀ ਮੁਕੰਮਲ ਸਰਪ੍ਰਸਤੀ ਹਾਸਲ ਹੈ।ਦੱਸਣਯੋਗ ਹੈ ਕਿ ਕਰਸ਼ਰ ਮਾਲਕਾਂ ਦੇ ਪਾਲੇ ਹੋਏ ਸਮਾਜ ਵਿਰੋਧੀ ਅਨਸਰਾਂ ਨੇ ਨਾਜਾਇਜ਼ ਖੁਦਾਈ ਅਤੇ ਕਰਸ਼ਰ ਮਾਲਕਾਂ ਦੀ ਬੁਰਛਾਗਰਦੀ ਖਿਲਾਫ਼ ਬਣੀ 'ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ' ਦੇ ਆਗੂਆਂ 'ਤੇ ਜਾਨਲੇਵਾ ਹਮਲੇ ਕੀਤਾ ਹੈ। ਪੁਲਸ, ਪੀੜਤਾਂ ਦੇ ਬਿਆਨਾਂ ਅਤੇ ਲਿਖਤੀ ਸ਼ਿਕਾਇਤਾਂ ਦੇ ਆਧਾਰ 'ਤੇ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ।ਇਲਾਕਾ ਨਿਵਾਸੀਆਂ ਦਾ ਇਹ ਵੀ ਦੋਸ਼ ਹੈ ਕਿ ਜਿਲ੍ਹੇ ਦੀ ਪੁਲਸ ਤੇ ਪ੍ਰਸ਼ਾਸਨਿਕ ਮਸ਼ੀਨਰੀ ਸਰਕਾਰ, ਖਾਸ ਕਰਕੇ ਸਥਾਨਕ ਵਿਧਾਇਕ ਦੇ ਇਸ਼ਾਰੇ 'ਤੇ ਨਾਜਾਇਜ਼ ਖੁਦਾਈ ਅਤੇ ਮਾਫੀਆ ਤੱਤਾਂ ਦੀਆਂ ਮਨ ਆਈਆਂ ਰੋਕਣ ਲਈ ਕੋਈ ਕਾਰਵਾਈ ਨਹੀਂ ਕਰ ਰਹੀ।ਸਾਥੀ ਪਾਸਲਾ, ਰੰਧਾਵਾ ਅਤੇ ਜਾਮਾਰਾਏ ਨੇ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਇਲਾਕਾ ਨਿਵਾਸੀਆਂ ਖਿਲਾਫ ਦਰਜ ਕੀਤਾ ਝੂਠਾ ਮੁਕੱਦਮਾ ਬਿਨਾ ਦੇਰੀ ਖਾਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਗੈਰ ਕਾਨੂੰਨੀ ਖੁਦਾਈ ਅਤੇ ਕਰਸ਼ਰ ਮਾਲਕਾਂ ਦੀ ਧੱਕੇਸ਼ਾਹੀ ਫੌਰੀ ਬੰਦ ਕਰਨ ਅਤੇ ਹਮਲਾਵਰਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ।

# ਸ਼ਹਿਰ ਵਾਸੀਆਂ ਦੀ ਸੁਰੱਖਿਆ ਨਾਲ ਖੇਡ ਰਹੀ ਸੂਬਾ ਸਰਕਾਰ : ਅੰਕੁਸ਼ ਧੀਮਾਨ

## ● ਆਬਾਦੀ ਦੇ ਮੁਕਾਬਲੇ ਪੁਲਸ ਫੋਰਸ ਦੀ ਘਾਟ 'ਤੇ ਵੀ ਖੜ੍ਹੇ ਕੀਤੇ ਸਵਾਲ

**ਫਗਵਾੜਾ (ਡਾ. ਰਮਨ)**- ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਜਨਰਲ ਸਕੱਤਰ ਅੰਕੁਸ਼ ਧੀਮਾਨ ਨੇ ਫਗਵਾੜਾ ਵਾਸੀਆਂ ਦੀ ਸੁਰੱਖਿਆ ਅਤੇ ਇੱਥੇ ਗੈਰ-ਕਾਨੂੰਨੀ ਕਾਰੋਬਾਰ ਹੋਣ ਦੀ ਸੰਭਾਵਨਾ ਨੂੰ ਲੈ ਕੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। [illegible] ਰਿਹਾ ਹੈ ਜਾਂ ਵੱਡਿਆਂ ਕੋਠੀਆਂ ਤੇ ਮਕਾਨਾਂ 'ਚ ਕਿਰਾਏਦਾਰ ਹੋਵੇ, ਉਸ ਦੇ ਪਿਛੋਕੜ ਦੀ ਪੂਰੀ ਤਸਦੀਕ ਹੋਣੀ ਚਾਹੀਦੀ ਹੈ ਕਿ ਉਹ ਮੂਲ ਰੂਪ 'ਚ ਕਿੱਥੋਂ ਦਾ ਰਹਿਣ ਵਾਲਾ ਹੈ ਅਤੇ ਉਸ ਦਾ ਕੋਈ ਪੁਰਾਣਾ ਕ੍ਰਿਮਨਲ ਰਿਕਾਰਡ ਤਾਂ ਨਹੀਂ ਹੈ ਅਤੇ ਫਗਵਾੜਾ 'ਚ ਉਹ ਕਿੱਥੇ ਅਤੇ ਕੀ ਕੰਮ ਕਰਦਾ ਹੈ।ਉਨ੍ਹਾਂ ਕਿਹਾ ਕਿ 2011 ਦੀ ਜਨਗਣਨਾ ਅਨੁਸਾਰ ਫਗਵਾੜਾ ਦੀ ਆਬਾਦੀ ਇੱਕ ਲੱਖ ਤੋਂ ਘੱਟ ਸੀ, ਪਰ ਇਸ ਵੇਲੇ ਇਹ ਆਬਾਦੀ ਡੇਢ ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। [illegible] ਦੇ ਥਾਣਿਆਂ 'ਚ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਬਾਹਰੀ ਲੋਕਾਂ ਦੀ ਪੁਲਸ ਵੈਰੀਫਿਕੇਸ਼ਨ ਸ਼ੁਰੂ ਕੀਤੀ ਜਾਵੇ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਰੱਖੀ ਜਾਵੇ। ਨਾਲ ਹੀ ਦੁਕਾਨ ਜਾਂ ਮਕਾਨ ਦੇ ਮਾਲਕਾਂ ਨੂੰ ਸਖ਼ਤ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਕਿਰਾਏਦਾਰਾਂ ਦਾ ਆਧਾਰ ਕਾਰਡ ਜਾਂ ਹੋਰ ਪਛਾਣ ਪੱਤਰ ਤਸਵੀਰ ਸਮੇਤ ਸਬੰਧਤ ਥਾਣੇ ਵਿੱਚ ਜਮ੍ਹਾਂ ਕਰੇ ਤਾਂ ਜੋ ਪੁਲਸ ਵੈਰੀਫਿਕੇਸ਼ਨ ਦਾ ਕੰਮ ਆਸਾਨੀ ਨਾਲ ਹੋ ਸਕੇ।

# ਸਿਲਵਰ ਓਕ ਸਕੂਲ 'ਚ ਵਿਦਿਆਰਥੀਆਂ 'ਚ ਮਾਨਸਿਕ ਸਿਹਤ ਤੇ ਤੰਦਰੁਸਤੀ 'ਤੇ ਵਰਕਸ਼ਾਪ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀ. ਸੈਕੰ. ਸਕੂਲ



ਸ਼ਾਹਬਾਜ਼ਪੁਰ ਵਿਖੇ ਸੀ.ਬੀ.ਐਸ.ਈ. ਵਲੋਂ ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਦੇ ਵਿਸ਼ੇ ਨੂੰ ਲੈ ਕੇ ਅਧਿਆਪਕਾਂ ਦੀ ਵਰਕਸ਼ਾਪ ਕਰਵਾਈ ਗਈ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਇਹ ਵਰਕਸ਼ਾਪ ਕੀਤੀ ਗਈ। ਇਸ ਵਰਕਸ਼ਾਪ 'ਚ ਸ਼ਰਮੀਲਾ ਨਾਕਰਾ, ਡਿਪਟੀ ਡਾਇਰੈਕਟਰ, ਇਨੋਸੈਂਟ ਹਾਰਟ ਸਕੂਲ ਜਲੰਧਰ ਅਤੇ ਸ਼ਿਵਾਨੀ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਗੁਰਦਾਸਪੁਰ ਨੇ ਸੀ.ਬੀ.ਐਸ.ਈ ਰਿਸੋਰਸ ਪਰਸਨ ਵਜੋਂ ਭੂਮਿਕਾ ਨਿਭਾਈ।ਉਹਨਾਂ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਬੱਚਿਆਂ ਵਿੱਚ ਮਾਨਸਿਕ ਸਿਹਤ 'ਤੇ ਬੇਹੱਦ ਕਮਜ਼ੋਰੀ ਪਾਈ ਜਾਣ ਲੱਗੀ ਹੈ। ਉਹਨਾਂ ਦੱਸਿਆ ਕਿ ਬੱਚੇ ਅਜੋਕੇ ਸਮੇਂ ਵਿੱਚ ਆਪਣੇ ਰਸਤੇ ਤੋਂ ਅਤੇ ਸਹੀ ਟੀਚੇ ਤੋਂ ਭਟਕਦੇ ਜਾ ਰਹੇ ਹਨ। ਸੋ ਉਹਨਾਂ ਦੀ ਦਿਮਾਗੀ ਪਰੇਸ਼ਾਨੀ ਤੋਂ ਉਹਨਾਂ ਨੂੰ ਬਾਹਰ ਕੱਢਣ 'ਚ ਅਧਿਆਪਕ ਇੱਕ ਅਹਿਮ ਰੋਲ ਅਦਾ ਕਰ ਸਕਦਾ ਹੈ। ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਬੱਚਿਆਂ ਨਾਲ ਲਗਾਤਾਰ ਕੌਂਸਲਿੰਗ ਦੇ ਜ਼ਰੀਏ ਅਤੇ ਉਹਨਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਪਰੇਸ਼ਾਨੀਆਂ ਦਾ ਹੱਲ ਕੱਢ ਸਕੀਏ ਅਤੇ ਉਹਨਾਂ ਨੂੰ ਸਹੀ ਰਸਤੇ 'ਤੇ ਪਾ ਸਕੀਏ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਦੱਸਿਆ ਕਿ ਅਸੀਂ ਰਾਸ਼ਟਰ ਨਿਰਮਾਤਾ ਹਾਂ। ਜੇਕਰ ਅਸੀਂ ਚਾਹੁੰਦੇ ਹਾਂ ਕਿ ਬੱਚੇ ਭਵਿੱਖ ਵਿੱਚ ਉੱਚੇ ਅਹੁਦਿਆਂ 'ਤੇ ਬੈਠ ਕੇ ਇਸ ਦੇਸ਼ ਦੀ ਤਰੱਕੀ ਦੇ ਵਿੱਚ ਹਿੱਸਾ ਪਾਉਣ, ਤਾਂ ਇਸ ਲਈ ਜ਼ਰੂਰੀ ਹੈ ਕਿ ਅਸੀਂ ਬੱਚਿਆਂ ਦਾ ਸਰਵਪੱਖੀ ਵਿਕਾਸ ਕਰੀਏ ਤੇ ਅੱਜ ਦੀ ਇਸ ਵਰਕਸ਼ਾਪ 'ਚ ਇਸ ਮੁੱਦੇ ਦੇ ਉੱਤੇ ਰੋਸ਼ਨੀ ਪਾਈ ਗਈ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਸੰਜੀਵ ਕੁਮਾਰ, ਜਗਬੰਧਨ ਸਿੰਘ, ਰਾਜਬੀਰ ਕੌਰ, ਵਿਸ਼ਾਲੀ, ਸੁਮੀਤ ਕੌਰ, ਬਲਜੀਤ ਕੌਰ, ਹਰਜੀਤ, ਸੁਮਨ, ਨੇਹਾ, ਰਜਮੀਤ, ਹਰਮਿੰਦਰ, ਇਕਬਾਲ, ਹਰਮਿੰਦਰ, ਸੋਨੂ, ਪਰਮਜੀਤ ਕੌਰ, ਪੂਜਾ,ਅਰਚਣਾ, ਗੁਰਪ੍ਰੀਤ, ਗੁਰਦੇਵ ਸਿੰਘ, ਹਰਜੀਤ ਸਿੰਘ, ਬਾਕੀ ਸਟਾਫ ਮੈਂਬਰ ਵੀ ਮੌਜੂਦ ਸਨ।

# 'ਮਿਸ਼ਨ-ਇੱਕ ਜੱਜ ਇੱਕ ਰੁੱਖ' ਤਹਿਤ ਪੌਦੇ ਲਾਏ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ, ਜਸਟਿਸ ਦੀਪਕ ਸਿੱਬਲ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੁਲ ਕਸਾਨਾ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀ ਕੰਪਲੈਕਸ, ਮੋਹਾਲੀ, ਸਬ-ਡਵੀਜ਼ਨ ਖਰੜ ਅਤੇ ਡੇਰਾਬੱਸੀ ਵਿਖੇ ਮਿਸ਼ਨ-ਇੱਕ ਜੱਜ ਇੱਕ ਰੁੱਖ ਮੁਹਿੰਮ ਅਧੀਨ ਜੁਡੀਸ਼ੀਅਲ ਅਧਿਕਾਰੀਆਂ ਅਤੇ ਸਟਾਫ਼ ਰਾਹੀਂ 500 ਪੌਦੇ ਲਗਾਏ ਗਏ।ਇਹ ਜਾਣਕਾਰੀ ਦਿੰਦਿਆਂ ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਇਸ ਮੌਕੇ 'ਤੇ ਜ਼ਿਲ੍ਹਾ ਅਤੇ ਸੈਸ਼ਨ ਜੱਜੀ ਅਤੁਲ ਕਸਾਨਾ ਵਲੋਂ ਜੁਡੀਸ਼ੀਅਲ ਅਧਿਕਾਰੀਆਂ ਨੂੰ ਉਨ੍ਹਾਂ ਵਲੋਂ ਲਗਾਏ ਗਏ ਪੌਦਿਆਂ ਦੀ ਸਾਂਭ-ਸੰਭਾਲ ਸਬੰਧੀ ਪ੍ਰੇਰਿਤ ਕੀਤਾ ਗਿਆ ਅਤੇ ਵਾਤਾਵਰਨ ਨੂੰ ਸਾਫ-ਸੁਥਰਾ ਅਤੇ ਹਰਿਆ-ਭਰਿਆ ਬਣਾਈ ਰੱਖਣ ਵਿਚ ਬਣਦਾ ਯੋਗਦਾਨ ਪਾਉਣ ਲਈ ਸਹੁੰ ਚੁਕਾਈ ਗਈ।ਸ਼੍ਰੀਮਤੀ ਪਰਾਸ਼ਰ ਨੇ ਅੱਗੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਰਾਜ ਪੱਧਰ 'ਤੇ 'ਹਰ ਮਨੁੱਖ ਲਾਵੇ ਇੱਕ ਰੁੱਖ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿਚ ਸਮੂਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਪੰਜਾਬ ਭਰ ਵਿੱਚ ਕੁੱਲ 5 ਲੱਖ ਪੌਦੇ ਲਗਾਉਣ ਦਾ ਟੀਚਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਵਾਤਾਵਰਣ ਦੀ ਰੱਖਿਆ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ।ਇਸ ਮੁਹਿੰਮ ਅਧੀਨ ਜ਼ਿਲ੍ਹਾ ਕਚਹਿਰੀ ਕੰਪਲੈਕਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਸਮੂਹ ਜੁਡੀਸ਼ੀਅਲ ਅਧਿਕਾਰੀਆਂ ਵਲੋਂ ਪੌਦੇ ਲਗਾਏ ਗਏ ਹਨ।

# ਜਸਵੀਰ ਰਾਜਾ ਗਿੱਲ ਨੇ ਬਾਬਕ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਅੱਡਾ ਸਰਾਂ (ਜਸਵੀਰ ਕਾਜਲ)**- ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਨੂੰ ਵਿਕਾਸ ਪੱਖੋਂ ਪੂਰਾ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਹਨ ਅਤੇ ਇਹ ਵਿਕਾਸ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ ਇਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਬਾਬਕ ਵਿੱਚ ਹੋਏ ਇੱਕ ਸਮਾਗਮ ਦੌਰਾਨ।ਸਰਪੰਚ ਪਿੰਡ ਬਾਬਕ ਪਿੰਕੀ ਰਾਣੀ ਤੇ ਜਥੇਦਾਰ ਅਵਤਾਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੌਰਾਨ ਗ੍ਰਾਮ ਪੰਚਾਇਤ ਦੀ ਨੁਮਾਇੰਦਿਆਂ ਤੋਂ ਇਲਾਵਾ ਹੋਰਨਾ ਪਿੰਡ ਵਾਸੀਆਂ ਨੇ ਵੀ ਭਾਗ ਲਿਆ।ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜ ਜਿਵੇਂ ਕਿ ਪਿੰਡ ਵਿੱਚ ਸੀਵਰੇਜ ਦੀ ਵਿਵਸਥਾ, ਪਿੰਡ ਦੇ ਛੱਪੜ ਨੂੰ ਮਾਡਲ ਬਣਾਉਣਾ, ਪਿੰਡ ਦੀਆਂ ਗਲੀਆਂ ਨਾਲੀਆਂ ਬਣਾਉਣਾ ਤੇ ਹੋਰ ਵੀ ਵਿਕਾਸ ਕਾਰਜ ਸ਼ਾਮਲ ਸਨ।ਇਸ ਸਮੇਂ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਦੇ ਹਰੇਕ ਖੇਤਰ ਅੰਦਰ ਵਿਕਾਸ ਹੋ ਰਿਹਾ ਹੈ। ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਲਕਾ ਟਾਂਡਾ ਦੇ ਵਾਸਤੇ ਵਿਸ਼ੇਸ਼ ਗਰਾਂਟਾਂ ਜਾਰੀ ਕੀਤਾ ਜਾ ਰਹੀਆਂ ਹਨ ਤਾਂ ਜੋ ਹਲਕੇ ਦੇ ਪਿੰਡ ਵਿਕਾਸ ਪੱਖੋਂ ਸੰਪੂਰਨ ਹੋ ਸਕਣ।ਇਸ ਮੌਕੇ ਵਿਧਾਇਕ ਰਾਜਾ ਗਿੱਲ ਨੇ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦਾ ਵੀ ਲੋਕਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ।ਇਸ ਸਮੇਂ ਸਮੂਹ ਗ੍ਰਾਮ ਪੰਚਾਇਤ ਵੱਲੋਂ ਸਰਪੰਚ ਪਿੰਕੀ ਰਾਣੀ ਅਤੇ ਜਥੇਦਾਰ ਅਵਤਾਰ ਸਿੰਘ ਖਾਲਸਾ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਕੁਲਦੀਪ ਸਿੰਘ, ਕੁਲਬੀਰ ਸਿੰਘ, ਸੁਖਦੇਵ ਸਿੰਘ ਹਰਭਜਨ ਸਿੰਘ, ਸੁਖਬੀਰ ਸਿੰਘ ਬਾਵਕ ਇਕਬਾਲ ਸਿੰਘ, ਅਮਰਿੰਦਰ ਸਿੰਘ ਡਾਕਟਰ ਰਣਜੀਤ ਸਿੰਘ, ਬੀਬੀ ਰਣਜੀਤ ਕੌਰ ਪੰਚ ਤਰਲੋਚਨ ਸਿੰਘ, ਜੈ ਸਿੰਘ ਵੀ ਹਾਜ਼ਰ ਸਨ।

# 'ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ' ਵੱਲੋਂ ਸੂਬਾਈ ਕਨਵੈਨਸ਼ਨ ਤੇ ਰੋਹ ਭਰਪੂਰ ਮਾਰਚ

**ਜਲੰਧਰ (ਰਾਜੇਸ਼ ਥਾਪਾ)**- 'ਮਨਰੇਗਾ ਵਰਕਰਜ ਯੂਨੀਅਨ ਪੰਜਾਬ' ਵੱਲੋਂ ਦੇਸ਼ ਭਗਤ ਯਾਦਗਾਰ ਜਲੰਧਰ 'ਚ ਪਰਮਜੀਤ ਕੌਰ ਹੁਸ਼ਿਆਰਪੁਰ, ਬਲਵਿੰਦਰ ਕੌਰ ਹਾਜੀਪੁਰ, ਸਰਪੰਚ ਮੀਨਾ ਕੌਰ ਤਰਨ ਤਾਰਨ, ਰੇਖਾ ਰਾਣੀ ਨਵਾਂਸ਼ਹਿਰ, ਸਤਪਾਲ ਸਹੋਤਾ ਜਲੰਧਰ, ਮਨੀਸ਼ਾ ਦੇਵੀ ਪਠਾਨਕੋਟ ਦੀ ਪ੍ਰਧਾਨਗੀ ਹੇਠ ਮਾਝਾ-ਦੋਆਬਾ ਜੋਨ ਦੀ ਨੁਮਾਇੰਦਾ ਕਨਵੈਨਸ਼ਨ ਸੱਦੀ ਗਈ।ਕਨਵੈਨਸ਼ਨ ਦੀ ਸਮਾਪਤੀ ਤੋਂ ਪਿੱਛੋਂ ਕੇਂਦਰੀ ਸਰਕਾਰ ਦੀਆਂ ਮਨਰੇਗਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਅਤੇ ਪ੍ਰਾਂਤਕ ਸਰਕਾਰ ਦੀ ਮਨਰੇਗਾ ਪ੍ਰਤੀ ਮੁਜ਼ਰਮਾਨਾ ਬੇਰੁਖੀ ਖਿਲਾਫ਼ ਸ਼ਹਿਰ 'ਚ ਰੋਹ ਭਰਪੂਰ ਮਾਰਚ ਵੀ ਕੀਤਾ ਗਿਆ।ਦਿਹਾਤੀ ਮਜਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਤੇ ਜਮਹੂਰੀ ਕਿਸਾਨ ਸਭਾ ਦੇ ਮੀਤ ਪ੍ਰਧਾਨ ਪ੍ਰਗਟ ਸਿੰਘ ਜਾਮਾਰਾਏ ਨੇ ਸੂਬਾ ਕਨਵੀਨਰ ਦੀਪਕ ਹੁਸ਼ਿਆਰਪੁਰ ਵੱਲੋਂ ਪੇਸ਼ ਕੀਤੇ ਗਏ ਲਿਖਤੀ ਪਹੁੰਚ ਪੱਤਰ ਦੀ ਰੋਸ਼ਨੀ 'ਚ ਵਿਚਾਰ ਰੱਖੇ।ਹਾਜ਼ਰ ਪ੍ਰਤੀਨਿਧਾਂ ਨੇ ਜੋਸ਼ੀਲੇ ਨਾਅਰਿਆਂ ਦੀ ਗੂੰਜ ਦਰਮਿਆਨ ਪਹੁੰਚ ਪੱਤਰ ਵਿਚਲੀ ਸੇਧ ਅਤੇ ਸੁਝਾਏ ਗਏ ਭਵਿੱਖੀ ਕਾਰਜਾਂ ਨੂੰ ਦੋਵੇਂ ਹੱਥ ਖੜ੍ਹੇ ਕਰਕੇ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ।





ਬੁਲਾਰਿਆਂ ਨੇ ਦੋਸ਼ ਲਾਇਆ ਹੈ ਕਿ 20 ਸਾਲ ਬੀਤ ਜਾਣ ਪਿਛੋਂ ਵੀ ਹਕੂਮਤਾਂ ਤੇ ਪ੍ਰਸ਼ਾਸਨਿਕ ਮਸ਼ੀਨਰੀ ਮਗਨਰੇਗਾ ਕਾਨੂੰਨ ਨੂੰ ਸਹੀ ਭਾਵਨਾ ਨਾਲ ਲਾਗੂ ਨਹੀਂ ਕਰ ਰਹੇ। ਕਿਸੇ ਵੀ ਰਜਿਸਟਰਡ ਕਿਰਤੀ ਨੂੰ ਸਾਲ 'ਚ 100 ਦਿਨ ਦਾ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਸਮੇਂ ਸਿਰ ਮਿਹਨਤਾਨਾ ਤੇ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ।ਇਸੇ ਸਾਜ਼ਿਸ਼ ਤਹਿਤ ਕੇਂਦਰ ਵਿਚਲੀ ਮੋਦੀ ਦੀ ਅਗਵਾਈ ਵਾਲੀ ਸਿਰੇ ਦੀ ਦਲਿਤ-ਮਜ਼ਦੂਰ ਤੇ ਔਰਤ ਵਿਰੋਧੀ ਭਾਜਪਾ ਸਰਕਾਰ ਹਰ ਸਾਲਾਨਾ ਬਜਟ ਵਿਚ ਮਨਰੇਗਾ ਫੰਡਾਂ 'ਚ ਕਟੌਤੀ ਕਰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਨੂੰ, ਮਨਰੇਗਾ ਕਾਮਿਆਂ ਨੂੰ ਧਰਮ, ਜਾਤ, ਰੰਗ, ਬੋਲੀ, ਲਿੰਗਕ ਅਧਾਰ 'ਤੇ ਵੰਡਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣਾ ਹੋਵੇਗਾ। ਉਨ੍ਹਾਂ ਮਨਰੇਗਾ ਦੀ ਰਾਖੀ ਲਈ ਮਜ਼ਬੂਤ ਸੰਗਠਨ ਖੜ੍ਹਾ ਕਰਨ ਅਤੇ ਤਿੱਖੇ, ਬੱਝਵੇਂ, ਆਜ਼ਾਦਾਨਾ ਤੇ ਸਾਂਝੇ ਘੋਲ ਵਿੱਢਣ ਦਾ ਸੱਦਾ ਦਿਤਾ।ਇਸ ਮੌਕੇ ਸਰਵ ਸੰਮਤੀ ਨਾਲ ਪ੍ਰਵਾਨ ਕੀਤੇ ਇਕ ਮਤੇ ਰਾਹੀਂ ਕੇਂਦਰੀ ਟਰੇਡ ਯੂਨੀਅਨਾਂ ਤੇ ਆਜ਼ਾਦ ਫੈਡਰੇਸ਼ਨਾਂ ਵਲੋਂ 9 ਜੁਲਾਈ ਦੀ ਕੌਮੀ ਹੜਤਾਲ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਨਿਰਣਾ ਲਿਆ ਗਿਆ ਹੈ।ਹਰ ਪਿੰਡ 'ਚ ਯੂਨੀਅਨ ਦੀ ਈਕਾਈ ਕਾਇਮ ਕਰਕੇ ਇਲਾਕਾ, ਤਹਿਸੀਲ, ਜਿਲ੍ਹਾ ਪੱਧਰ ਦੀਆਂ ਚੋਣਾਂ ਕਰਵਾਉਣ ਪਿਛੋਂ ਮੈਂਬਰਸ਼ਿਪ ਦੇ ਆਧਾਰ 'ਤੇ ਸੂਬਾਈ ਅਜਲਾਸ ਸੱਦਣ ਦਾ ਵੀ ਫੈਸਲਾ ਕੀਤਾ ਗਿਆ ਹੈ।

# ਫਗਵਾੜਾ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਵੱਲੋਂ ਵਰਕਸ਼ਾਪ ਦਾ ਆਯੋਜਨ

**ਫਗਵਾੜਾ (ਡਾ. ਰਮਨ)**- ਪੰਜਾਬ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਰਜਿਸਟ੍ਰੇਸ਼ਨ ਦੀ ਅਗਵਾਈ ਹੇਠ ਐਸੋਸੀਏਸ਼ਨ ਦੀ ਸਥਾਨਕ ਇਕਾਈ ਫਗਵਾੜਾ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਰਜਿਸਟ੍ਰੇਸ਼ਨ ਵੱਲੋਂ ਹੋਟਲ ਮਿਰਾਕਲ, ਬੰਗਾ ਰੋਡ, ਫਗਵਾੜਾ ਵਿਖੇ ਅੰਤਰਰਾਸ਼ਟਰੀ ਕੈਮਰਾ ਕੰਪਨੀ ਕੈਨਨ ਦੀ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਕੈਨਨ ਕੰਪਨੀ ਦੇ ਸਲਾਹਕਾਰ ਸੁਖਵਿੰਦਰ ਅਤੇ ਸਿਨੇ ਲਾਈਨ ਮਾਹਰ ਦਲਵੀਰ ਮੱਟੂ, ਗੁਰਦੀਪ ਸਿੰਘ, ਕੁਲਦੀਪ ਫੋਤੇਦਾਰ ਅਤੇ ਗੁਪਤਾ ਫੋਟੋ ਗੁੱਡਜ਼ ਦੇ ਡੱਬੂ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਸਮੇਂ ਦੌਰਾਨ ਕੰਪਨੀ ਦੇ ਨੁਮਾਇੰਦਿਆਂ ਨੇ ਫੋਟੋਗ੍ਰਾਫ਼ਰਾਂ ਨੂੰ ਤਕਨੀਕੀ ਹੁਨਰ ਸਿਖਾਏ। ਇਸ ਤੋਂ ਪਹਿਲਾਂ ਕੰਪਨੀ ਦੇ ਪਤਵੰਤਿਆਂ ਦੇ ਆਉਣ 'ਤੇ ਐਸੋਸੀਏਸ਼ਨ ਦੇ ਸ਼ਾਖਾ ਪ੍ਰਧਾਨ ਰਾਮ ਕੁਮਾਰ ਜੋਸ਼ੀ ਦੀ ਅਗਵਾਈ ਹੇਠ ਮੌਜੂਦ ਫੋਟੋਗ੍ਰਾਫ਼ਰਾਂ ਦੇ ਸਮੂਹ ਦੁਆਰਾ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਤਕਨੀਕੀ ਮਾਹਰਾਂ ਸੁਖਵਿੰਦਰ ਸਿੰਘ, ਦਲਵੀਰ ਮੱਟੂ ਅਤੇ ਹੋਰਨਾਂ ਨੇ ਫੋਟੋਗ੍ਰਾਫ਼ਰਾਂ ਨੂੰ ਕੈਨਨ ਦੇ ਨਵੀਨਤਮ ਕੈਮਰਿਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਿਆ ਅਤੇ ਸਿਨੇ ਲਾਈਨ ਕੈਮਰਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਫੋਟੋਗ੍ਰਾਫੀ ਦਾ ਭਵਿੱਖ ਸਿਨੇਮਾ ਲਾਈਨ ਕੈਮਰਿਆਂ 'ਤੇ ਅਧਾਰਤ ਹੈ। ਵਪਾਰਕ ਫੋਟੋਗ੍ਰਾਫੀ ਲਈ ਆਉਣ ਵਾਲੇ ਨਵੇਂ ਮਾਡਲ ਕੈਮਰੇ ਸਾਨੂੰ ਰਵਾਇਤੀ ਫੋਟੋਗ੍ਰਾਫੀ ਅਤੇ ਸਿਨੇਮੈਟਿਕ ਫੋਟੋਗ੍ਰਾਫੀ ਦੇ ਖੇਤਰ ਵਿੱਚ ਬਹੁਤ ਅੱਗੇ ਲੈ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਿਆਹ ਦੀ ਫੋਟੋਗ੍ਰਾਫੀ ਤੋਂ ਇਲਾਵਾ ਫੋਟੋਗ੍ਰਾਫਰ ਹੁਣ ਫੀਚਰ ਫਿਲਮਾਂ, ਓ ਟੀ ਟੀ ਪਲੇਟਫਾਰਮਾਂ ਅਤੇ ਸੰਗੀਤ ਵੀਡੀਓਜ਼ ਦੇ ਖੇਤਰ ਵਿੱਚ ਵੀ ਵਧੀਆ ਪ੍ਰਦਰਸ਼ਨ ਕਰ ਸਕਦੇ ਹਨ। ਇਸ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਪੀ ਪੀ ਏ ਪੰਜਾਬ ਵੱਲੋਂ 16 ਅਤੇ 17 ਅਗਸਤ ਨੂੰ ਲੁਧਿਆਣਾ ਵਿੱਚ ਆਯੋਜਿਤ ਕੀਤੇ ਜਾ ਰਹੇ ਪੰਜਾਬ ਫੋਟੋ ਮੇਲਾ-2025 ਦੇ ਪੋਸਟਰ ਦਾ ਉਦਘਾਟਨ ਕੀਤਾ। ਇਸ ਵਰਕਸ਼ਾਪ ਵਿੱਚ ਐਸੋਸੀਏਸ਼ਨ ਦੇ ਚੇਅਰਮੈਨ ਰਾਕੇਸ਼ ਸ਼ਰਮਾ, ਸਕੱਤਰ ਜਤਿੰਦਰ ਕੁਮਾਰ, ਕੈਸ਼ੀਅਰ ਰਾਕੇਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਪਾਲ ਲਾਟੂ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਯਸ਼ਪਾਲ ਤੋਂ ਇਲਾਵਾ ਰਾਕੇਸ਼ ਚੰਦਰ ਸ਼ਰਮਾ, ਰਾਕੇਸ਼ ਸ਼ਰਮਾ, ਰਾਜ ਕਪੂਰ ਤੇਜੀ, ਸੁਧੀਰ ਹੈਲਨ, ਹਰਜੀਤ ਸਿੰਘ, ਵਿਜੇ ਕੁਮਾਰ, ਗੁਰਮੁੱਖ ਸਿੰਘ, ਗੋਵਿੰਦ ਧੀਮਾਨ, ਸੰਜੀਵ ਸਾਹਨੀ, ਮਨੋਜ ਕੁਮਾਰ, ਵਰਿੰਦਰ ਸਿੰਘ, ਜਸਪਾਲ ਸਿੰਘ, ਸੰਜੀਵ ਕੁਮਾਰ, ਸੁਰਿੰਦਰ ਕੁਮਾਰ, ਸੰਦੀਪ ਸ਼ਰਮਾ, ਸੁਮਿਤ ਖੰਨਾ, ਗੁਰਮੀਤ, ਸ਼ਰਨਜੀਤ ਸਿੰਘ, ਸਾਹਿਲ, ਅਨਿਲ ਕੁਮਾਰ, ਅਮਿਤ ਸਿੰਘ, ਮਦਨ ਲਾਲ, ਰਮੇਸ਼ ਕੁਮਾਰ, ਰਾਹੁਲ ਕੁਮਾਰ, ਦੀਪਕ ਕੁਮਾਰ, ਜਸਵਿੰਦਰ ਸਿੰਘ, ਹਰਮੀਤ ਸਿੰਘ ਆਦਿ ਹਾਜ਼ਰ ਸਨ।



# ਪੁਲਸ ਨਾਕੇ ਦੇ ਨੱਕ ਹੇਠ ਤਿੰਨ ਦੁਕਾਨਾਂ 'ਚ ਚੋਰੀ

**ਮਾਹਿਲਪੁਰ (ਸ.ਫਰੀ)**- ਮਾਹਿਲਪੁਰ ਵਿੱਚ ਚੋਰਾਂ ਨੇ ਪੂਰੀ ਤਰ੍ਹਾਂ ਆਤੰਕ ਫਲਾਇਆ ਹੋਇਆ ਹੈ।ਪੰਦਰਾਂ ਕੁ ਦਿਨ ਪਹਿਲਾਂ ਰਾਤ ਸਮੇਂ ਚੋਰਾਂ ਨੇ ਤਿੰਨ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਵਿਚ ਦੋ ਮੈਡੀਕਲ ਸਟੋਰ ਸਨ।ਬੀਤੀ ਰਾਤ ਫੇਰ ਤਿੰਨ ਮੈਡੀਕਲ ਸਟੋਰਾਂ ਦੇ ਜ਼ਿੰਦਰੇ ਭੰਨ੍ਹ ਕੇ ਚੋਰੀ ਨੂੰ ਅੰਜਾਮ ਦਿਤਾ, ਜਿਨ੍ਹਾਂ ਵਿੱਚੋਂ ਦੋ ਦੁਕਾਨਾਂ ਤਾਂ ਬਿਲਕੁਲ ਪੁਲਸ ਨਾਕੇ ਦੇ ਨਜ਼ਦੀਕ ਹਨ, ਜਿਥੇ ਪੁਲਸ ਹਮੇਸ਼ਾ ਤਾਇਨਾਤ ਰਹਿੰਦੀ ਹੈ।ਮਾਹਿਲਪੁਰ ਵਿੱਚ ਫਗਵਾੜਾ ਰੋਡ 'ਤੇ ਸਥਿਤ ਸੱਚਦੇਵਾ ਮੈਡੀਕਲ ਸਟੋਰ ਦੇ ਮਾਲਕ ਸੁਭਾਸ਼ ਦੇਵਾ ਵਾਸੀ ਮਾਹਿਲਪੁਰ ਨੇ ਦੱਸਿਆ ਕਿ ਜਦੋਂ ਸਵੇਰੇ ਅਸੀਂ ਦੁਕਾਨ ਖੋਲ੍ਹਣ ਲੱਗੇ ਤਾਂ ਦੇਖਿਆ ਜੰਦਰੇ ਟੁੱਟੇ ਹੋਏ ਹਨ ਜਦ ਛਟਰ ਖੋਲ੍ਹ ਕੇ ਦੇਖਿਆ ਤਾਂ ਗੱਲੇ ਵਿੱਚੋਂ ਸੱਤ ਹਜ਼ਾਰ ਰੁਪਏ ਅਤੇ ਜ਼ਰੂਰੀ ਕਾਗਜ਼ਾਤ ਚੋਰੀ ਹੋ ਗਏ ਹਨ। ਇਸੀ ਤਰ੍ਹਾਂ ਜਦੋਂ ਜੇਜੋਂ ਰੋਡ ਨੇਹਾ ਮੈਡੀਕਲ ਸਟੋਰ ਦੇ ਮਾਲਿਕ ਰਵਿੰਦਰ ਕੁਮਾਰ ਪੁੱਤਰ ਮਹਿੰਦਰ ਦੱਤ ਵਾਸੀ ਮਾਹਿਲਪੁਰ ਨਾਲ ਗੱਲਬਾਤ ਕਰਨੀਂ ਚਾਹੀ ਤਾਂ ਉਹਨਾਂ ਨੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ।ਉਹਨਾਂ ਕਿਹਾ ਮੈਨੂੰ ਨਹੀਂ ਲਗਦਾ ਕਿ ਇਹ ਕੁਛ ਕਰਨ ਨਾਲ ਮੈਨੂੰ ਫਾਇਦਾ ਹੋ ਸਕੇ।ਫਿਰ ਉਹਨਾਂ ਨੇ ਬੜੀ ਮੁਸ਼ਕਲ ਨਾਲ ਕੁਝ ਦੱਸਿਆ ਕਿ ਚੋਰ, ਕੀਮਤੀ ਦੁਆਈਆਂ ਤੇ ਦਸ ਕੋ ਹਜ਼ਾਰ ਰੁਪਏ ਵੀ ਲੈ ਗਏ।ਜੇਜੋਂ ਰੋਡ 'ਤੇ ਗਣੇਸ਼ ਮੈਡੀਕਲ ਸਟੋਰ ਦੇ ਮਾਲਕ ਰਮਨ ਕੁਮਾਰ ਵਾਸੀ ਮਾਹਿਲਪੁਰ ਨੇ ਦੱਸਿਆ ਕਿ ਸੀ ਸੀ ਟੀਵੀ ਫੁਟਿਜ਼ ਤੋਂ ਦਿਸਦਾ ਹੈ ਕਿ ਸਵੇਰੇ ਸਾਢੇ ਕੁ ਚਾਰ ਵਜੇ ਡਿਜਾਇਰ ਵਿਚੋਂ ਇਕ ਨਕਾਬਪੋਛ ਵਿਅਕਤੀ ਨਿਕਲਦਾ ਹੈ ਤੇ ਮੇਰੀ ਦੁਕਾਨ ਦੇ ਜ਼ਿੰਦਰੇ ਭੰਨ ਕੇ ਦੁਕਾਨ ਵਿੱਚੋਂ ਦੋ ਕੋ ਹਜ਼ਾਰ ਰੁਪਏ ਅਤੇ ਤਿੰਨ ਮਹਿੰਗੇ ਮੋਬਾਇਲ ਲੈ ਗਿਆ।ਉਹਨਾਂ ਕਿਹਾ ਇੰਜ ਲੱਗ ਰਿਹਾ ਹੈ ਜਿਵੇਂ ਇਹ ਚੋਰ ਮੈਡੀਕਲ ਸਟੋਰ ਵਾਲਿਆਂ ਤੋਂ ਕਾਫੀ ਦੁਖੀ ਹੈ।ਕਿਉਂਕਿ ਕਾਫੀ ਸਮੇਂ ਤੋਂ ਚੋਰੀ ਕਰਨ ਲਈ ਮੈਡੀਕਲ ਸਟੋਰ ਹੀ ਨਿਸ਼ਾਨਾ ਬਣਾਏ ਜਾ ਰਹੇ ਹਨ।ਬਾਕੀ ਥਾਣਾ ਮਾਹਿਲਪੁਰ ਦੀ ਪੁਲਸ ਕਾਫੀ ਬਾਰੀਕੀ ਨਾਲ ਸੀ ਸੀ ਟੀਵੀ ਫੁਟਿਜ ਖੰਘਾਲ ਰਹੀ ਹੈ।ਥਾਣਾ ਮੁਖੀ ਗਗਨਦੀਪ ਸਿੰਘ ਸੇਖੋਂ ਨੇ ਕਿਹਾ ਕਿ ਚੋਰਾਂ ਨੂੰ ਬਹੁਤ ਜਲਦੀ ਕਾਬੂ ਕਰ ਲਿਆ ਜਾਵੇਗਾ।




# ਮਗਨਰੇਗਾ ਮਜ਼ਦੂਰਾਂ ਦੀ ਕਨਵੈਨਸ਼ਨ 'ਚ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ 'ਚ ਸ਼ਮੂਲੀਅਤ

**ਬੰਗਾ (ਅਵਤਾਰ ਕਲੇਰ)** ਮਗਨਰੇਗਾ ਵਰਕਰਜ ਯੂਨੀਅਨ ਪੰਜਾਬ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮੰਗਾਂ 'ਤੇ ਚਰਚਾ ਕਰਨ ਲਈ ਕਨਵੈਨਸ਼ਨ ਕਰਵਾਈ ਜਾ ਗਈ ਜਿਸ 'ਚ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਹਰਪਾਲ ਸਿੰਘ ਜਗਤਪੁਰ, ਸੋਢੀ ਰਾਮ ਸਾਬਕਾ ਸਰਪੰਚ, ਸੁਰਜੀਤ ਨੂਰਪੁਰ, ਬਲਵੀਰ ਰਾਮ ਬਘੌਰਾਂ, ਮਨਜੀਤ ਰਾਮ ਅਤੇ ਲਛਮੀ ਜਗਤਪੁਰ ਦੀ ਅਗਵਾਈ ਵਿੱਚ ਮਨਰੇਗਾ ਵਰਕਰਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਕਨਵੈਨਸ਼ਨ 'ਚ ਸ਼ਾਮਲ ਹੋਣ ਲਈ ਜਾਣ ਸਮੇਂ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਨੂੰ 700 ਪ੍ਰਤੀ ਦਿਨ ਦੀ ਦਰ ਨਾਲ ਉਜ਼ਰਤਾਂ ਦਿੱਤੀਆਂ ਜਾਣ। ਮਗਨਰੇਗਾ ਮਜ਼ਦੂਰਾਂ ਦਾ ਬੀਮਾ ਕੀਤਾ ਜਾਵੇ। ਮਜ਼ਦੂਰਾਂ ਨੂੰ ਦਿਹਾਤੀ ਖੇਤਰ ਵਿੱਚ ਪੰਜ-ਪੰਜ ਮਰਲੇ ਦੇ ਪਲਾਟ ਮੁਫ਼ਤ ਦਿੱਤੇ ਜਾਣ। ਇਸ ਕਾਫ਼ਲੇ ਵਿੱਚ ਹੋਰਨਾਂ ਤੋਂ ਇਲਾਵਾ ਸੁਰਜੀਤ ਰਾਮ, ਤਰਸੇਮ ਕੌਰ, ਰੇਖਾ ਰਾਣੀ, ਮਹਿੰਦਰ ਪਾਲ, ਨਿੰਦਰ ਪਾਲ, ਦੇਸ ਰਾਜ, ਹਰਮੇਸ਼ ਕੁਮਾਰ, ਅਮਰਜੀਤ, ਮਨਦੀਪ ਕੌਰ, ਲਕਸ਼ਮੀ ਦੇਵੀ, ਜਸਵਿੰਦਰ ਕੌਰ, ਕੇਵਲ ਰਾਮ, ਸਿੰਦਰਪਾਲ, ਪੁਸ਼ਪਾ ਦੇਵੀ, ਬਿੱਕਰ ਰਾਮ, ਨਿਰਮਲ ਰਾਮ, ਅਜੀਤ ਰਾਮ, ਬੀਬੀ ਮਿੰਦੋ, ਕੁਲਵਿੰਦਰ ਕੌਰ ਆਦਿ ਵਰਕਰ ਸ਼ਾਮਲ ਸਨ।



# ਦੁਰਗਾਪੁਰ 'ਚ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ 22 ਹਾੜ ਸਲਾਨਾ ਜੋੜ ਮੇਲਾ ਪਿੰਡ ਦੁਰਗਾਪੁਰ ਵਿਖੇ ਨਗਰ ਵਾਸੀਆਂ ਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾਪੂਰਵਕ ਤੇ ਧੂਮਧਾਮ ਨਾਲ ਮਨਾਇਆ ਗਿਆ। ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਅਖੰਡ ਪਾਠਾਂ ਦੇ ਭੋਗ ਪਾਏ ਗਏ, ਸਾਰੇ ਨਗਰ ਮੁਹੱਲਾ ਵਾਸੀਆਂ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ ਗਈ। ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ, ਚਾਹ-ਪਕੌੜਿਆਂ ਤੋਂ ਬਾਅਦ ਵੱਖ-ਵੱਖ ਪਕਵਾਨਾਂ ਅਤੇ ਮਠਿਆਈਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਵਿੱਚ ਰਾਗੀਆਂ ਢਾਡੀਆਂ ਨੇ ਕੀਰਤਨ ਦੁਆਰਾ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਨਿਹਾਲ ਕੀਤਾ।ਸੇਵਾ ਅਨੰਦਗੜ੍ਹ ਕਾਰ ਸੇਵਾ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੱਲੋਂ ਦਰਸਾਏ ਗਏ ਮੀਰੀ ਪੀਰੀ ਦੇ ਸਿਧਾਂਤ ਨਾਲ ਸੰਗਤ ਨੂੰ ਜਾਣੂ ਕਰਵਾਇਆ। ਇਸ ਦੌਰਾਨ ਗੁਰੂ ਦਾ ਲੰਗਰ ਵੀ ਲਗਾਇਆ ਗਿਆ। ਤਿੰਨ ਦਿਨ ਆਈਸ ਕਰੀਮ ਵੀ ਚਲਾਈ ਗਈ। ਅੰਬ, ਕੇਲੇ ਫਲ ਵੀ ਵੰਡੇ ਗਏ।

# ਪੁਲਸ ਦਾ ਧੱਕਾ ਬਰਦਾਸ਼ਤ ਨਹੀਂ : ਸੁਖਵਿੰਦਰ ਕੋਟਲੀ



**ਆਦਮਪੁਰ (ਪਰਮਜੀਤ ਸਿੰਘ)** ਪੁਲਸ ਗਰੀਬ ਲੋਕਾਂ ਨਾਲ ਧੱਕਾ ਕਰਕੇ ਝੂਠੇ ਪਰਚੇ ਦਰਜ ਕਰਦੀ ਹੈ, ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਮਿਲਣ ਪਹੁੰਚੇ ਆਦਮਪੁਰ ਸ਼ਹਿਰ ਦੇ ਲੋਕਾਂ ਨੇ ਸੁਣਾਏ ਦੁੱਖੜੇ। ਇਸ ਸੰਬੰਧੀ ਕੋਟਲੀ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੇ ਮਾਮਲਿਆਂ ਨੂੰ ਧਿਆਨ ਨਾਲ ਸੁਣਦਿਆਂ ਤੇ ਐਸ ਐਚ ਓ ਤੇ ਡੀ ਐਸ ਪੀ ਨਾਲ ਗੱਲ ਕੀਤੀ ਤੇ ਮਾਮਲਿਆਂ ਸੰਬੰਧੀ ਲੋਕਾਂ ਨੂੰ ਇਨਸਾਫ਼ ਦੇਣ ਲਈ ਕਿਹਾ, ਉਹਨਾਂ ਭਰੋਸਾ ਦਿੱਤਾ ਕਿ ਸਾਰੇ ਮਾਮਲੇ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦੇ ਹਨ ਤੇ ਜਰੂਰ ਹੱਲ ਕਰਾਂਗੇ।ਵਿਧਾਇਕ ਕੋਟਲੀ ਨੇ ਆਖਿਆ ਕਿ ਜੇਕਰ ਦੋ ਦਿਨਾਂ ਵਿੱਚ ਇਨਸਾਫ਼ ਨਾ ਮਿਲਿਆ ਤਾਂ ਹਮੇਸ਼ਾ ਦੀ ਤਰ੍ਹਾਂ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਾਂਗਾ, ਕਿਉਂਕਿ ਕਿ ਲੋਕਾਂ ਨੇ ਮੈਨੂੰ ਵਿਧਾਇਕ ਬਣਾਇਆ ਹੈ ਤੇ ਲੋਕਾਂ ਲਈ ਲੜਨਾ ਮੇਰਾ ਫਰਜ਼ ਹੈ। ਇਸ ਮੌਕੇ ਸ਼ਹਿਰੀ ਪ੍ਰਧਾਨ ਦਸ਼ਵਿੰਦਰ ਸਿੰਘ, ਕੌਂਸਲਰ ਭੁਪਿੰਦਰ ਸਿੰਘ ਭਿੰਦਾ, ਕੌਂਸਲਰ ਸ਼ੁਸ਼ਮਾ ਕੁਮਾਰੀ ਤੇ ਰਾਜ ਕੁਮਾਰ ਰਾਜੂ, ਕੌਂਸਲਰ ਜੋਗਿੰਦਰ ਪਾਲ, ਕੌਂਸਲਰ ਸੁਖਵਿੰਦਰ ਕੌਰ ਤੇ ਗੁਰਮੀਤ ਸਿੰਘ, ਬਾਬੂ ਗਿਆਨ ਚੰਦ ਐਸ ਸੀ ਵਿਭਾਗ, ਕੌਂਸਲਰ ਬੀਨਾ ਚੌਂਡਾ,ਵਰਨ ਚੌਂਡਾ, ਸੰਜੀਵ ਕੁਮਾਰ, ਅਜੇ ਸ਼ੰਗਾਰੀ, ਪਰਮਜੀਤ ਸੋਡੀ, ਜਤਿੰਦਰ ਆਵਲ ਤੇ ਗਿਆਨ ਚੰਦ ਬੇਗਮਪੁਰਾ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਦਿਹਾਣਾ ਵਿਖੇ ਪੀਰ ਬਾਬਾ ਬੱਗੂ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਦਰਬਾਰ ਪੀਰ ਬਾਬਾ ਬੱਗੂ ਸ਼ਾਹ ਦੀ ਮਜ਼ਾਰ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪੀਰ ਬਾਬਾ ਬੱਗੂ ਸ਼ਾਹ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਕਰਵਾਇਆ ਗਿਆ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਕਾਲਾ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਜੋੜ ਮੇਲੇ ਦੌਰਾਨ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਕਲਾਕਾਰ, ਨਕਾਲ, ਕਵਾਲ ਪਾਰਟੀਆਂ ਪੀਰਾਂ ਦੀ ਮਹਿਫ਼ਿਲ ਸਜਾਈ। ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਸਾਈ ਸੋਨੂੰ ਸ਼ਾਹ ਬੱਡਲਾ, ਸਾਈ ਮਨਜੀਤ ਸ਼ਾਹ ਊਨਾ ਹਿਮਾਚਲ ਪ੍ਰਦੇਸ਼, ਸਾਈ ਰਾਮ ਪ੍ਰਕਾਸ਼ ਸਾਬਕਾ ਸਰਪੰਚ, ਬਾਬਾ ਦਾਰਾ ਸਿੰਘ ਸੈਣੀ, ਸਾਈ ਘੱਨਈਆ ਦਾਸ ਦਿਹਾਣਾ, ਸਾਈ ਹਰੀਸ਼ ਸ਼ਾਹ ਬੋਹਣ, ਬਾਬਾ ਕਸ਼ਮੀਰਾ ਸਿੰਘ ਦਿਹਾਣਾ, ਪ੍ਰੋਫੈਸਰ ਅਮਰਜੀਤ ਸਿੰਘ ਦਿਹਾਣਾ, ਬਾਬਾ ਸੋਹਣ ਸਿੰਘ ਕੂਕੋਵਾਲ, ਬਾਬਾ ਕਾਲਾ ਭਲਵਾਨ ਆਦਿ ਫੱਕਰ ਫ਼ਕੀਰਾ ਨੇ ਪੁੱਜ ਕੇ ਹਾਜ਼ਰੀ ਭਰੀ।ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਫੱਕਰ ਫ਼ਕੀਰਾ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਜੋੜ ਮੇਲੇ ਮੌਕੇ ਲੁਧਿਆਣਾ ਤੋਂ ਸਮੂਹ ਸੰਗਤਾਂ ਵਲੋਂ ਝੰਡਾ ਅਤੇ ਚਾਦਰ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ।ਇਸ ਮੌਕੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਕਾਲਾ, ਮੇਜਰ ਸਿੰਘ ਮਾਟੀ, ਕਮਲ ਸ਼ਮਸ਼ੇਰ ਸਿੰਘ ਕੂਕੋਵਾਲ, ਰਜਿੰਦਰ ਕੌਰ, ਸੀਮਾ, ਰਵਨੀਤ ਕੌਰ, ਸੁੱਚਾ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਕੌਰ, ਤਰਲੋਚਨ ਸਿੰਘ ਸੈਣੀ, ਅਮਨਜੋਤ ਕੌਰ, ਮਿਸਤਰੀ ਜੋਗ ਰਾਜ, ਅਮਰਜੀਤ ਸਿੰਘ ਸੋਨਾ, ਜਸਵੀਰ ਸਿੰਘ, ਲਛਮਣ ਦਾਸ, ਵਿਜੈ ਕੁਮਾਰ, ਠੇਕੇਦਾਰ ਜਸਵੀਰ ਸਿੰਘ, ਇਕਬਾਲ ਸਿੰਘ ਪੰਚ, ਗੁਰਨਾਮ ਸਿੰਘ ਗਾਮਾ, ਬਲਦੇਵ ਰਾਜ ਫਗਵਾੜਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



# ਡੇਂਗੂ ਮਲੇਰੀਆ ਤੋਂ ਬਚਾਅ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ



**ਮਾਹਿਲਪੁਰ (ਸ.ਫਰੀ)**- ਸੀਨੀਅਰ ਮੈਡੀਕਲ ਅਫ਼ਸਰ ਪੀ ਐਚ ਯੂ ਪਾਲਦੀ ਦੀ ਅਗਵਾਈ ਹੇਠ ਪਿੰਡ ਪਿੰਡ ਜਾ ਕੇ ਮਲੇਰੀਆ ਅਤੇ ਚਿਕਨਗੁਨੀਆਂ ਜਹੀਆਂ ਨਾ ਮੁਰਾਦ ਬਿਮਾਰੀਆਂ ਤੋਂ ਬਚਾ ਰੱਖਣ ਲਈ ਜਾਗਰੂਕ ਕੀਤਾ।ਪਿੰਡ ਨੂਰਪੁਰ, ਘੁਮਿਆਲਾ ਅਦਿ ਪਿੰਡਾਂ ਵਿਚ ਜਾ ਕੇ, ਸੀ ਐਚ ਓ ਅਮਨਦੀਪ ਅਤੇ ਏ ਐਨ ਐਮ ਅਮਨਪ੍ਰੀਤ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਗਲੀਆਂ ਨਾਲੀਆਂ ਦੀ ਸਫਾਈ, ਖੜ੍ਹੇ ਗੰਦੇ ਪਾਣੀ, ਫਰਿੱਜਾਂ ਦੀਆਂ ਟਰੇਆਂ ਅਤੇ ਗਮਲਿਆਂ ਦਾ ਧਿਆਨ ਰੱਖਿਆ ਜਾਵੇ। ਇਸ ਮੌਕੇ ਅਮਨਦੀਪ ਸੀ ਐੱਚ ਓ, ਅਮਨਦੀਪ ਏ ਐਨ ਐਮ, ਰਮਨ ਕੁਮਾਰ ਅਤੇ ਆਸ਼ਾ ਵਰਕਰ ਮੌਜੂਦ ਸਨ।

# ਫਰਾਲਾ ਵਿਖੇ ਸੰਤਾਂ ਦੀ ਸਾਲਾਨਾ ਬਰਸੀ ਮਨਾਈ

**ਬੰਗਾ (ਅਵਤਾਰ ਕਲੇਰ)** ਡੇਰਾ ਬਾਬਾ ਦੁੱਧਾਧਾਰੀ ਮਹੰਤ ਗੁਰਬਚਨ ਦਾਸ ਨਗਰ ਫਰਾਲਾ ਵਿਖੇ ਸੰਤ ਮਹੰਤ ਪਿਰਥੀ ਦਾਸ, ਮਹੰਤ ਗੁਰਬਚਨ ਦਾਸ, ਮਹੰਤ ਧਿਆਨ ਦਾਸ ਦੀ ਸਾਲਾਨਾ ਬਰਸੀ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਦੀ ਰਹਿਨੁਮਾਈ ਹੇਠ ਮਨਾਈ ਗਈ। ਕਥਾ ਦੇ ਭੋਗ ਪਾਏ ਗਏ। ਸੰਤ ਸੁਰਿੰਦਰ ਦਾਸ ਡੇਰਾ ਅਟਾਰੀ ਅਤੇ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ।ਪੰਜਾਬ ਦੇ ਮਸ਼ਹੂਰ ਕਲਾਕਾਰ ਨੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ।ਸੰਤ ਪ੍ਰੇਮ ਦਾਸ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਦਰਬਾਰ 'ਤੇ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸੰਤ ਸੁਰਿੰਦਰ ਦਾਸ ਅਟਾਰੀ, ਸੰਤ ਪ੍ਰੇਮ ਦਾਸ, ਨਿਰਮਲ ਕੁਮਾਰ, ਡਾ ਸੁਰਿੰਦਰ ਪਾਲ, ਨਰੇਸ਼ ਕੁਮਾਰ, ਕਰਨ ਕੁਮਾਰ, ਮਨਦੀਪ ਸਿੰਘ, ਸੁਨੀਲ ਕੁਮਾਰ, ਜਸਵੰਤ ਰਾਏ, ਬਲਵਿੰਦਰ ਕੁਮਾਰ, ਚੇਤ ਰਾਮ, ਮਿਸਤਰੀ ਬਲਵੀਰ ਰਾਮ, ਦੇਸ ਰਾਜ, ਪੱਪੂ ਰਾਮ, ਸੁਰਿੰਦਰ ਪਾਲ, ਦੀਪੂ, ਗੋਪਾ ਆਦਿ ਹਾਜ਼ਰ ਸਨ।



# ਮਿੱਡ-ਡੇ-ਮੀਲ ਵਰਕਰ ਯੂਨੀਅਨ ਵੱਲੋਂ ਮੰਗਾਂ ਨਾ ਮੰਨਣ 'ਤੇ ਤਿੱਖੇ ਸੰਘਰਸ਼ ਦੀ ਚੇਤਾਵਨੀ

## ● 9 ਜੁਲਾਈ ਦੀ ਦੇਸ਼-ਵਿਆਪੀ ਹੜਤਾਲ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਹੁਸ਼ਿਆਰਪੁਰ ਦੀ ਮਿੱਡ -ਡੇ -ਮੀਲ ਵਰਕਰ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਅਤੇ ਪ੍ਰਧਾਨ ਆਸ਼ਾ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਿੱਡ -ਡੇ -ਮੀਲ ਵਰਕਰਾਂ ਨਾਲ਼ ਕੀਤੇ ਵਾਅਦਿਆਂ ਅਤੇ ਉਹਨਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ। ਉਹਨਾਂ ਕਿਹਾ ਕਿ ਉਹਨਾਂ ਦੀਆਂ ਮੁੱਖ ਮੰਗਾਂ ਵਿੱਚ ਤਨਖਾਹ ਵਿੱਚ ਵਾਧਾ ਕਰਨਾ, ਸਾਲ ਵਿੱਚ ਦੋ ਵਰਦੀਆਂ ਦੇਣਾ, ਮੁਫ਼ਤ ਮੈਡੀਕਲ ਦੀ ਸਹੂਲਤ ਅਤੇ ਮੈਡੀਕਲ ਛੁੱਟੀਆਂ ਲਾਗੂ ਕਰਨਾ, ਮਿੱਡ-ਡੇ-ਮੀਲ ਵਰਕਰਾਂ ਤੋਂ ਹੋਰ ਕੰਮ ਨਾ ਲੈਣਾ ਆਦਿ ਹਨ, ਜਿਨ੍ਹਾਂ ਦੀ ਪੂਰਤੀ ਲਈ ਉਹ ਸੰਘਰਸ਼ ਦੇ ਰਾਹ 'ਤੇ ਹਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਉਹਨਾਂ ਦੀ ਯੂਨੀਅਨ 9 ਜੁਲਾਈ ਦੀ ਦੇਸ਼ -ਵਿਆਪੀ ਹੜਤਾਲ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੇਗੀ ਅਤੇ ਉਹਨਾਂ ਵੱਲੋਂ ਪੰਜਾਬ ਸਰਕਾਰ ਦੇ ਲਾਰਿਆਂ ਦੀ ਨੀਤੀ ਵਿਰੁੱਧ 15 ਜੁਲਾਈ ਨੂੰ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਰੋਸ ਵਜੋਂ ਧਰਨਾ-ਮੁਜ਼ਾਹਰਾ ਰੱਖਿਆ ਗਿਆ ਹੈ। ਇਸ ਮੌਕੇ ਯੂਨੀਅਨ ਆਗੂਆਂ ਵੱਲੋਂ ਸਰਕਾਰ ਦੀ ਵਾਅਦਾ ਖਿਲਾਫ਼ੀ ਖਿਲਾਫ਼ ਅਤੇ ਜਲਦ ਮੰਗਾਂ ਨਾ ਮੰਨੇ ਜਾਣ 'ਤੇ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਸ਼ਾ ਰਾਣੀ ਭੁੱਲੇਵਾਲ ਰਾਠਾਂ, ਜਗਵਿੰਦਰ ਕੌਰ, ਮਲਕੀਤ ਕੌਰ, ਜੋਤੀ ਸ਼ਰਮਾ, ਜਸਮੀਤ ਕੌਰ, ਰਾਜ ਰਾਣੀ, ਚਰਨਜੀਤ ਕੌਰ, ਸੁੱਖਵਿੰਦਰ ਕੌਰ, ਕਮਲਜੀਤ ਕੌਰ, ਮੰਜੂ, ਮੀਨਾ ਕੁਮਾਰੀ, ਬਿਮਲਾ ਰਾਣੀ, ਆਸ਼ਾ ਰਾਣੀ, ਮਨਜੀਤ ਕੌਰ, ਰਾਜ ਰਾਣੀ, ਊਸ਼ਾ ਰਾਣੀ, ਸੁਰਿੰਦਰ ਕੌਰ, ਰਾਣੀ ਸਹਿਤ ਵੱਡੀ ਗਿਣਤੀ ਵਿੱਚ ਮਿੱਡ -ਡੇ -ਮੀਲ ਵਰਕਰ ਹਾਜ਼ਰ ਸਨ।




# ਪੰਜਾਬ ਰਾਜ ਸਹਿਕਾਰੀ ਬੈਂਕ ਨੇ ਈਕੋ ਪਲਾਂਟੇਸ਼ਨ ਐਸੋਸੀਏਸ਼ਨ ਦੇ ਸਹਿਯੋਗ ਨਾਲ ਰੁੱਖ ਲਗਾਉਣ ਦੀ ਮੁਹਿੰਮ ਚਲਾਈ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**— ਪੰਜਾਬ ਰਾਜ ਸਹਿਕਾਰੀ ਬੈਂਕ ਨੇ ਸ਼ਨੀਵਾਰ ਨੂੰ ਈਕੋ ਪਲਾਂਟੇਸ਼ਨ ਐਸੋਸੀਏਸ਼ਨ, ਮੋਹਾਲੀ ਦੇ ਸਹਿਯੋਗ ਨਾਲ ਰੁੱਖ ਲਗਾਉਣ ਦੀ ਮੁਹਿੰਮ ਚਲਾਈ। ਇਹ ਗਤੀਵਿਧੀ ਅੰਤਰਰਾਸ਼ਟਰੀ ਸਹਿਕਾਰੀ ਸਾਲ (ਆਈ.ਵਾਈ.ਸੀ.) 2025 ਦੇ ਜਸ਼ਨ ਦੇ ਸੰਬੰਧ ਵਿੱਚ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਹਿੱਸੇ ਵਜੋਂ ਕੀਤੀ ਗਈ।ਇਸ ਮੌਕੇ, ਨਵੇਂ ਵਿਕਸਤ ਪੂਰਬ ਅਪਾਰਟਮੈਂਟ ਚੌਂਕ, ਸੈਕਟਰ-78, ਮੋਹਾਲੀ ਨੇੜੇ ਸੜਕ ਦੇ ਕੰਢਿਆਂ 'ਤੇ ਪੌਦੇ ਲਗਾਏ ਗਏ। ਬੈਂਕ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ ਅਤੇ ਈਕੋ ਪਲਾਂਟੇਸ਼ਨ ਐਸੋਸੀਏਸ਼ਨ ਦੀ ਮਦਦ ਨਾਲ ਪੌਦੇ ਲਗਾਏ।ਬੈਂਕ ਦੇ ਚੇਅਰਮੈਨ ਜਗਦੇਵ ਸਿੰਘ ਬਾਮ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਈਕੋ ਪਲਾਂਟੇਸ਼ਨ ਐਸੋਸੀਏਸ਼ਨ ਵਾਤਾਵਰਣ ਦੀ ਰੱਖਿਆ ਅਤੇ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਲਈ ਇੱਕ ਸ਼ਾਨਦਾਰ ਕੰਮ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਰਾਜ ਸਹਿਕਾਰੀ ਬੈਂਕ ਇਸ ਨੇਕ ਕਾਰਜ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰ ਰਿਹਾ ਹੈ। ਈਕੋ ਪਲਾਂਟੇਸ਼ਨ ਐਸੋਸੀਏਸ਼ਨ ਨੂੰ ਚੇਅਰਮੈਨ ਵੱਲੋਂ ਵਾਤਾਵਰਣ ਨੂੰ ਬਚਾਉਣ ਲਈ ਉਨ੍ਹਾਂ ਦੇ ਬੇਮਿਸਾਲ ਯਤਨਾਂ ਲਈ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਬੈਂਕ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਸੰਧੂ (ਪੀ.ਸੀ.ਐਸ.) ਨੇ ਇਸ ਮੌਕੇ 'ਤੇ ਬੋਲਦੇ ਹੋਏ, ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਪ੍ਰਦੂਸ਼ਣ ਅਤੇ ਲਗਾਤਾਰ ਘਟਦੀ ਹਰੀ ਛਤਰੀ ਕਾਰਨ ਦੁਨੀਆ ਨੂੰ ਦਰਪੇਸ਼ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਧਰਤੀ ਲਗਭਗ ਪੰਜ ਸੌ ਮਿਲੀਅਨ ਸਾਲ ਪੁਰਾਣੀ ਹੈ ਅਤੇ ਪਿਛਲੇ 100 ਤੋਂ 200 ਸਾਲਾਂ ਵਿੱਚ ਵਾਤਾਵਰਣ ਦਾ ਜੋ ਵਿਗਾੜ ਹੋਇਆ ਹੈ, ਉਹ ਇਸ ਧਰਤੀ ਨੇ ਪੰਜ ਸੌ ਮਿਲੀਅਨ ਸਾਲਾਂ ਦੌਰਾਨ ਜੋ ਝੱਲਿਆ ਹੈ, ਉਸ ਤੋਂ ਕਿਤੇ ਵੱਧ ਹੈ।ਉਨ੍ਹਾਂ ਨੇ ਈਕੋ ਪਲਾਂਟੇਸ਼ਨ ਐਸੋਸੀਏਸ਼ਨ ਨੂੰ ਵਾਤਾਵਰਣ ਦੀ ਰੱਖਿਆ ਲਈ, ਉਨ੍ਹਾਂ ਦੇ ਯਤਨਾਂ ਵਿੱਚ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਐਸੋਸੀਏਸ਼ਨ ਦੇ ਮੈਂਬਰਾਂ ਨੇ ਵਾਤਾਵਰਣ ਦੀ ਰੱਖਿਆ ਲਈ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਇਮਾਨਦਾਰੀ ਅਤੇ ਪੂਰੇ ਦਿਲ ਨਾਲ ਸ਼ਮੂਲੀਅਤ ਲਈ ਬੈਂਕ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

# ਘੁੰਮਣਾ ਵਿਖੇ ਸਾਲਾਨਾ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**- ਦਰਬਾਰ ਹਜ਼ਰਤ ਪੀਰ ਬਾਬਾ ਗੁਲਾਮ ਸ਼ਾਹ ਜੀ ਘੁੰਮਣਾ ਵਿਖੇ ਸਾਲਾਨਾ ਮੇਲਾ ਗੱਦੀ ਮਾਈ ਮਾਣੇ ਸ਼ਾਹ ਜੀ ਦੀ ਰਹਿਨੁਮਾਈ, ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਲੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ। ਸਾਨੂੰ ਗੁਰੂਆਂ, ਪੀਰਾਂ, ਫ਼ਕੀਰਾਂ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਉਹਨਾਂ ਦਰਬਾਰ 'ਤੇ ਸ਼ੈੱਡ ਵਾਸਤੇ ਤਿੰਨ ਲੱਖ ਰੁਪਏ ਗ੍ਰਾਂਟ ਦੇਣ ਦਾ ਐਲਾਨ ਕੀਤਾ। ਗੱਦੀਨਸ਼ੀਨ ਮਾਈ ਮਾਣੇ ਸ਼ਾਹ ਅਤੇ ਪ੍ਰਬੰਧਕਾਂ ਵੱਲੋਂ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਸਨਮਾਨਤ ਕੀਤਾ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਪੰਜਾਬ ਦੇ ਮਸ਼ਹੂਰ ਕਲਾਕਾਰ ਸਾਇਦਾ ਬੇਗਮ, ਪਰਵੇਜ਼ ਆਲਮ, ਮਾਸ਼ਾ ਅਲੀ, ਯਾਸਿਰ ਹੁਸੈਨ, ਇਸ਼ਮਤ ਅਲੀ- ਸਲਾਮਤ ਅਲੀ, ਆਰ ਸਿਕੰਦਰ-ਬੀ ਕੌਰ, ਸੋਨਾ ਬੈਂਸ, ਰਿਪਨ ਬੰਗਾ, ਸੱਤੀ ਖੋਖੇਵਾਲੀਆ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਡਾ. ਕੁਲਦੀਪ ਬੈਂਸ ਸਾਬਕਾ ਸਰਪੰਚ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸੁਖਵਿੰਦਰ ਸਿੰਘ ਸਰਪੰਚ, ਲਵਪ੍ਰੀਤ ਸਿੰਘ, ਡਾ. ਸੰਘਾ, ਯੋਗੇਸ਼ ਕੁਮਾਰ ਸਾਬਕਾ ਸਰਪੰਚ, ਧਰਮਪਾਲ ਬੈਂਸ ਸਾਬਕਾ ਸਰਪੰਚ, ਰੇਸ਼ਮ ਸਿੰਘ ਘੁੰਮਣ, ਬਲਵਿੰਦਰ ਬਿੰਦਾ ਪੰਚ, ਪਾਲ ਬੈਂਸ ਨੰਬਰਦਾਰ, ਜਸਕਰਨ ਸਿੰਘ ਗਾਡੇ, ਰਜਿੰਦਰ ਸਿੰਘ ਪੁਰੇਵਾਲ, ਸੁਰਿੰਦਰ ਸਿੰਘ, ਅਮਰਜੀਤ ਬੈਂਸ, ਪਰਮਜੀਤ ਭੋਗਲ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



7 July Page-9.qxd 7/6/2025 10:28 PM Page 1



# 9 ਦੀ ਹੜਤਾਲ ਨੂੰ ਸਫਲ ਬਣਾਓ : ਮੱਖਣ ਵਾਹਿਦਪੁਰੀ

**ਕਾਲਾ ਸੰਘਿਆਂ (ਮਨਜੀਤ ਮਾਨ)** ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਸੰਜੀਵ ਕੌਂਡਲ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਨੇ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਖਿਲਾਫ ਦੇਸ਼ ਵਿਆਪੀ ਹੜਤਾਲ ਵਿੱਚ 9 ਜੁਲਾਈ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਕਿਉਂਕਿ ਆਪਣੀਆਂ ਮੰਗਾਂ ਨੂੰ ਹਾਸਲ ਕਰਨ ਲਈ ਇਕੋ ਇਕ ਰਸਤਾ ਅਪਣੇ ਹੱਕਾਂ ਲਈ ਹੜਤਾਲ ਦਾ ਹੀ ਹੈ। ਇਸ ਹੜਤਾਲ ਵਿੱਚ ਕੇਂਦਰੀ ਟਰੇਡ ਯੂਨੀਅਨਾ, ਮੁਲਾਜ਼ਮ ਫੈਡਰੇਸ਼ਨਾ, ਆਜਾਦ ਅਸੋਸੀਏਸ਼ਨਾ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਵੱਲੋਂ 9 ਜੁਲਾਈ ਨੂੰ ਕੇਂਦਰ ਦੀ ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਅਤੇ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਹੋਰ ਕਿਰਤੀ ਵਰਗ ਦੇ ਵਿਰੋਧੀ ਆਰਥਿਕ ਨੀਤੀਆਂ ਖਿਲਾਫ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ, ਇਸ ਹੜਤਾਲ ਵਿੱਚ ਦੇਸ਼ ਪੱਧਰ ਤੇ



ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ ਹੈ।ਸਾਂਝਾ ਫਰੰਟ ਵੱਲੋਂ ਆਪਣੇ ਫੈਸਲੇ ਤਹਿਤ 04 ਮਈ ਨੂੰ ਜਲੰਧਰ ਵਿਖੇ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਜੋ ਸਾਂਝੀ ਕਨਵੈਂਸ਼ਨ ਕੀਤੀ ਗਈ ਸੀ, ਉਸ ਵਿੱਚ ਸ਼ਮੂਲੀਅਤ ਕਰਕੇ ਹੜਤਾਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਸੀ। ਇਹ ਹੜਤਾਲ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਕੀਤੀ ਜਾ ਰਹੀ ਹੈ, ਉੱਥੇ ਪੰਜਾਬ ਅੰਦਰ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਹੋਰ ਕਿਰਤੀ ਵਰਗ ਵਿਰੋਧੀ ਨੀਤੀਆਂ ਦੇ ਖਿਲਾਫ ਵੀ ਕੀਤੀ ਜਾ ਰਹੀ ਹੈ।ਸੂਬਾ ਪ੍ਰਧਾਨ ਮੱਖਣ ਸਿੰਘ ਨੇ ਕਿਹਾ ਕਿ ਜਿੰਨਾ ਚਿਰ ਪੰਜਾਬ ਦੇ ਸਾਰੇ ਇਨਲਿਸਟਮੇਂਟ ਕਾਮੇ ,ਆਊਟਸੋਰਸ ਕਾਮੇ ਤੇ ਹਰ ਤਰਾਂ ਦੇ ਕੱਚੇ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਅਤੇ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਫੀਲਡ ਕਾਮਿਆਂ ਨੂੰ ਪ੍ਰਮੋਸ਼ਨ ਚੈਨਲ ਲਾਗੂ ਨਹੀਂ ਕੀਤਾ ਜਾਂਦਾ ਉਸ ਵਕਤ ਤੱਕ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਅਪਣੀਆਂ ਮੰਗਾਂ ਲਈ ਸੰਗਰਸ਼ ਕਰਦੀ ਰਹੇਗੀ ਇਸ ਲਈ ਯੂਨੀਅਨ ਦੇ ਸਾਰੇ ਸਾਥੀਆਂ ਨੂੰ ਬੇਨਤੀ ਹੈ ਕਿ ਜ਼ਿਲ੍ਹਾ ਪੱਧਰ ਤੇ ਬਾਕੀ ਸੰਗਠਨਾ ਨਾਲ ਤਾਲਮੇਲ ਕਰਕੇ ਹੜਤਾਲ ਕਰਨ ਉਪਰੰਤ ਸਾਂਝਾ ਫਰੰਟ ਦੇ ਬੈਨਰ ਹੇਠ ਆਪਣੇ ਆਪਣੇ ਸੰਗਠਨਾਂ ਵੱਲੋਂ ਸਾਂਝੇ ਐਕਸ਼ਨਾ ਵਿੱਚ ਸ਼ਮੂਲੀਅਤ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

# 9 ਦੀ ਦੇਸ਼ ਵਿਆਪੀ ਹੜਤਾਲ 4 ਲੇਬਰ ਕੋਡ ਵਾਪਸ ਲੈਣ ਲਈ ਮਜਬੂਰ ਕਰ ਦੇਵੇਗੀ : ਰੌੜੀ

**ਬਲਾਚੌਰ (ਜਸਵਿੰਦਰ ਬੈਂਸ)**- ਦੇਸ਼ ਦੀਆਂ ਵੱਖ ਵੱਖ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ, ਜਨਤਕ ਜਥੇਬੰਦੀਆਂ, ਕਿਸਾਨਾਂ ਮਜਦੂਰਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਪੰਜਾਬ ਅੰਦਰ ਸਨਅਤੀ ਕਾਮਿਆਂ, ਸਕੀਮ ਵਰਕਰਾਂ, ਕਿਸਾਨਾਂ, ਮਜਦੂਰਾਂ ਅਤੇ ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਵਿੱਚ ਬਹੁਤ ਹੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਹ ਸ਼ਬਦ ਸੀਟੂ ਦੇ ਪੰਜਾਬ ਪ੍ਰਧਾਨ ਮਹਾਂ ਸਿੰਘ ਰੌੜੀ ਨੇ ਸੀਟੂ ਵੱਲੋਂ ਸੂਬੇ ਅੰਦਰ ਹੜਤਾਲ ਨੂੰ ਕਾਮਯਾਬ ਕਰਨ ਲਈ ਵੱਖ ਵੱਖ ਜ਼ਿਲ੍ਹਿਆਂ 'ਚ ਸੀਟੂ ਨਾਲ ਸੰਬੰਧਿਤ ਜਥੇਬੰਦੀਆਂ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਹੇ। ਬਿਆਨ ਜਾਰੀ ਰੱਖਦਿਆਂ ਸੀਟੂ ਪ੍ਰਧਾਨ ਮਹਾਂ ਸਿੰਘ ਰੌੜੀ ਨੇ ਕਿਹਾ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਜਿਥੇ ਪਿਛਲੇ ਸਾਰੇ ਰਿਕਾਰਡ ਤੋੜੇਗੀ ਉਥੇ ਕੇਂਦਰ ਦੀ ਭਾਜਪਾ ਦੀ ਅਗੁਵਾਈ ਵਾਲੀ ਮੋਦੀ ਸਰਕਾਰ ਵੱਲੋਂ ਮਜਦੂਰ ਜਮਾਤ ਦੇ ਵਿਰੋਧ ਚ 44 ਕਿਰਤ ਕਾਨੂੰਨ ਤੋੜ ਕੇ ਪੂੰਜੀਪਤੀ ਕਾਰਖਾਨੇ ਦਾਰਾ ਨੂੰ ਲਾਭ ਦੇਣ ਦੇ ਮਕਸਦ ਲਈ ਬਣਾਏ 4 ਕੋਡਾਂ ਨੂੰ ਵਾਪਸ ਲੈਣ ਲਈ ਮਜਬੂਰ ਕਰ ਦੇਵੇਗੀ। ਉਹਨਾਂ ਕਿਹਾ ਕਿ ਸੀਟੂ ਪੰਜਾਬ ਸਰਕਾਰ ਵੱਲੋਂ ਬਣਾਈ ਲੈਂਡ ਪੂਲਿੰਗ ਨੀਤੀ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅੰਸਰੋ ਵਿਖੇ ਸਵਰਾਜ ਮਾਜ਼ਦਾ ਮੈਨੇਜਮੈਂਟ ਵੱਲੋਂ ਬਿਨਾਂ ਕਿਸੇ ਕਾਰਨ ਠੇਕੇ ਉੱਤੇ ਕੰਮ ਕਰਦੇ ਵਰਕਰਾਂ ਨੂੰ ਕੱਢੇ ਜਾਣ ਦਾ ਵਿਰੋਧ ਕਰਦੀ ਹੋਈ ਕਿਸਾਨਾਂ ਅਤੇ ਮਜਦੂਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿੱਚ ਡੱਟ ਕੇ ਸਾਥ ਦੇਵੇਗੀ। ਅੰਤ 'ਚ ਸੀਟੂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੌੜੀ ਨੇ 9 ਜੁਲਾਈ ਨੂੰ ਹੜਤਾਲ ਵਾਲੇ ਦਿਨ ਸਮੁੱਚੀ ਮਜਦੂਰ ਜਮਾਤ, ਕਿਸਾਨਾਂ, ਮੁਲਜਾਮ ਜਥੇਬੰਦੀਆਂ, ਛੋਟੇ ਦੁਕਾਨਦਾਰਾਂ, ਸਕੀਮ ਵਰਕਰਾਂ, ਠੇਕਾ ਅਧਾਰਿਤ ਵਰਕਰਾਂ ਸਮੇਤ ਆਮ ਲੋਕਾਂ ਨੂੰ ਪੰਜਾਬ 'ਚ ਤਹਿਸੀਲ, ਜ਼ਿਲ੍ਹਾ ਪੱਧਰ ਉੱਤੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮਹੂਲੀਅਤ ਕਰਨ ਦੀ ਅਪੀਲ ਕੀਤੀ ।

# ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਢਾਡੀ ਗੁਰਜੀਤ ਸਿੰਘ ਗੋਰੀ ਦਾ ਵਿਸ਼ੇਸ਼ ਸਨਮਾਨ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਬੀਤੇ ਦਿਨੀਂ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਯੂ.ਕੇ ਕਬੱਡੀ ਸੀਜ਼ਨ 2025, ਲੈਸਟਰ ਕਬੱਡੀ ਟੂਰਨਾਮੈਂਟ ਸ਼ਾਨੋਂ ਸ਼ੌਕਤ ਤੇ ਉਤਸ਼ਾਹ ਨਾਲ ਕਰਵਾਇਆ ਗਿਆ, ਜਿਸ ਵਿੱਚ ਕਬੱਡੀ ਦੇ ਫਸਵੇਂ ਮੁਕਾਬਲੇ ਹੋਏ ਅਤੇ ਖਿਡਾਰੀਆਂ ਨੇ ਖੇਡ ਪ੍ਰੇਮੀਆਂ ਤੋਂ ਵਾਹ ਵਾਹ ਖੱਟੀ। ਕਬੱਡੀ ਕੱਪ ਦੌਰਾਨ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਨੇ ਸ਼ਿਰਕਤ ਕੀਤੀ ਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਉਥੇ ਹੀ ਦੇਸ਼ ਪ੍ਰਦੇਸ਼ ਤੋਂ ਇਸ ਖੇਡ ਮੇਲੇ ਵਿੱਚ ਪਹੁੰਚੀਆਂ ਵੱਖ ਵੱਖ ਸ਼ਖ਼ਸ਼ੀਅਤਾਂ ਦਾ ਮਾਣ ਸਨਮਾਨ ਵੀ ਕੀਤਾ ਗਿਆ ਜਿਸ ਦੇ ਤਹਿਤ ਪੰਜਾਬ ਦੀ ਧਰਤੀ ਤੋਂ ਵਿਸ਼ੇਸ਼ ਤੌਰ 'ਤੇ ਯੂ.ਕੇ ਪਹੁੰਚੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਗੁਰਜੀਤ ਸਿੰਘ ਗੋਰੀ ਜਾਂਗਲਾ ਦਾ ਫੈਡਰੇਸ਼ਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਜੀਤ ਸਿੰਘ ਗੋਰੀ ਨੇ ਗਰਾਊਂਡ ਵਿੱਚ ਖੜ ਕੇ ਚੜ੍ਹਦੀ ਕਲਾ ਦੀਆਂ



ਵਾਰਾਂ ਗਾ ਕੇ ਜਿੱਥੇ ਖਿਡਾਰੀਆਂ ਦੇ ਜੋਸ਼ ਨੂੰ ਸਿੱਖਰਾਂ ਤੇ ਪਹੁੰਚਾਇਆ ਉੱਥੇ ਹੀ ਪੂਰੀ ਵਾਹ ਵਾਹ ਖੱਟੀ। ਉਪਰੰਤ ਕਬੱਡੀ ਫੈਡਰੇਸ਼ਨ ਦੇ ਅਹੁਦੇਦਾਰਾਂ ਜਿਨ੍ਹਾਂ ਵਿੱਚ ਖਜਾਨਚੀ ਕੁਲਵੰਤ ਸਿੰਘ ਸੰਘਾ, ਭਿੰਦਾ ਮੁਠੱਡਾ, ਗੁਰਨਾਮ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਲੈਸਟਰ, ਸੈਕਟਰੀ ਸੱਤਾ ਮੁਠੱਡਾ, ਰਾਜ ਮਨਵਿੰਦਰ ਸਿੰਘ ਰਾਜਾ ਸਾਬਕਾ ਪ੍ਰਧਾਨ, ਇੰਟਰਨੈਸ਼ਨਲ ਕਬੱਡੀ ਕੁਮੈਂਟੇਟਰ ਮਿੱਠਾ ਦਰੀਏਵਾਲ, ਪਰਮਜੀਤ ਢੇਸੀ ਆਦਿ ਵੱਲੋਂ ਢਾਡੀ ਗੋਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਇੰਟਰਨੈਸ਼ਨਲ ਕਬੱਡੀ ਖਿਡਾਰੀ ਕਬੱਡੀ ਦੇ ਬਾਬਾ ਬੋਹੜ ਬਲਵਿੰਦਰ ਸਿੰਘ ਫਿੱਡਾ , ਸੱਤਾ ਮੁਠੱਡਾ ਵੱਲੋਂ ਗੁਰਜੀਤ ਸਿੰਘ ਗੋਰੀ ਜਾਂਗਲਾ ਨੂੰ ਖੂਬ ਸਰਾਹਿਆ ਗਿਆ ਅਤੇ ਉਨ੍ਹਾਂ ਦੀ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਵਿਰਸੇ, ਇਤਿਹਾਸ ਅਤੇ ਧਰਮ ਪ੍ਰਚਾਰ ਲਈ ਇਨ੍ਹਾਂ ਸ਼ਖਸ਼ੀਅਤਾਂ ਵੱਲੋਂ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਗੁਰਜੀਤ ਸਿੰਘ ਗੋਰੀ ਜਾਂਗਲਾ ਨੇ ਮਾਨ ਸਨਮਾਨ ਪ੍ਰਾਪਤ ਕਰਦਿਆਂ ਇਸ ਵਿਸ਼ਾਲ ਕਬੱਡੀ ਟੂਰਨਾਮੈਂਟ ਦੀ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹਨਾਂ ਸ਼ਖ਼ਸ਼ੀਅਤਾਂ ਦੇ ਸਦਕਾ ਸਾਡੀ ਮਾਂ ਖੇਡ ਕਬੱਡੀ ਅੱਜ ਬੁਲੰਦੀਆਂ 'ਤੇ ਪਹੁੰਚੀ ਹੈ ਅਤੇ ਇਸ ਨਾਲ ਵੱਡੀ ਗਿਣਤੀ ਵਿੱਚ ਸਾਡੀ ਨੌਜਵਾਨ ਪੀੜ੍ਹੀ ਜੁੜੀ ਹੋਈ ਹੈ। ਇਸ ਵਿਸ਼ਾਲ ਕੱਬਡੀ ਟੂਰਨਾਮੈਂਟ ਦੌਰਾਨ ਕਬੱਡੀ ਪ੍ਰੇਮੀਆਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਹੋਰ ਵੀ ਵੱਖ-ਵੱਖ ਸ਼ਖਸ਼ੀਅਤਾਂ ਤੇ ਸਹਿਯੋਗੀਆਂ ਦਾ ਵਿਸ਼ੇਸ਼ ਤੌਰ 'ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਸਨਮਾਨ ਕੀਤਾ ਗਿਆ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਤੇ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਐਸ. ਏ. ਐਸ. ਨਗਰ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ੍ਰੀ ਹਰਿਮੰਦਿਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਦਿਹਾੜੇ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਤਰਸੇਮ ਸਿੰਘ ਬਠਿੰਡਾ ਵਾਲਿਆਂ ਦੇ ਢਾਡੀ ਜੱਥੇ ਨੇ ਭਾਈ ਮਨੀ ਸਿੰਘ ਜੀ ਦੁਆਰਾ ਧਰਮ ਦੀ ਖਾਤਰ ਬੰਦ ਬੰਦ ਕਟਵਾ ਕੇ ਪ੍ਰਾਪਤ ਕੀਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਵਿੱਚ ਸੁਣਾਇਆ । ਭਾਈ ਗੁਰਵਿੰਦਰ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣੇ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਸ਼ੁਭਕਰਨ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਪ੍ਰਵਚਨਾ ਰਾਹੀਂ ਭਾਈ ਮਨੀ ਸਿੰਘ ਜੀ ਵਲੋਂ ਤਖਤ ਸ੍ਰੀ ਦਮਦਮਾ



ਸਾਹਿਬ ਤਲਵੰਡੀ ਸਾਬੋ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਦੀ ਹੱਥ ਨਾਲ ਲਿਖਣ ਦੀ ਸੇਵਾ ਨਿਭਾਉਣ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ ਇਸ ਤੋਂ ਇਲਾਵਾ ਭਾਈ ਲਖਵਿੰਦਰ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ , ਬੀਬੀ ਕਿਰਨਦੀਪ ਕੌਰ ਦਾ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਸ਼ਮਸ਼ੇਰ ਸਿੰਘ ਕਰਨਾਲ ਵਾਲੇ, ਹਰਜੱਸ ਕੀਤਰਨੀ ਜੱਥਾ, ਭਾਈ ਹਰਪ੍ਰੀਤ ਸਿੰਘ ਮੋਗੇ ਵਾਲੇ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁ: ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਅਤੇ ਭਾਈ ਗੁਰਨਾਮ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਦਸਵੀਂ ਦੇ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵਲੋਂ ਮਰੀਜਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁ. ਪ੍ਰਬੰਧਕ ਕਮੇਟੀ ਵਲੋਂ ਦਿੱਤੀ ਗਈ। ਇਸ ਦਿਨ ਕਰਵਾਏ ਗਏ ਵਿਸ਼ਾਲ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ । ਬੁਲਾਰੇ ਨੇ ਦੱਸਿਆ ਕਿ 16 ਜੁਲਾਈ ਨੂੰ ਅਮਰ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਦਿਨ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਢਾਡੀ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਜੱਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਾਲੇ ਗੀਤਾਂ ਤੇ ਗੀਤਕਾਰਾਂ ਦਾ ਸਮਾਜ 'ਚ ਵਿਲੱਖਣ ਸਥਾਨ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਅਜੋਕੇ ਸਮੇਂ ਵਿੱਚ ਪੰਜਾਬ ਦੇ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਿਤ ਕਰਨ ਵਾਲੇ ਗੀਤਾਂ ਅਤੇ ਗੀਤਕਾਰਾਂ ਦਾ ਸਮਾਜ ਵਿੱਚ ਵਿਲੱਖਣ ਸਥਾਨ ਹੈ।ਆਪਣੀਆਂ ਨਵੀਆਂ ਪੀੜ੍ਹੀਆਂ ਨੂੰ ਅਮੀਰ ਵਿਰਸੇ ਤੇ ਸੱਭਿਆਚਾਰ ਦੀ



ਜਾਣਕਾਰੀ ਦੇਣ ਲਈ ਲੋਕਤੱਥ ਗੀਤ ਸੂਲਾਂ ਵਾਗੂ ਚੁੱਭਦੀ ਏ ਪ੍ਰਭਾਵਸ਼ਾਲੀ ਸਿੱਧ ਹੋਵੇਗਾ।ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਲੋਕ ਤੱਥ ਗੀਤ ਸੂਲਾਂ ਵਾਗੂ ਚੁੱਭਦੀ ਏ ਦਾ ਪੋਸਟਰ ਰਿਲੀਜ਼ ਕਰਨ ਮੌਕੇ ਕੀਤਾ।ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਗੀਤ ਸੰਗੀਤ ਨੇ ਸੰਸਾਰ ਭਰ ਵਿੱਚ ਇੱਕ ਵਿਲੱਖਣ ਪਹਿਚਾਣ ਬਣਾਈ ਹੈ।ਸਮਾਜ ਨੂੰ ਸੇਧ ਦੇਣ ਵਿੱਚ ਪੰਜਾਬੀਆਂ ਦੀਆਂ ਲਿਖਤਾਂ, ਗੀਤ, ਸੰਗੀਤ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।ਗੁਰਮੁੱਖ ਸਿੰਘ ਨੇ ਲੋਕ ਤੱਥ ਗੀਤ ਰਾਹੀ ਪੰਜਾਬ ਦੀ ਸਹੀ ਤਸਵੀਰ ਪੇਸ਼ ਕੀਤੀ ਹੈ, ਅਜਿਹੇ ਤੱਥ ਅੱਜ ਸਮਾਜ ਦੇ ਹਰ ਵਰਗ ਵੱਲੋਂ ਪਸੰਦ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਅਸੀ ਇਸ ਗੀਤ ਦਾ ਪੋਸਟਰ ਰਿਲੀਜ਼ ਕਰ ਰਹੇ ਹਾਂ ਤੇ ਆਸ ਕਰਦੇ ਹਾਂ ਕਿ ਗੁਰਮੁੱਖ ਸਿੰਘ ਦੀ ਤਰ੍ਹਾਂ ਹੋਰ ਕਲਾਕਾਰ ਵੀ ਪੰਜਾਬ ਦੇ ਸੱਭਿਆਚਾਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਲਾਕਾਰਾਂ ਦਾ ਹਮੇਸ਼ਾ ਮਾਨ ਸਨਮਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਹੁਨਰ ਦੀ ਅਸੀ ਕਦਰ ਕਰਦੇ ਹਾਂ। ਇਸ ਮੌਕੇ ਕੁਲਵਿੰਦਰ ਸਿੰਘ, ਦਲਜੀਤ ਸਿੰਘ, ਗੁਰੀ ਨਾਨੋਵਾਲੀਆਂ, ਨਤਿਨ ਬਾਸੋਵਾਲ, ਗੁਰਸੇਵਕ ਰਿਆੜ, ਹਰਵਿੰਦਰ ਸਿੰਘ, ਕੁਲਵਿੰਦਰ ਬਰਨਾਲਾ, ਮਨਜੀਤ, ਗੁਰਸੇਵਕ ਸਿੰਘ, ਬਹਾਦਰ ਸਿੰਘ, ਗਾਇਕ ਜਸਪਾਲ ਰਾਣਾ, ਗਾਇਕ ਆਲਮ ਜਸਦੀਪ, ਕਰਨ ਚੋਧਰੀ, ਗੁਰਪ੍ਰੀਤ, ਸੁਖਜਿੰਦਰ, ਰਾਜ ਖੋਸਲਾ, ਪਰਮਿੰਦਰ, ਗੁਰਮੀਤ ਸਿੰਘ, ਅਮਰੀਕ ਸਿੰਘ, ਜਗਜੀਤ ਜੱਗੀ, ਭਾਗ ਸਿੰਘ ਆਦਿ ਹਾਜ਼ਰ ਸਨ।

# ਟਿੱਪਰ ਨਾਲ ਟਕਰਾਈ ਟੂਰਿਸਟ ਬੱਸ, ਇਕ ਦੀ ਮੌਤ

**ਮਾਹਿਲਪੁਰ (ਸ਼ਫ਼ਰੀ)**- ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ 'ਤੇ ਪੈਂਦੇ ਮਾਹਿਲਪੁਰ ਸ਼ਹਿਰ 'ਚ ਟਿੱਪਰ ਦੇ ਪਿੱਛੇ ਪ੍ਰਾਈਵੇਟ ਟੂਰਿਸਟ ਬੱਸ ਦੇ ਟਕਰਾਉਣ ਨਾਲ ਇੱਕ 32 ਸਾਲਾ ਵਿਅਕਤੀ ਦੀ ਮੌਤ ਹੋ ਗਈ।ਟਿੱਪਰ ਵਾਲਾ ਅਤੇ ਬੱਸ ਡਰਾਈਵਰ ਮੌਕੇ 'ਤੇ ਫ਼ਰਾਰ ਹੋ ਗਏ। ਬੱਸ ਵਿੱਚ ਬੈਠੀਆਂ ਸਵਾਰੀਆਂ ਨੇ ਦੱਸਿਆ ਅਨੁਸਾਰ ਇਹ



ਪ੍ਰਾਈਵੇਟ ਕੰਪਨੀ ਦੀ ਬੱਸ ਨੰਬਰ ਬੀ ਆਰ 28 ਪੀ 3502 ਜੋ ਮੁੰਬ ਤੋਂ ਦਿੱਲੀ ਜਾ ਰਹੀ ਸੀ।ਉਹ ਨੇ ਬੱਸ ਵਜੇ ਜਦੋਂ ਬੱਸ ਮਾਹਿਲਪੁਰ ਨਜ਼ਦੀਕ ਪਹੁੰਚੀ ਤਾਂ ਬੱਸ ਦੇ ਅੱਗੇ ਜਾ ਰਹੇ ਟਿੱਪਰ ਨਾਲ ਟਕਰਾਈ, ਨਤੀਜੇ ਵਜੋਂ ਇੱਕ ਵਿਅਕਤੀ ਦੀ ਮੌਤ ਹੋ ਗਈ।ਮ੍ਰਿਤਕ ਦੇ ਵਾਰਸਾਂ ਨੇ ਦੱਸਿਆ ਕਿ ਮ੍ਰਿਤਕ ਗਗਨਦੀਪ ਜੋ ਭੋਗਾਲਾ ਤਹਿਸੀਲ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਦਾ ਵਾਸੀ ਹੈ ਅੱਜ ਮੁਕੇਰੀਆਂ ਤੋਂ ਪਿੰਡ ਗੋਲੀਆਂ (ਗੜ੍ਹਸ਼ੰਕਰ) ਆ ਰਿਹਾ ਸੀ, ਸਾਨੂੰ ਗਗਨਦੀਪ ਦਾ ਫੋਨ ਆਇਆ ਕਿ ਮੈਂ ਬੱਸ ਵਿੱਚ ਬੈਠ ਗਿਆ ਹਾਂ ਤੇ ਜਲਦੀ ਹੀ ਗੋਲੀਆਂ ਪਹੁੰਚ ਜਾਵਾਂਗਾ।ਪਿੰਡ ਨਜ਼ਦੀਕ ਆਉਣ ਕਰਕੇ ਗਗਨਦੀਪ ਡਰਾਈਵਰ ਦੇ ਨਜ਼ਦੀਕ ਆ ਬੈਠਾ।ਜਿਸ ਨਾਲ ਉਸ ਦੀ ਮੌਤ ਹੋ ਗਈ।ਉਹਨਾਂ ਦੱਸਿਆ ਕਿ ਗਗਨਦੀਪ (32) ਸਾਲਾ ਨਵਾਂਗਰਾਂ (ਪੋਜੇਵਾਲ) ਆਦਰਸ਼ ਸਕੂਲ ਵਿੱਚ ਅਧਿਆਪਕ ਸੀ ਅਤੇ ਪਿੰਡ ਗੋਲੀਆਂ ਵਿੱਚ ਆਪਣਾਂ ਘਰ ਬਣਾ ਰਿਹਾ ਸੀ।ਏ ਐਸ ਆਈ ਸਤਨਾਮ ਸਿੰਘ ਥਾਣਾ ਮਾਹਿਲਪੁਰ ਨੇ ਦੱਸਿਆ ਕਿ ਸੀ ਸੀ ਟੀਵੀ ਫੁਟਿਜ਼ ਜ਼ਰੀਏ ਟਿੱਪਰ ਵਾਲੇ ਦੀ ਭਾਲ ਕਰ ਰਹੇ ਹਾਂ।ਅਸੀਂ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਾਬਾ ਸ਼ਾਹ ਹੁਸੈਨ ਦੀ ਯਾਦ ਨੂੰ ਸਮਰਪਤ ਸਾਲਾਨਾ ਛਿੰਝ ਮੇਲਾ 16 ਤੋਂ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਸ਼੍ਰੀ ਗੁਰੂ ਅਮਰ ਦਾਸ ਜੀ ਦੇ ਭਗਤ ਹਜ਼ਰਤ ਮੀਰਾਂ ਪਾਤਸ਼ਾਹ ਬਾਬਾ ਸ਼ਾਹ ਹੁਸੈਨ ਦੀ ਯਾਦ ਨੂੰ ਸਮਰਪਿਤ ਟਿੱਬਾ ਰੋਡ ਤਲਵੰਡੀ ਚੌਧਰੀਆਂ ਵਿਖੇ ਪ੍ਰਵਾਸੀ ਭਾਰਤੀ, ਇਲਾਕਾ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਸੱਭਿਆਚਾਰਕ ਅਤੇ 20ਵਾਂ ਛਿੰਝ ਮੇਲਾ ਸਾਈਂ ਸੁਖਜੀਤ ਸਿੰਘ ਜੋਗੀ ਦੀ ਅਗਵਾਈ ਹੇਠ 16, 17 ਅਤੇ 18 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੱਦੀ ਨਸ਼ੀਨ ਸਾਈਂ ਜੋਗੀ ਸ਼ਾਹ ਨੇ ਦੱਸਿਆ ਕਿ 16 ਜੁਲਾਈ ਨੂੰ ਵੱਖ - ਵੱਖ ਧਰਮਾਂ ਨਾਲ ਸਬੰਧਿਤ ਗ਼ਰੀਬ ਲੜਕੀਆਂ ਦੇ 4 ਵਿਆਹ ਪੰਜਾਬ ਦੇ ਸੂਫ਼ੀ ਗਾਇਕ ਖ਼ਾਨ ਸਾਹਬ ਵੱਲੋਂ ਅਤੇ 11 ਵਿਆਹ ਮੀਰਾਂ ਪਾਤਸ਼ਾਹ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਹਨ। ਵਿਆਹ ਦੌਰਾਨ ਧੀਆਂ ਦਾ ਪੱਲਾ ਫੜਾਉਂਣ ਰਸਮ ਬਾਬਾ ਸੁਖਜੀਤ ਸਿੰਘ ਜੋਗੀ ਸ਼ਾਹ ਵੱਲੋਂ ਕੀਤੀ ਜਾਵੇਗੀ ਅਤੇ ਦਾਜ਼ ਵਿੱਚ ਲੋੜੀਂਦਾ ਸਮਾਨ ਵੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 17 ਜੁਲਾਈ ਨੂੰ ਦਰਬਾਰ ਤੇ ਚੂਰਮੇ ਝੜਾਏ ਜਾਣਗੇ। ਬਾਬਾ ਸੁਖਜੀਤ ਸਿੰਘ ਜੋਗੀ ਸ਼ਾਹ ਨੇ ਅਤੇ ਸਮੂਹ ਸੰਗਤ ਵਲੋਂ ਪੀਰ ਬਾਬਾ ਲੇਟਣ ਸ਼ਾਹ, ਪੀਰ ਬਾਬਾ ਨਾਜੇ ਸ਼ਾਹ ਅਤੇ ਮੀਰਾਂ ਪਾਤਸ਼ਾਹ ਬਾਬਾ ਸ਼ਾਹ ਹੁਸੈਨ ਦੇ ਚਾਦਰ ਅਤੇ ਝੰਡਾ ਚੜਾਉਂਣ ਦੀ ਰਸਮ ਅਦਾ ਕੀਤੀ ਜਾਵੇਗੀ। ਸੱਭਿਆਚਾਰਕ ਪ੍ਰੋਗਰਾਮ ਦਾ ਅਗਾਜ਼ ਸਾਜਨ ਭੱਟੀ ਕਵਾਲ ਐਂਡ ਪਾਰਟੀ, ਚੰਨੀ ਗਿੱਲ, ਰਹਿਮਤ ਅਲੀ ਵੱਲੋਂ ਕੀਤਾ ਜਾਵੇਗਾ। ਪੰਜਾਬ ਦੇ ਉੱਘੇ ਨਾਮਵਾਰ ਸੂਫ਼ੀ ਗਾਇਕ ਖ਼ਾਨ ਸਾਹਬ, ਬਾਲੀਵੁੱਡ ਕਲਾਕਾਰ ਜੀ ਖ਼ਾਨ, ਰਣਜੀਤ ਰਾਣਾ, ਰਜ਼ਾ ਸਿਸਟਰ ਮੀਰਾਂ ਪਾਤਸ਼ਾਹ ਬਾਬਾ ਸ਼ਾਹ ਹੁਸੈਨ ਦੇ ਇਤਹਾਸ ਨਾਲ ਸਬੰਧਤ ਗੀਤ ਗਾ ਕੇ ਹਾਜ਼ਰੀ ਲਗਵਾਉਣਗੇ। 18 ਜੁਲਾਈ ਨੂੰ 20ਵਾਂ ਛਿੰਝ ਮੇਲਾ ਜਗਜੀਤ ਅਕੈਡਮੀ ਦੇ ਸਹਿਯੋਗ ਨਾਲ ਏ.ਡੀ.ਜੀ.ਪੀ ਜਗਜੀਤ ਸਿੰਘ ਸਰੋਆ ਦੀ ਪ੍ਰਧਾਨਗੀ ਹੇਠ ਭਾਰਤ ਦੇ ਨਾਮਵਾਰ ਪਹਿਲਵਾਨ ਜੱਸਾ ਪੱਟੀ, ਰੋਸ਼ਨ ਕਿਰਲਗੜ੍ਹ, ਨਿੱਤਿਨ ਭੱਟੀ, ਹਰਵਿੰਦਰ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਜੇਤੂ ਪਹਿਲਵਾਨਾਂ ਨੂੰ ਵੱਡੇ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਪੇਂਡੂ ਦੇਸੀ ਖੇਡਾਂ ਵਿੱਚ ਇੰਡੀਆ ਸਟਰਾਂਗਮੈਨ ਕੱਪ ਵੀ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜਸ਼ਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਰਾਜਨ ਕੁਮਾਰ, ਅੰਗ੍ਰੇਜ਼ ਸਿੰਘ, ਤਰਸੇਮ ਸਿੰਘ ਅਮਰਕੋਟ, ਹਰਬੰਸ ਸਿੰਘ ਛੰਨਾਂ ਸ਼ੇਰ ਸਿੰਘ, ਪੰਚ ਵੀਰਪਾਲ ਕੋਚ, ਹੈਰੀ ਅਮਰਕੋਟ, ਕਮਲ ਕੁਮਾਰ, ਸੁਖਦੇਵ ਸਿੰਘ ਠੇਕੇਦਾਰ, ਸਤਵਿੰਦਰ ਸਿੰਘ ਮਹੀਜੀਤਪੁਰ, ਸੋਨੂੰ ਅਮਰਕੋਟ, ਮਸ਼ਰੇਟ ਸਿੰਘ ਸਿੱਧੂ ਸੁਲਤਾਨਪੁਰ ਲੋਧੀ ਤੇ ਸਿਤਾਰ ਸਿੰਘ ਲੱਡੂ ਆਦਿ ਹਾਜ਼ਰ ਸਨ।

# ਐਫ ਆਰ ਐਸ ਤੇ ਈ ਕੇ ਵਾਈ ਸੀ ਨੇ ਲਈ ਇਕ ਹੋਰ ਜਾਨ

**ਫਿਲੌਰ (ਨਿਰਮਲ)**- ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਜਾਰੀ ਸਾਂਝੇ ਪ੍ਰੈਸ ਨੋਟ ਵਿੱਚ ਜ਼ਿਲ੍ਹਾ ਪ੍ਰਧਾਨ ਨਿਰਲੇਪ ਕੌਰ, ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ, ਵਿੱਤ ਸਕੱਤਰ ਪਰਮਜੀਤ ਕੌਰ, ਮੀਤ ਪ੍ਰਧਾਨ ਹਰਜੀਤ ਕੌਰ ਅਤੇ ਜੁਆਇੰਟ ਸੈਕਟਰੀ ਰਜਨਦੀਪ ਪ੍ਰੈਸ ਨੂੰ ਸਾਂਝਾ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੋਸ਼ਣ ਟਰੈਕ ਐਪ ਉੱਤੇ ਲਾਭਪਾਤਰੀਆਂ ਨੂੰ ਈ ਕੇ.ਵਾਈ.ਸੀ ਕਰਕੇ ਦੋਹਰੀ ਪਾਰਦਰਸ਼ਤਾ ਦੇ ਨਾਲ ਫੇਸ਼ੀਅਲ ਰਿਕੋਗਨਾਈਜੇਸ਼ਨ ਸਿਸਟਮ (ਐਫ ਆਰ ਐਸ) ਵੀ ਕਰਨਾ ਹੈ। ਜਿਸ ਨੂੰ ਲੈ ਕੇ ਵਿਭਾਗ ਵੱਲੋਂ ਲਗਾਤਾਰ ਸਖਤੀ ਵਰਤ ਕੇ ਵਰਕਰਾਂ ਨੂੰ ਹਰਾਸ਼ ਕੀਤਾ ਜਾ ਰਿਹਾ ਹੈ । ਜਿਸ ਦੇ ਚਲਦੇ ਵੱਖ ਵੱਖ ਸੂਬਿਆਂ ਵਿੱਚ ਕਿੰਨੇ ਹੀ ਵਰਕਰ ਆਪਣੀ ਜਾਨ ਗਵਾ ਚੁੱਕੇ ਹਨ ਅਤੇ ਪੰਜਾਬ ਵਿੱਚ ਅੱਜ ਆਂਗਣਵਾੜੀ ਵਰਕਰ ਦੀ ਦੂਸਰੀ ਮੌਤ ਹੈ । ਵਿਭਾਗ ਵੱਲੋਂ ਜੋ ਉਪਕਰਨ ਮਹਈਆ ਕਰਵਾਏ ਜਾਣੇ ਹਨ । ਉਹ ਅਜੇ ਨਹੀਂ ਦਿੱਤੇ ਗਏ ਨਾ ਮਾਤਰ 166 ਰੁਪਏ ਮਹੀਨਾ ਮੋਬਾਇਲ ਬਿਲ ਦਿੱਤਾ ਜਾ ਰਿਹਾ ਹੈ। ਆਂਗਣਵਾੜੀ ਵਰਕਰ ਆਪਣਾ ਹੀ ਮੋਬਾਈਲ ਅਤੇ ਡਾਟਾ ਵਰਤ ਕੇ ਵਿਭਾਗ ਦੀਆਂ ਸੇਵਾਵਾਂ ਨੂੰ ਅੱਗੇ ਤੱਕ ਲੈ ਕੇ ਜਾਣ ਦੀ ਕੋਸ਼ਿਸ਼ ਕਰਦੀ ਹੈ । ਪਰ ਜੋ ਐਫ ਆਰ ਐਸ ਹੈ ਉਹ ਜਨਤਕ ਨਿੱਜਤਾ 'ਤੇ ਆਧਾਰਿਤ



ਹੈ। ਲਾਭਪਾਤਰੀ ਦੀ ਮਰਜ਼ੀ ਹੈ ਕਿ ਉਹ ਆਪਣੇ ਚਿਹਰੇ ਦੀ ਪਹਿਚਾਣ ਦੇਣਾ ਚਾਹੁੰਦਾ ਹੈ ਜਾਂ ਨਹੀਂ ਦੇਣਾ ਚਾਹੁੰਦਾ ਹੈ । ਈ.ਕੇ.ਵਾਈ.ਸੀ ਓ.ਟੀ.ਪੀ ਤੇ ਅਧਾਰਤ ਹੈ । ਇੱਕ ਪਾਸੇ ਤਾਂ ਸਰਕਾਰ ਲਗਾਤਾਰ ਓਟੀਪੀ ਸਾਂਝਾ ਕਰਨ ਤੋਂ ਵਰਜਿਤ ਕਰ ਰਹੀ ਹੈ। ਦੂਜੇ ਪਾਸੇ ਆਂਗਣਵਾੜੀ ਵਰਕਰ ਨੂੰ ਈ.ਕੇ.ਵਾਈ.ਸੀ ਲਈ ਓਟੀਪੀ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ ।ਵਿਭਾਗ ਦੇ ਇਸ ਤਾਨਾਸ਼ਾਹੀ ਰਵੱਈਏ ਨੇ ਦੂਜੀ ਆਂਗਣਵਾੜੀ ਵਰਕਰ ਦੀ ਜਾਨ ਲਈ ਹੈ ਅਤੇ ਕਿੰਨੀਆਂ ਹੀ ਭੈਣਾਂ ਡਿਪਰੈਸ਼ਨ ਦੀਆਂ ਮਰੀਜ਼ ਹੋ ਗਈਆਂ ਹਨ ਅਤੇ ਹਸਪਤਾਲਾਂ ਵਿੱਚ ਦਾਖਲ ਵੀ ਹੋਈਆਂ ਹਨ। ਅਸੀਂ ਭਾਰਤ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਕੁਪੋਸ਼ਣ ਵਰਗੀ ਨਾ ਮੁਰਾਦ ਬਿਮਾਰੀ ਉੱਤੇ ਰੋਕ ਪਾਉਣ ਲਈ ਬੇਲੋੜੀਆਂ ਸ਼ਰਤਾਂ ਬੰਦ ਕੀਤੀਆਂ ਜਾਣ ਅਤੇ ਦੇਸ਼ ਨੂੰ ਭੁੱਖ ਮਰੀ ਵਿੱਚੋਂ ਬਾਹਰ ਕੱਢਣ ਲਈ ਵੱਧ ਤੋਂ ਵੱਧ ਸਮਾਜਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ । ਆਂਗਣਵਾੜੀ ਵਰਕਰਾਂ ਉੱਤੇ ਈ.ਕੇ.ਵਾਈ.ਸੀ ਅਤੇ ਐਫ ਆਰ ਐਸ ਵਰਗੀਆਂ ਬੇਲੋੜੇ ਬੋਝ ਨਾ ਪਾਏ ਜਾਣ। ਪਹਿਚਾਣ ਦਾ ਸੌਖਾ ਤੇ ਅਸਾਨ ਤਰੀਕਾ ਅਪਨਾਉਂਦੇ ਹੋਏ ਸਕੀਮ ਨੂੰ ਜੜ ਤੋਂ ਮਜਬੂਤ ਕੀਤਾ ਜਾਵੇ ਅਤੇ ਕਪੋਸ਼ਣ ਨੂੰ ਦੇਸ਼ ਵਿੱਚੋਂ ਦੂਰ ਕੀਤਾ ਜਾਵੇ । ਜਿਹੜੇ ਆਂਗਣਵਾੜੀ ਵਰਕਰਾਂ ਦੀ ਮੌਤ ਹੋਈ ਹੈ ਉਹਨਾਂ ਦੇ ਪਰਵਾਰ ਨੂੰ ਮਾਲੀ ਮਦਦ ਅਤੇ ਆਸ਼ਰਿਤ ਲਾਭ ਵੀ ਤੁਰੰਤ ਦਿੱਤੇ ਜਾਣ ।

# ਚੱਕ ਹਕੀਮ ਦੇ ਰਿਹਾਇਸ਼ੀ ਖੇਤਰ 'ਚ ਨਹੀਂ ਲੱਗਣ ਦਿੱਤੀ ਜਾਵੇਗੀ ਗੈਰ ਕਾਨੂੰਨੀ ਫੈਕਟਰੀ : ਪਿੰਡ ਵਾਸੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਫਗਵਾੜਾ ਦੇ ਨਜਦੀਕੀ ਪਿੰਡ ਚੱਕ ਹਕੀਮ ਵਿਖੇ ਲੱਗ ਰਹੀ ਢਲਾਈ ਵਾਲੀ ਫੈਕਟਰੀ ਦਾ ਪਿੰਡ ਵਾਸੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ।ਪਿੰਡ ਵਾਸੀਆਂ ਗੁਲਸ਼ਨ ਕੁਮਾਰ ਪੰਚ, ਪਰਮਜੀਤ ਪੰਚ, ਜਸਵੀਰ ਸਿੰਘ, ਸ਼ਿੰਦਰ ਪਾਲ ਅਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਰਮਨਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਫਗਵਾੜਾ ਵਲੋਂ



ਚੱਕ ਹਕੀਮ ਦੇ ਰਿਹਾਇਸ਼ੀ ਇਲਾਕੇ 'ਚ ਚਿਮਨੀ ਵਾਲੀ ਢਲਾਈ ਦੀ ਫੈਕਟਰੀ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਲੈ ਕੇ ਪਿੰਡ ਵਾਸੀਆਂ 'ਚ ਡੂੰਘਾ ਰੋਸ ਹੈ ਕਿਉਂਕਿ ਚਿਮਨੀ ਵਿੱਚੋਂ ਨਿਕਲਣ ਵਾਲਾ ਜਹਿਰੀਲਾ ਧੂਆਂ ਪਿੰਡ ਦੇ ਸਾਫ ਸੁਥਰੇ ਵਾਤਾਵਰਣ ਨੂੰ ਦੂਸ਼ਿਤ ਕਰੇਗਾ।ਉਹਨਾਂ ਕਿਹਾ ਕਿ ਰਿਹਾਇਸ਼ੀ ਇਲਾਕੇ 'ਚ ਇਸ ਤਰ੍ਹਾਂ ਦੀ ਫੈਕਟਰੀ ਲਗਾਉਣਾ ਗੈਰ ਕਾਨੂੰਨੀ ਹੈ।ਉਕਤ ਵਿਅਕਤੀ ਵੱਲੋਂ ਨਾ ਤਾਂ ਪਿੰਡ ਵਾਸੀਆਂ ਤੋਂ ਕੋਈ ਐਨ ਓ ਸੀ ਲਈ ਗਈ ਹੈ ਤੇ ਨਾ ਹੀ ਕੋਈ ਸਰਕਾਰੀ ਇਜਾਜ਼ਤ ਹੈ। ਉਹਨਾਂ ਦੱਸਿਆ ਕਿ ਇਸ ਬਾਰੇ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਵੀ ਲਿਖਤੀ ਦਰਖਾਸਤ ਦਿੱਤੀ ਗਈ ਹੈ ਅਤੇ ਹਾਲ ਦੀ ਘੜੀ ਪੁੱਡਾ ਵਲੋਂ ਫੈਕਟਰੀ ਦੀ ਇਮਾਰਤ ਦਾ ਕੰਮ ਰੁਕਵਾ ਦਿੱਤਾ ਗਿਆ ਹੈ ਪਰ ਪਤਾ ਲੱਗਾ ਹੈ ਕਿ ਉਕਤ ਵਿਅਕਤੀ ਜੋਰ ਜਬਰਦਸਤੀ ਨਾਲ ਇਮਾਰਤ ਦੀ ਉਸਾਰੀ ਕਰਨਾ ਚਾਹੁੰਦਾ ਹੈ।ਜੇਕਰ ਅਜਿਹੀ ਕੋਈ ਹਰਕਤ ਕੀਤੀ ਗਈ ਤਾਂ ਪਿੰਡ ਵਾਸੀ ਉਸਦਾ ਤਿੱਖਾ ਵਿਰੋਧ ਕਰਨਗੇ।ਇਸ ਮੌਕੇ ਚਮਨ ਲਾਲ, ਦਲੀਪ ਕੁਮਾਰ, ਸੁਭਾਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਛਾਂਦਾਰ ਪੌਦੇ ਲਗਾਏ

**ਕਾਲਾ ਸੰਘਿਆਂ (ਮਨਜੀਤ ਮਾਨ)**- ਰੁੱਖ ਲਗਾਓ ਮੁਹਿੰਮ 'ਏਕ ਪੇੜ ਮਾਂ ਕੇ ਨਾਮ' ਪ੍ਰੋਗਰਾਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਉੱਗੀ ਵਿੱਚ 'ਜਿਲ੍ਹਾ ਕੋਆਰਡੀਨੇਟਰ ਸਮਾਰਟ ਸਕੂਲ



ਪ੍ਰੋਜੈਕਟ ਸਕੂਲ ਸਿਖਿਆ ਵਿਭਾਗ ਜਲੰਧਰ ਰਵਿੰਦਰ ਸਿੰਘ ਕੰਗ ਸਟੇਟ ਆਵਾਰਡੀ ਦੀ ਅਗਵਾਈ ਹੇਠ ਵੱਖ ਵੱਖ ਕਿਸਮਾਂ ਦੇ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਰਵਿੰਦਰ ਸਿੰਘ ਕੰਗ ਅਤੇ ਸੰਦੀਪ ਕੁਮਾਰ ਈ ਟੀ ਟੀ ਟੀਚਰ ਨੇ ਬੱਚਿਆਂ ਅਤੇ ਅਧਿਆਪਕ ਸਹਿਬਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆ ਨੂੰ ਇਸ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਮੌਕੇ ਸੰਦੀਪ ਕੁਮਾਰ, ਸ਼੍ਰੀਮਤੀ ਮਿਨਾਕਸ਼ੀ, ਸ਼੍ਰੀਮਤੀ ਪਰਮਜੀਤ ਕੌਰ, ਸ਼੍ਰੀਮਤੀ ਕੁਲਦੀਪ ਕੌਰ ਹਾਜ਼ਰ ਸਨ।

# ਧਾਮੀ ਬੀਬੀ ਰਾਜਵਿੰਦਰ ਕੌਰ ਭੁੱਲਰ ਦੇ ਗ੍ਰਹਿ ਵਿਖੇ ਪਹੁੰਚੇ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਭੁੱਲਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਬੀਬੀ ਰਾਜਵਿੰਦਰ ਕੌਰ ਭੁੱਲਰ ਸਾਬਕਾ ਵਿਧਾਇਕ ਨੂਰ ਮਹਿਲ ਦੇ ਗ੍ਰਹਿ ਵਿਖੇ ਪਹੁੰਚੇ । ਇਸ ਮੌਕੇ 'ਤੇ ਉਹਨਾਂ ਨੇ ਗੁਰਮਤ ਦੀਆਂ ਗੱਲਾਂ ਕੀਤੀਆਂ ਅਤੇ ਤੇ ਸੁਰਗਵਾਸੀ ਗੁਰਦੀਪ ਸਿੰਘ ਭੁੱਲਰ ਨਾਲ ਬਤਾਏ ਹੋਏ ਪੁਰਾਣੇ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ 'ਤੇ ਉਹਨਾਂ ਦੇ ਸਪੁੱਤਰ ਐਡਵੋਕੇਟ ਰਾਜ ਕਮਲ ਸਿੰਘ, ਜਥੇਦਾਰ ਬਲਦੇਵ ਸਿੰਘ ਕਲਿਆਣ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਪਾਲ ਸਿੰਘ ਕੁਲਾਰ, ਸਾਬਕਾ ਮੈਨੇਜਰ ਭਰਪੂਰ ਸਿੰਘ ਅਤੇ ਹੋਰ ਵੀ ਆਗੂ ਸ਼ਾਮਿਲ ਸਨ।

# ਰਣਜੀਤ ਸਿੰਘ ਭੱਠਲ ਨੇ ਬਤੌਰ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਦਾ ਅਹੁਦਾ ਸੰਭਾਲਿਆ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਿੱਖਿਆ ਵਿਭਾਗ ਪੰਜਾਬ ਵਲੋਂ ਸਰਕਾਰੀ ਸਕੂਲਾਂ ਵਿੱਚ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਪ੍ਰਮੋਟ ਕਰਨ ਲਈ ਲੰਮੇ ਸਮੇਂ ਤੋਂ ਖ਼ਾਲੀ ਪਈਆਂ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਦੀਆਂ ਅਸਾਮੀਆਂ 'ਤੇ ਤਰੱਕੀਆਂ ਕੀਤੀਆਂ ਗਈਆਂ ਹਨ। ਇਹਨਾਂ ਤਰੱਕੀਆਂ ਵਿੱਚ ਰਣਜੀਤ ਸਿੰਘ ਭੱਠਲ ਡੀ.ਪੀ.ਈ. ਤੋਂ ਲੈਕਚਰਾਰ



ਫਿਜ਼ੀਕਲ ਐਜੂਕੇਸ਼ਨ ਪ੍ਰਮੋਟ ਹੋ ਗਏ ਹਨ ਜਿਨ੍ਹਾਂ ਨੇ ਬਤੌਰ ਲੈਕਚਰਾਰ ਗੋਰਮਿੰਟ ਗਰਲਜ ਸੀਨੀਅਰ ਸੈਕੰਡਰੀ ਸਕੂਲ ਆਨੰਦਪੁਰ ਸਾਹਿਬ ਵਿਖੇ ਜੁਆਇੰਨ ਕਰ ਲਿਆ ਹੈ। ਇਸ ਮੌਕੇ ਰਣਜੀਤ ਸਿੰਘ ਭੱਠਲ ਨੇ ਕਿਹਾ ਕਿ ਉਹ ਵਿਭਾਗ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ। ਰਣਜੀਤ ਸਿੰਘ ਭੱਠਲ ਜੋ ਕਿ ਗੋਰਮਿੰਟ ਫਿਜ਼ੀਕਲ ਐਜੂਕੇਸ਼ਨ ਟੀਚਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਹਨ ਨੇ ਇਹਨਾਂ ਤਰੱਕੀਆਂ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਹਰੇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਫਿਜ਼ੀਕਲ ਐਜੂਕੇਸ਼ਨ ਲੈਕਚਰਾਰ ਦੀ ਅਸਾਮੀ ਦਿੱਤੀ ਜਾਵੇ, ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਲਾਜ਼ਮੀ ਤੌਰ 'ਤੇ ਲਾਗੂ ਕੀਤਾ ਜਾਵੇ। ਇਸ ਮੌਕੇ ਪ੍ਰਿੰਸੀਪਲ ਨੀਰਜ਼ ਵਰਮਾ,ਲੈਕਚਰਾਰ ਅਨਿਲ ਕੁਮਾਰ, ਲੈਕ ਦਰਸ਼ਨ ਸਿੰਘ,ਲੈਕ ਰਜੀਵ ਕੁਮਾਰ,ਲੈਕ ਜਗਮੋਹਨ ਸਿੰਘ,ਲੈਕ ਭੀਮ ਖਾਨ,ਲੈਕ ਰੋਹਿਤ ਕੁਮਾਰ, ਵਰਿੰਦਰ ਸ਼ਰਮਾ, ਜਤਿੰਦਰ ਪਾਲ ਸਿੰਘ ਗੋਲਡੀ,ਕੈਪਟਨ ਸਾਹਿਬ, ਧੰਨਰਾਜ ਸਿੰਘ, ਅਸ਼ੋਕ ਕੁਮਾਰ,ਲੈਕ ਮੁਕੇਸ਼ ਕੁਮਾਰ, ਨਰੇਸ਼ ਕੁਮਾਰ,ਲੈਕ ਸੰਗੀਤਾ ਗੇਰਾ, ਮੈਡਮ ਮਨਦੀਪ ਕੌਰ, ਮੈਡਮ ਸੁਮਨ ਚਾਂਦਲਾ ਤੇ ਮਨਦੀਪ ਕੌਰ ਆਦਿ ਹਾਜ਼ਰ ਸਨ।

# ਡਾ. ਐਸ ਕੇ ਚੱਢਾ ਵੱਲੋਂ ਸਵਾਮੀ ਸਰਵਾਨੰਦ ਗਿਰੀ ਪੀ ਯੂ ਰੀਜਨਲ ਸੈਂਟਰ ਦਾ ਦੌਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਯੂਨੀਵਰਸਿਟੀ ਦੇ ਸਵਾਮੀ ਸਰਵਾਨੰਦ ਗਿਰੀ ਖੇਤਰੀ ਕੇਂਦਰ, ਹੁਸ਼ਿਆਰਪੁਰ ਵਿੱਚ ਹਿੰਦੁਜਾ ਗਰੁੱਪ (ਮੁੰਬਈ) ਦੇ ਸੀਨੀਅਰ ਸਲਾਹਕਾਰ ਡਾ. ਐਸ. ਕੇ. ਚੱਢਾ ਨੇ ਦੌਰਾ ਕੀਤਾ। ਹੁਸ਼ਿਆਰਪੁਰ ਦੇ ਮੂਲ ਨਿਵਾਸੀ ਡਾ. ਚੱਢਾ ਦਾ ਇਹ ਦੌਰਾ ਪ੍ਰੇਰਨਾਦਾਇਕ ਅਤੇ ਜਾਣਕਾਰੀ ਯੋਗ ਰਿਹਾ।ਡਾ. ਚੱਢਾ ਨੇ ਯੂਨੀਵਰਸਿਟੀ ਦੇ ਦੋ ਮਹੱਤਵਪੂਰਨ ਵਿਭਾਗਾਂ, ਯੂਨੀਵਰਸਿਟੀ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਅਤੇ ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟਡੀਜ਼ ਦੇ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸਿੱਖਿਆ ਰਾਹੀਂ ਸਮਾਜ ਵਿੱਚ ਸਕਾਰਾਤਮਕ ਬਦਲਾਵ ਲਿਆਉਣ ਦੀ ਲੋੜ ਉਤੇ ਜ਼ੋਰ ਦਿੰਦੇ ਹੋਏ ਕਾਨੂੰਨੀ ਸਾਖਰਤਾ, ਨਾਗਰਿਕ ਫ਼ਰਜ਼ਾਂ ਅਤੇ ਸਮਾਜਿਕ ਭਾਗੀਦਾਰੀ ਵਰਗੇ ਵਿਸ਼ਿਆਂ 'ਤੇ ਗੰਭੀਰ ਵਿਚਾਰ-ਚਰਚਾ ਕੀਤੀ।ਇਸ ਮੌਕੇ 'ਤੇ ਯੂ.ਆਈ.ਐਲ. ਐਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ. ਵੀਰਿੰਦਰ ਨੇਗੀ, ਪ੍ਰੋ. ਮਨੂ ਡੋਗਰਾ, ਡਾ. ਵਿਨੇਅ ਅਰੋੜਾ, ਡਾ. ਐਸ. ਐਸ. ਬੰਬਰ (ਯੂ.ਆਈ.ਈ. ਟੀ), ਪ੍ਰੋ. ਮੋਨਿਕਾ ਨੇਗੀ, ਡਾ. ਵਿਨੇਅ ਸ਼ਰਮਾ, ਡਾ. ਸੁਖਬੀਰ ਕੌਰ, ਡਾ. ਰਿਤੂ ਸਲਾਰੀਆ (ਯੂ.ਆਈ.ਐਲ. ਐਸ) ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਡਾ. ਚੱਢਾ ਨੇ ਆਪਣੇ ਸੰਬੋਧਨ ਦੌਰਾਨ



ਕਿਹਾ ਕਿ ਉਨ੍ਹਾਂ ਦਾ ਹੁਸ਼ਿਆਰਪੁਰ ਨਾਲ ਡੂੰਘਾ ਜੁੜਾਅ ਹੈ ਅਤੇ ਉਹ ਇੱਥੇ ਦੀ ਸਿੱਖਿਆਤਮਕ ਅਤੇ ਸਮਾਜਿਕ ਤਰੱਕੀ ਲਈ ਹਮੇਸ਼ਾ ਯੋਗਦਾਨ ਦੇਣ ਲਈ ਤਤਪਰ ਹਨ।ਇਸ ਮੌਕੇ 'ਤੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੀ ਵੱਡੀ ਗਿਣਤੀ ਮੌਜੂਦ ਰਹੀ। ਪ੍ਰੋਫੈਸਰ ਨੇਗੀ ਨੇ ਕਿਹਾ ਕਿ ਇਸ ਉਦਮ ਨੇ ਸਿੱਖਿਆ ਅਤੇ ਉਦਯੋਗ ਖੇਤਰ ਦੇ ਵਿਚਕਾਰ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਅਤੇ ਭਵਿੱਖ ਵਿੱਚ ਅਜਿਹੇ ਸੰਵਾਦਾਂ ਦੀ ਲੋੜ ਨੂੰ ਉਜਾਗਰ ਕੀਤਾ।

# ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ 'ਹਰਿਆਵਲ ਲਹਿਰ' ਦੀ ਹੋਵੇਗੀ ਸ਼ੁਰੂਆਤ : ਡੀ ਐੱਫ਼ ਓ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੰਡਲ ਜੰਗਲਾਤ ਅਫਸਰ ਹੁਸ਼ਿਆਰਪੁਰ ਅਮਨੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ 'ਹਰਿਆਵਲ ਲਹਿਰ' ਅਭਿਆਨ ਅਧੀਨ ਹਰ ਜ਼ਿਲ੍ਹੇ ਵਿੱਚ 3,50,000 ਬੂਟੇ ਲਗਾਏ ਜਾਣਗੇ। ਇਸ ਤਹਿਤ, ਹੁਸ਼ਿਆਰਪੁਰ ਵਨ ਮੰਡਲ ਵੱਲੋਂ ਸਾਲ 2025-26 ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਪੌਦੇ ਲਗਾਏ ਜਾਣਗੇ। ਡੀਐਫ਼ਓ ਅਮਨੀਤ ਸਿੰਘ ਨੇ ਦੱਸਿਆ ਕਿ ਵਨ ਮੰਡਲ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਅਧੀਨ ਪੌਧਾਰੋਪਣ ਲਈ ਵਿਸਥਾਰਪੂਰਕ ਯੋਜਨਾ ਤਿਆਰ ਕੀਤੀ ਗਈ ਹੈ। ਜਿਸ ਅਧੀਨ ਕੈਂਪਾ ਸਕੀਮ ਹੇਠ 75,829 ਬੂਟੇ, ਪਨਕੈਂਪਾਂ 'ਚ 20,000 ਬੂਟੇ, ਗ੍ਰੀਨ ਪੰਜਾਬ ਮਿਸ਼ਨ ਅਧੀਨ 66,000 ਬੂਟੇ ਲਗਾਏ ਜਾਣਗੇ। ਇਨ੍ਹਾਂ ਤੋਂ ਇਲਾਵਾ ਮਨਰੇਗਾ ਯੋਜਨਾ ਹੇਠ 96,600 ਅਤੇ ਏਗਰੋ ਫਾਰੈਸਟਰੀ ਯੋਜਨਾ ਹੇਠ ਲਿੰਕ ਰੋਡਾਂ 'ਤੇ ਲਗਭਗ 30,000 ਬੂਟੇ ਲਗਾਏ ਜਾਣਗੇ। ਉਹਨਾਂ ਨੇ ਦੱਸਿਆ ਕਿ ਗ੍ਰੀਨ ਪੰਜਾਬ ਮਿਸ਼ਨ ਯੋਜਨਾ ਤਹਿਤ ਹੁਸ਼ਿਆਰਪੁਰ ਵਨ ਮੰਡਲ ਵੱਲੋਂ ਸਕੂਲਾਂ ਤੇ ਕਾਲਜਾਂ ਵਿੱਚ 15, ਉਦਯੋਗਿਕ ਖੇਤਰਾਂ ਵਿੱਚ 8 'ਨਾਨਕ ਬਗੀਚੀਆਂ' ਅਤੇ 5 'ਪਵਿੱਤਰ ਵਣ' ਵੀ ਵਿਕਸਤ ਕੀਤੇ ਜਾਣਗੇ।'ਇਕ ਰੁੱਖ ਮਾਂ ਦੇ ਨਾਂਅ' ਮੁਹਿੰਮ ਅਧੀਨ ਸਕੂਲਾਂ ਵਿੱਚ ਵਿਸ਼ੇਸ਼ ਤੌਰ 'ਤੇ ਔਸ਼ਧੀ ਅਤੇ ਪੌਸ਼ਟਿਕਤਾ ਵਾਲੇ ਬੂਟੇ ਲਗਾਏ ਜਾਣਗੇ। ਕੁੱਲ ਮਿਲਾ ਕੇ, ਹੁਸ਼ਿਆਰਪੁਰ ਵਨ ਮੰਡਲ ਦਾ ਲਕੜ 2025-26 ਵਿਚ ਲਗਭਗ 5 ਲੱਖ ਬੂਟੇ ਲਗਾਉਣ ਦਾ ਹੈ।

# ਡਾ. ਰਾਜ ਕੁਮਾਰ ਚੱਬੇਵਾਲ ਨੇ ਹਾਜੀਪੁਰ 'ਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਹਾਜੀਪੁਰ 'ਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ।ਹਾਜੀਪੁਰ ਦੇ ਵਿਸ਼ਰਾਮ ਘਰ ਵਿਚ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੇ ਹਾਜੀਪੁਰ ਨਾਲ ਸਬੰਧਤ ਕਈ ਅਹਿਮ ਮੁੱਦੇ ਉਨ੍ਹਾਂ ਦੇ ਸਾਹਮਣੇ ਰੱਖੇ ਹਨ ਜਿਨ੍ਹਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਲੋਕ ਸਭਾ ਮੈਂਬਰ ਨੇ ਜਾਣਕਾਰੀ ਦਿੱਤੀ ਕਿ 'ਰੰਗਲਾ ਪੰਜਾਬ' ਯੋਜਨਾ ਤਹਿਤ ਪਿੰਡਾਂ ਵਿਚ ਫੰਡ ਆਏ ਹਨ, ਜਿਸ ਨਾਲ ਕਈ ਵਿਕਾਸ ਕੰਮ ਹੋਣਗੇ,



ਇਸ ਤੋਂ ਇਲਾਵਾ 15ਵੇਂ ਵਿੱਤ ਕਮਿਸ਼ਨ ਤਹਿਤ ਮਿਲਣ ਵਾਲੇ ਫੰਡ ਨਾਲ ਹਾਜੀਪੁਰ ਹਲਕੇ ਦੀਆਂ ਕਈ ਸਮੱਸਿਆਵਾਂ ਦਾ ਹੱਲ ਸੰਭਵ ਹੋਵੇਗਾ। ਇਕ ਸਵਾਲ ਦੇ ਜਵਾਬ ਵਿਚ ਡਾ. ਚੱਬੇਵਾਲ ਨੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਰਾਜ ਸਰਕਾਰ ਦਾ ਸਮੇਂ ਸਿਰ ਅਤੇ ਜ਼ਰੂਰੀ ਕਦਮ ਹੈ।ਉਨ੍ਹਾਂ ਕਿਹਾ ਕਿ ਇਸ ਸੈਸ਼ਨ ਵਿਚ ਨਸ਼ਾ ਵਿਰੋਧੀ ਅਭਿਆਨ ਅਤੇ ਕਈ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ, ਜਿਸ ਨਾਲ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਪਰਾਲਿਆਂ ਨੂੰ ਮਜ਼ਬੂਤੀ ਮਿਲੇਗੀ। ਡਾ. ਚੱਬੇਵਾਲ ਨੇ ਪਿੰਡ ਗੇਰਾ ਵਿਚ ਐਮ ਪੀ ਫੰਡ ਨਾਲ ਬਣੀ ਕਰੀਬ 6 ਲੱਖ ਰੁਪਏ ਦੀ ਲਾਗਤ ਵਾਲੀ ਇੰਟਰਲਾਕਿੰਗ ਗਲੀ ਦਾ ਉਦਘਾਟਨ ਕੀਤਾ।ਪਿੰਡ ਮਨਸੂਰਪੁਰ ਦੇ ਇਕ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹੋਏ ਲੋਕ ਸਭਾ ਮੈਂਬਰ ਨੇ ਐਮ.ਪੀ. ਲੈਂਡ ਫੰਡ ਵਿਚੋਂ 10 ਲੱਖ ਰੁਪਏ ਦੀ ਸੀਵਰੇਜ਼ ਯੋਜਨਾ ਦੇਣ ਦੀ ਘੋਸ਼ਣਾ ਕੀਤੀ। ਇਸ ਮੌਕੇ ਪਿੰਡ ਦੀ ਵਰਤਮਾਨ ਪੰਚਾਇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਈ। ਡਾ. ਚੱਬੇਵਾਲ ਨੇ ਸਾਰੇ ਨਵ-ਨਿਯੁਕਤ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਬਣਦਾ ਮਾਨ-ਸਨਮਾਨ ਮਿਲੇਗਾ।ਡਾ. ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਮ ਇਸ ਦੌਰਾਨ ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਇੰਚਾਰਜ ਪ੍ਰੋ: ਜੀ.ਐਸ. ਮੁਲਤਾਨੀ, ਐਸ.ਡੀ.ਐਮ ਕੰਵਲਜੀਤ ਸਿੰਘ, ਸੁਲੱਖਣ ਸਿੰਘ ਜੱਗੀ, ਚਤਰ ਸਿੰਘ ਅਤੇ ਹੋਰ ਪਤਵੰਤੇ ਅਤੇ ਅਧਿਕਾਰੀ ਵੀ ਮੌਜੂਦ ਸਨ।

# ਡਾ. ਮਿੱਤਲ ਨੇ ਸੂਬੇ ਦੇ ਰਿਕਾਰਡ 44.44% ਜੀ ਐਸ ਟੀ ਵਾਧੇ 'ਤੇ ਮੁੱਖ ਮੰਤਰੀ ਦੀ ਕੀਤੀ ਸ਼ਲਾਘਾ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਦੇ ਵਸਤੂ ਅਤੇ ਸੇਵਾਵਾਂ ਟੈਕਸ (ਜੀਐਸਟੀ) ਸੰਗ੍ਰਹਿ ਵਿੱਚ 44.44% ਦੇ ਸ਼ਾਨਦਾਰ ਵਾਧੇ ਤੋਂ ਬਾਅਦ, ਰਾਜ ਸਭਾ ਮੈਂਬਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦਿੱਤੀ।ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਨੇ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜੀਐਸਟੀ ਵਿੱਚ ਸ਼ਾਨਦਾਰ ਵਾਧਾ ਪੰਜਾਬ ਦੀ ਵੱਧ ਰਹੀ ਖੁਸ਼ਹਾਲੀ ਅਤੇ ਇਸਦੇ



ਲੋਕਾਂ ਦੁਆਰਾ ਵਧੀ ਹੋਈ ਖਰੀਦਦਾਰੀ ਦਾ ਪ੍ਰਮਾਣ ਹੈ।ਡਾ. ਮਿੱਤਲ ਨੇ ਕਿਹਾ, 'ਜੀਐਸਟੀ ਰੇਵਨਯੂ ਵਿੱਚ 44.44 ਪ੍ਰਤੀਸ਼ਤ ਵਾਧਾ ਇੱਕ ਖੁਸ਼ਹਾਲ ਪੰਜਾਬ ਦਾ ਨਤੀਜਾ ਹੈ ਜਿੱਥੇ ਲੋਕ ਵਧੇਰੇ ਖਰੀਦਦਾਰੀ ਕਰ ਰਹੇ ਹਨ, ਜਿਸ ਨਾਲ ਵਧੇਰੇ ਵਿਕਰੀ ਹੋ ਰਹੀ ਹੈ ਅਤੇ ਇਸ ਤਰ੍ਹਾਂ ਜੀਐਸਟੀ ਸੰਗ੍ਰਹਿ ਵੱਧ ਹੋ ਰਿਹਾ ਹੈ। ਇਹ ਸੀਐਮ ਭਗਵੰਤ ਮਾਨ ਦੇ 'ਰੰਗਲਾ ਪੰਜਾਬ' ਦੇ ਦ੍ਰਿਸ਼ਟੀਕੋਣ ਦਾ ਮੂਲ ਹੈ।' ਜੂਨ 2025 ਵਿੱਚ ਪੰਜਾਬ ਦਾ ਸ਼ੁੱਧ ਜੀਐਸਟੀ ਸੰਗ੍ਰਹਿ 2,379.90 ਕਰੋੜ ਰੁਪਏ ਤੱਕ ਪਹੁੰਚ ਗਿਆ। ਇਹ ਅੰਕੜਾ ਜੂਨ 2024 ਵਿੱਚ ਇਕੱਠੇ ਕੀਤੇ ਗਏ 1,647.69 ਕਰੋੜ ਰੁਪਏ ਦੇ ਮੁਕਾਬਲੇ 44.44 ਪ੍ਰਤੀਸ਼ਤ ਦੇ ਪ੍ਰਭਾਵਸ਼ਾਲੀ ਵਾਧੇ ਨੂੰ ਦਰਸਾਉਂਦਾ ਹੈ। ਰੈਵਨਿਊ ਵਿੱਚ ਇਹ ਮਹੱਤਵਪੂਰਨ ਵਾਧਾ ਰਾਜ ਦੇ ਅੰਦਰ ਮਜ਼ਬੂਤ ਆਰਥਿਕ ਗਤੀਵਿਧੀਆਂ ਨੂੰ ਉਜਾਗਰ ਕਰਦਾ ਹੈ।ਡਾ. ਮਿੱਤਲ ਨੇ ਅੱਗੇ ਜ਼ੋਰ ਦਿੱਤਾ ਕਿ ਇਹ ਵਾਧਾ ਨਾ ਸਿਰਫ ਰਾਸ਼ਟਰੀ ਔਸਤ ਨੂੰ ਪਾਰ ਕਰ ਗਿਆ ਹੈ ਬਲਕਿ ਟੈਕਸ ਸੰਗ੍ਰਹਿ ਵਿੱਚ ਪੰਜਾਬ ਨੂੰ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਵੀ ਰੱਖਦਾ ਹੈ, ਜੋ ਕਿ ਸਰਕਾਰ ਦੇ ਪ੍ਰਭਾਵਸ਼ਾਲੀ ਵਿੱਤੀ ਪ੍ਰਬੰਧਨ ਅਤੇ ਰਾਜ ਦੇ ਆਰਥਿਕ ਵਿਕਾਸ ਵਿੱਚ ਜਨਤਾ ਦੀ ਸਰਗਰਮ ਭਾਗੀਦਾਰੀ ਨੂੰ ਦਰਸਾਉਂਦਾ ਹੈ।

# 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਚਲਾਈ ਮੁਹਿੰਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਹਾਰਟਾ ਬਡਲਾ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਪੇਂਡੂ ਸਿਹਤ, ਸਫਾਈ ਤੇ ਪੋਸ਼ਣ ਕਮੇਟੀਆਂ ਨਾਲ ਇੱਕਜੁੱਟ ਹੋਕੇ ਬਲਾਕ ਹਾਰਟਾ ਬਡਲਾ ਵਿਖੇ ਡੇਂਗੂ ਦੀ ਰੋਕਥਾਮ ਸੰਬੰਧੀ 'ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ' ਮੁਹਿੰਮ ਤਹਿਤ ਗਤੀਵਿਧੀਆਂ ਕੀਤੀਆਂ ਗਈਆਂ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਐਸ ਐਮ ਓ ਡਾ. ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰ ਦੇ ਹੁਕਮਾਂ ਮੁਤਾਬਿਕ ਸੀ.ਐਚ.ਸੀ ਹਾਰਟਾ ਬਡਲਾ ਦੀ ਟੀਮ ਵਲੋਂ ਬਲਾਕ ਅਧੀਨ ਪੈਂਦੇ ਪਿੰਡਾਂ ਦੀਆਂ ਪੇਂਡੂ ਸਿਹਤ, ਸਫਾਈ ਤੇ ਪੋਸ਼ਣ ਕਮੇਟੀਆਂ ਨਾਲ ਮਿਲ ਕੇ ਪਿੰਡਾਂ ਦੇ ਲੋਕਾਂ ਨੂੰ ਡੇਂਗੂ ਦੇ ਲੱਛਣਾ, ਰੋਕਥਾਮ ਅਤੇ ਬਚਾਓ ਸੰਬਧੀ ਜਾਗਰੂਕ ਕੀਤਾ ਗਿਆ।ਉਨ੍ਹਾਂ ਦੱਸਿਆ ਗਿਆ ਕਿ ਡੇਂਗੂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਜੋ ਕਿ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ।ਇਸ ਦੇ ਕੱਟਣ ਨਾਲ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਅਤੇ ਨੱਕ ਆਦਿ ਵਿੱਚੋਂ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਤਰਾਂ ਦਾ ਬੁਖਾਰ ਹੋਣ ਦੀ ਸੂਰਤ ਵਿੱਚ ਜਲਦੀ ਤੋਂ ਜਲਦੀ ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਆਪਣਾ ਟੈਸਟ ਕਰਵਾਉਣਾ ਚਾਹੀਦਾ ਹੈ। ਡੇਂਗੂ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਅਤੇ ਆਮ ਆਦਮੀ ਕਲੀਨਿਕਾਂ ਵਿੱਚ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਲੋਕਾਂ ਨੂੰ ਡੇਂਗੂ ਤੋਂ ਬਚਾਓ ਸੰਬਧੀ ਪੈਂਫਲੈਟ ਵੀ ਵੰਡੇ ਗਏ।



7-JULY-PAGE-10.qxd 7/6/2025 9:07 PM Page 1



## ਡਾ. ਅੰਬੇਡਕਰ ਦੀ ਜੀਵਨੀ ਤੇ ਮਿਸ਼ਨ ਤਹਿਤ ਮੁਕਾਬਲਾ 24 ਅਗਸਤ ਨੂੰ



**ਬੁਢਲਾਡਾ (ਅਸ਼ੋਕ ਲਾਕੜਾ)**-ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵੱਲੋਂ ਬਾਬਾ ਸਾਬ੍ਹ ਡਾਕਟਰ ਭੀਮ ਰਾਓ ਅੰਬੇਡਕਰ ਦੀ ਜੀਵਨੀ ਤੇ ਮਿਸ਼ਨ ਤਹਿਤ 16ਵਾਂ ਬੁੱਕ ਮੁਕਾਬਲਾ ਮਿਤੀ 24 ਅਗਸਤ ਨੂੰ ਪੂਰੇ ਪੰਜਾਬ ਵਿਚ ਸੈਂਟਰ ਬਣਾ ਕੇ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਵਿਚ ਦੋ ਵਰਗ ਬਣਾਏ ਹਨ ਜਿਵੇਂ : 6ਵੀਂ ਤੋਂ 12ਵੀਂ ਤੇ 12ਵੀਂ ਤੋਂ 40 ਸਾਲ ਦੀ ਉਮਰ ਭਾਗ ਤੱਕ ਵਿਦਿਆਰਥੀ ਭਾਗ ਲੈ ਸਕਦੇ ਹਨ। ਦੋਵੇਂ ਵਰਗਾਂ ਵਿੱਚ ਪ੍ਰਸ਼ਿਸ਼ਠਤ ਹਾਸਲ ਕਰਨ ਵਾਲਿਆਂ ਨੂੰ 50,000, 20,000, 10,000 ਅਤੇ ਮੈਰਿਟ ਵਿੱਚ ਆਉਣ ਵਾਲੇ 250 ਬੱਚਿਆਂ ਨੂੰ 1000, 1000 ਰੁਪਏ ਦਿੱਤਾ ਜਾਵੇਗਾ। ਉਸ ਤੋਂ ਬਾਅਦ ਪ੍ਰਸ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਦਾ ਫਾਈਨਲ ਮੁਕਾਬਲਾ ਹੋਵੇਗਾ ਜਿਸ ਦਾ ਇਨਾਮ 21,000, 18,000, 15,000, 12000 ਅਤੇ 9000 ਹੋਵੇਗਾ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੂਰਨ ਸਿੰਘ ਬੱਛੋਆਣਾ ਨੇ ਦੱਸਿਆ ਮੇਰੇ ਨਾਲ ਮੇਰੇ ਸਾਥੀ ਜਿਨ੍ਹਾਂ ਵਿੱਚ ਬੱਛੋਆਣਾ ਤੋਂ ਗੁਰਪਿਆਰ ਸਿੰਘ, ਅੰਗਰੇਜ਼ ਸਿੰਘ, ਅਰਸ਼ਦੀਪ ਸਿੰਘ, ਬਾਈ ਰਾਣਾ, ਆਗਿਆਪਾਲ, ਜੱਗਾ, ਧਰਮੀ, ਬਰੇਟਾ ਤੋਂ ਗੁਰਤੇਜ ਸਿੰਘ, ਤਰਸੇਮ ਸਿੰਘ ਬਬਲੀ, ਹਰਪਾਲ ਸਿੰਘ ਸੈਨੀ, ਬਹਾਦਰਪੁਰ ਤੋਂ ਨਿੱਕਾ ਸਿੰਘ, ਜੱਗਾ ਸਿੰਘ, ਲਹਿਰਾਗਾਗਾ ਤੋਂ ਹਰਪ੍ਰੀਤ ਸਿੰਘ, ਬਾਬਾ ਗੁਰਜੀਤ ਸਿੰਘ, ਲੌਂਗੋਵਾਲ ਤੋਂ ਹਰਪ੍ਰੀਤ ਸਿੰਘ, ਐਡਵੋਕੇਟ ਹੰਸਰਾਜ ਬਖਸ਼ੀਵਾਲਾ ਅਤੇ ਪ੍ਰਧਾਨ ਬਿੱਟੂ ਸਿੰਘ, ਖਾਰਾ ਤੋਂ ਮਾਸਟਰ ਕਰਮਜੀਤ ਸਿੰਘ, ਬੂਟਾ ਸਿੰਘ, ਮਾਸਟਰ ਰਾਮ ਸਿੰਘ ਰੰਗਾਖੇੜਾ ਆਦਿ ਪੂਰੀ ਟੀਮ ਕੰਮ ਕਰ ਰਹੀ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਨੂੰ ਏ ਸੀ ਭੇਟ



**ਸ਼ੇਰਪੁਰ (ਰਵੀ ਟਿੱਬਾ)**-ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਸਕੂਲ ਦੇ ਮੁਖੀ ਕੁਲਵਿੰਦਰ ਸਿੰਘ ਖੇੜੀ ਦੀ ਅਗਵਾਈ ਵਿੱਚ ਸਮੂਹ ਸਟਾਫ ਵੱਲੋਂ ਡੇਰਾ ਸਾਹਿਬ ਕਾਤਰੋਂ ਦੇ ਦਰਸ਼ਨ ਕੀਤੇ ਗਏ ਅਤੇ ਬਾਬਾ ਬੂਟਾ ਸਿੰਘ ਨੂੰ ਹੁੰਮ ਭਰੀ ਗਰਮੀ ਕਾਰਨ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਗਿਆ। ਡੇਰਾ ਸਾਹਿਬ ਕਾਤਰੋਂ ਦੀ ਸਮੂਹ ਸੰਗਤ ਵੱਲੋਂ ਤੁਰੰਤ ਹੀ ਇੱਕ ਏ ਸੀ ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਵਿਖੇ ਭੇਜਿਆ ਗਿਆ, ਜਦੋਂ ਏ ਸੀ ਸਕੂਲ ਵਿੱਚ ਪਹੁੰਚਿਆ ਤਾਂ ਬੱਚਿਆਂ ਦੇ ਚਿਹਰਿਆਂ 'ਤੇ ਰੌਣਕ ਆ ਗਈ। ਸਮੂਹ ਸਟਾਫ ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ, ਸਰਪੰਚ ਅਤੇ ਗ੍ਰਾਮ ਪੰਚਾਇਤ ਕਾਤਰੋਂ, ਸਕੂਲ ਮੈਨੇਜਮੈਂਟ ਕਮੇਟੀ ਕਾਤਰੋਂ ਵੱਲੋਂ ਡੇਰਾ ਸਾਹਿਬ ਦੀ ਸਮੂਹ ਸੰਗਤ ਦਾ ਕੋਟਨ ਕੋਟ ਧੰਨਵਾਦ ਕੀਤਾ ਗਿਆ। ਇਸ ਸਮੇਂ ਸ੍ਰੀਮਤੀ ਜਸਪ੍ਰੀਤ ਕੌਰ, ਅਮਨਦੀਪ ਕੌਰ, ਬਲਜੀਤ ਕੌਰ, ਸਤਵੰਤ ਕੌਰ, ਰਜਿੰਦਰ ਕੌਰ, ਸੁਖਵਿੰਦਰ ਕੌਰ, ਹਰਵਿੰਦਰ ਕੌਰ ਅਤੇ ਸਕੂਲ ਦੇ ਸਮੂਹ ਵਿਦਿਆਰਥੀ ਹਾਜ਼ਰ ਸਨ। ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਦੇ ਸਮੂਹ ਸਟਾਫ ਵੱਲੋਂ ਦਾਨੀ ਸੱਜਣਾਂ ਨੂੰ ਏ ਸੀ ਦੇਣ ਤੇ ਸੀ ਲਈ ਬੇਨਤੀ ਕੀਤੀ।

## ਗੁਰੂ ਨਾਨਕ ਨੈਸ਼ਨਲ ਕਾਲਜ ਦਾ ਬੀ. ਕਾਮ ਦਾ ਨਤੀਜਾ ਸ਼ਾਨਦਾਰ





**ਦੋਰਾਹਾ (ਹਰਮਿੰਦਰ ਸੇਨ)**-ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਬੀ.ਕਾਮ ਛੇਵੇਂ ਸਮੈਸਟਰ ਦੇ ਨਤੀਜੇ ਐਲਾਨੇ ਗਏ, ਜਿਨ੍ਹਾਂ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਵਿਦਿਆਰਥੀਆਂ ਨੇ ਖੂਬ ਮੱਲਾਂ ਮਾਰੀਆਂ।ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਬੀ.ਕਾਮ ਛੇਵੇਂ ਸਮੈਸਟਰ ਵਿੱਚੋਂ ਜਸਮੀਤ ਕੌਰ ਨੇ 75.5% ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ, ਦੀਸ਼ਾ ਨੇ 73.7% ਅੰਕ ਪ੍ਰਾਪਤ ਕਰਕੇ ਦੂਜਾ ਤੇ ਕ੍ਰਮੀ ਨੇ 73% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਸ਼ਾਨਦਾਰ ਨਤੀਜਿਆਂ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਵਿਸ਼ੇਸ਼ ਕਰਕੇ ਅਧਿਆਪਕਾਂ ਨੂੰ ਵਧਾਈ ਦਿੱਤੀ।

## ਕੋਰਟ ਕੰਪਲੈਕਸ 'ਚ ਲਗਾਏ ਪੌਦੇ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵੀਰਇੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਦੇ ਸਹਿਯੋਗ ਨਾਲ ਕੋਰਟ ਕੰਪਲੈਕਸ ਫਰੀਦਕੋਟ ਵਿਖੇ ਸਾਰੇ ਜੁਡੀਸ਼ੀਅਲ ਅਫਸਰ ਸਾਹਿਬਾਨ ਨੇ ਬੂਟੇ ਲਗਾਏ। ਇਸ ਤੋਂ ਇਲਾਵਾ ਪ੍ਰਧਾਨ ਬਾਰ ਐਸੋਸੀਏਸ਼ਨ ਫਰੀਦਕੋਟ ਅਤੇ ਐੱਲ.ਏ.ਡੀ.ਸੀ.ਐੱਸ. ਵਕੀਲ ਸਾਹਿਬਾਨ ਨੇ ਵੀ ਬੂਟੇ ਲਗਾਏ।ਇਸ ਮੌਕੇ ਤਕਰੀਬਨ 500 ਤੋਂ ਵੱਧ ਬੂਟੇ ਜੁਡੀਸ਼ੀਅਲ ਅਫਸਰ ਸਾਹਿਬਾਨ ਅਤੇ ਵਕੀਲ ਸਾਹਿਬਾਨ ਵੱਲੋਂ ਆਮ ਜਨਤਾ ਨੂੰ ਵੰਡੇ ਗਏ ਤਾਂ ਜੋ ਉਹ ਉਨ੍ਹਾਂ ਨੂੰ ਆਪਣੀਆਂ ਨਜ਼ਦੀਕੀ ਥਾਵਾਂ ਉੱਤੇ ਇਹ ਬੂਟੇ ਲਾ ਕੇ ਧਰਤੀ ਨੂੰ ਹਰਿਆ-ਭਰਿਆ ਰੱਖਣ ਵਿੱਚ ਆਪਣਾ-ਆਪਣਾ ਯੋਗਦਾਨ ਪਾਉਣ। ਕੋਰਟ ਕੰਪਲੈਕਸ ਜੈਤੋ ਵਿਖੇ ਵੀ ਸਬ ਡਵੀਜਨਲ ਮੈਜਿਸਟ੍ਰੇਟ ਅਤੇ ਪ੍ਰਧਾਨ ਬਾਰ ਐਸੋਸੀਏਸ਼ਨ ਜੈਤੋ ਅਤੇ ਵਕੀਲ ਸਾਹਿਬਾਨ ਵੱਲੋਂ ਕੋਰਟ ਕੰਪਲੈਕਸ ਜੈਤੋ ਵਿਖੇ ਬੂਟੇ ਲਗਾਏ ਗਏ ਤਾਂ ਜੋ ਧਰਤੀ ਦੀ ਵਧ ਰਹੀ ਤਪਸ਼ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਣ ਨੂੰ ਸਾਫ ਅਤੇ ਸ਼ੁੱਧ ਰੱਖਿਆ ਜਾ ਸਕੇ। ਇਸ ਦੇ ਨਾਲ ਹੀ ਜੱਜ ਸਾਹਿਬਾਨ ਅਤੇ ਵਕੀਲ ਸਾਹਿਬਾਨ ਨੇ ਇਨ੍ਹਾਂ ਲਗਾਏ ਬੂਟਿਆਂ ਦੀ ਸਾਂਭ-ਸੰਭਾਲ ਦਾ ਪ੍ਰਣ ਲਿਆ

## ਪੰਜਾਬ ਸਰਕਾਰ ਕਿਸਾਨ, ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਯਤਨਸ਼ੀਲ : ਵਿਧਾਇਕ ਬੁੱਧ ਰਾਮ



**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਸਦਾ ਯਤਨਸ਼ੀਲ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਮਾਰਕਿਟ ਕਮੇਟੀ ਦਫਤਰ, ਬੁਢਲਾਡਾ ਵਿਖੇ ਖੇਤੀ ਹਾਦਸੇ ਦੀ ਪੀੜਤ ਵਿਅਕਤੀ ਨੂੰ 48 ਹਜ਼ਾਰ ਰੁਪਏ ਦਾ ਚੈੱਕ ਸੌਂਪਣ ਮੌਕੇ ਕੀਤਾ । ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਮਜ਼ਦੂਰਾਂ ਦੀ ਰਾਹਤ ਵਾਸਤੇ ਹਰ ਯਤਨ ਕਰ ਰਹੀ ਹੈ । ਸਰਕਾਰ ਦੇ ਯਤਨਾਂ ਸਦਕਾ ਖੇਤਾਂ ਵਿੱਚ ਨਹਿਰੀ ਪਾਣੀ ਉਨ੍ਹਾਂ ਥਾਵਾਂ 'ਤੇ ਵੀ ਨਹਿਰੀ ਪਾਣੀ ਪਹੁੰਚਿਆ ਹੈ ਜਿੱਥੇ ਕਦੇ ਕਿਸਾਨਾਂ ਨੇ ਨਹਿਰੀ ਪਾਣੀ ਆਉਣ ਦੀ ਉਮੀਦ ਵੀ ਤਿਆਗ ਨਹੀਂ ਕੀਤੀ ਸੀ । ਇਹ ਸਭ ਚੰਗੀ ਨੀਅਤ ਅਤੇ ਨੇਕ ਇਰਾਦੇ ਦੇ ਚਲਦਿਆਂ ਹੀ ਸੰਭਵ ਹੋਇਆ ਹੈ । ਉਨ੍ਹਾਂ ਕਿਹਾ ਕਿ ਖੇਤੀਬਾੜੀ ਦੇ ਕੰਮ ਦੌਰਾਨ ਕਿਸੇ ਵੀ ਤਰ੍ਹਾਂ ਦੇ ਹਾਦਸੇ ਦਾ ਸ਼ਿਕਾਰ ਵਿਅਕਤੀਆਂ ਲਈ ਵੀ ਪੰਜਾਬ ਸਰਕਾਰ ਵੱਲੋਂ ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਜਾਂਦੀ ਹੈ, ਜਿਸ ਤਹਿਤ ਪਿੰਡ ਧਰਮਪੁਰਾ ਦੇ ਵਾਸੀ ਗੁਰਤੇਜ ਸਿੰਘ ਨੂੰ 48 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ ਤਾਂ ਜੋ ਉਸ ਦੇ ਇਲਾਜ ਦੀ ਭਰਪਾਈ ਹੋ ਸਕੇ ਅਤੇ ਪੀੜਤ 'ਤੇ ਆਰਥਿਕ ਬੋਝ ਨਾ ਪਵੇ । ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਬੁਢਲਾਡਾ ਸਤੀਸ਼ ਸਿੰਗਲਾ, ਜ਼ਿਲ੍ਹਾ ਮੰਡੀ ਅਫ਼ਸਰ ਅਮਨ ਮੰਗਲਾ, ਸਕੱਤਰ ਮਾਰਕਿਟ ਕਮੇਟੀ ਗੁਰਲਾਲ ਸਿੰਘ, ਦਿਨੇਸ਼ ਕੁਮਾਰ, ਕਾਲਾ ਸਰਜੇਆਲਾ, ਰਿਕੂ ਆਤੂਰੀਆ ਆਦਿ ਮੌਜੂਦ ਸਨ।

## ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ : ਅਰੁਣ ਗੁਪਤਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਧ ਰਿਹਾ ਤਾਪਮਾਨ ਸਮੁੱਚੀ ਮਨੁੱਖਤਾ ਲਈ ਬਹੁਤ ਵੱਡੀ ਚੁਣੌਤੀ ਬਣ ਗਿਆ ਹੈ, ਜਿਸ ਦਾ ਮੁੱਖ ਕਾਰਨ ਉਦਯੋਗੀਕਰਨ ਤੇ ਸ਼ਹਿਰੀਕਰਨ ਲਈ ਦਰੱਖਤਾਂ ਦੀ ਅੰਧਾਧੁੰਦ ਕਟਾਈ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਵੱਧ ਤੋਂ ਵੱਧ ਦਰਖਤ ਲਗਾਉਣੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਨੇ ਕਚਹਿਰੀਆਂ ਦੇ ਪਾਰਕ ਵਿੱਚ ਪੌਦਾ ਲਗਾ ਕੇ ਰੁੱਖ ਲਗਾਉਣ ਦੀ ਮੁਹਿੰਮ ਦਾ ਵਿਸਥਾਰ ਕਰਦੇ ਹੋਏ ਕੀਤਾ।ਇਸ ਮੌਕੇ ਸਾਰੇ ਜੁਡੀਸ਼ੀਅਲ ਅਫਸਰਾਂ ਨੇ ਪਾਰਕ ਵਿੱਚ ਪੌਦੇ ਲਗਾ ਕੇ ਇਸ ਰੁੱਖ ਸਮਾਗਮ ਵੀ ਕੀਤਾ ਗਿਆ। ਗੁਪਤਾ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰੁੱਖ ਲਗਾਉਣ ਦੀ ਮੁਹਿੰਮ ਦਾ ਵਿਸਥਾਰ ਹੁਣ 30 ਜੁਲਾਈ ਤੱਕ ਕਰ ਦਿੱਤਾ ਹੈ, ਕਿਉਂਕਿ ਬਰਸਾਤ ਦਾ ਮੌਸਮ, ਪੌਦਿਆਂ ਲਈ ਅਨੁਕੂਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਮੁਹਿੰਮ 5 ਜੂਨ ਤੋਂ 30 ਜੂਨ ਤੱਕ ਚੱਲਣੀ ਸੀ।ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਹਰ ਨਾਗਰਿਕ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਏ ਅਤੇ ਰੁੱਖ ਦੇ ਸਰਪ੍ਰਸਤ ਬਣ ਕੇ ਸਾਂਭ-ਸੰਭਾਲ ਕਰੀਏ, ਤਾਂ ਜੋ ਅਸੀਂ ਆਪਣੇ ਵਾਤਾਵਰਣ ਅਤੇ ਭਵਿੱਖ ਨੂੰ ਬਚਾ ਸਕੀਏ। ਇਸ ਮੌਕੇ ਅਸ਼ੋਕ ਕੁਮਾਰ ਚੌਹਾਨ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕਿਹਾ ਕਿ ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਆਖਿਆ ਕਿ ਵਾਤਾਵਰਣ ਦੀ ਸੰਭਾਲ ਵਿੱਚ ਸੰਜੀਦਾ ਹੋ ਕੇ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

# ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪਿੰਡਾਂ 'ਚ ਬਣਾਏ ਜਾ ਰਹੇ ਹਨ ਖੇਡ ਸਟੇਡੀਅਮ : ਕਾਕਾ ਬਰਾੜ

**ਵਿਧਾਇਕ ਨੇ 21 ਹਜ਼ਾਰ ਰੁਪਏ ਦੀ ਦਿੱਤੀ ਸਹਿਯੋਗ ਰਾਸ਼ੀ**



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)**-ਹਲਕੇ ਦੇ ਪਿੰਡ ਲੁਬਾਣਿਆਂਵਾਲੀ ਵਿਖੇ ਧੰਨ ਧੰਨ 108 ਸੰਤ ਬਾਬਾ ਦਿਆਲ ਦਾਸ ਜੀ ਦੀ 61ਵੀਂ ਬਰਸੀ ਦੇ ਸ਼ੁੱਭ ਦਿਹਾੜੇ 'ਤੇ ਨਗਰ ਨਿਵਾਸਿਆਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਓਪਨ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ ਤੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਦੌਰਾਨ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਸੁਰਜੀਤ ਸਿੰਘ ਸੰਧੂ ਵੱਲੋਂ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਨ ਉਪਰੰਤ ਆਖਿਆ ਕਿ ਸੰਤ ਬਾਬਾ ਦਿਆਲ ਦਾਸ ਜੀ ਨੇ ਲੋਕਾਂ ਨੂੰ ਧਰਮ ਨਾਲ ਜੋੜਨ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਵੱਡਾ ਯੋਗਦਾਨ ਪਾਇਆ।ਉਨ੍ਹਾਂ ਕਿਹਾ ਕਿ ਸਾਨੂੰ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲਣਾ ਚਾਹੀਦਾ ਹੈ।ਇਸ ਮੌਕੇ ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਖੇਡਣ ਲਈ ਵਧੀਆ ਮਾਹੌਲ ਮਿਲ ਸਕੇ।ਉਨ੍ਹਾਂ ਕਿਹਾ ਕਿ ਸਰਕਾਰ ਖਿਡਾਰੀਆਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਤਿਆਰ ਹੈ।ਇਸ ਮੌਕੇ ਨਗਰ ਨਿਵਾਸੀਆਂ ਵੱਲੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਨੂੰ ਸਨਮਾਨਤ ਵੀ ਕੀਤਾ ਗਿਆ। ਹਲਕਾ ਵਿਧਾਇਕ ਕਾਕਾ ਬਰਾੜ ਵੱਲੋਂ 21000 ਰੁਪਏ ਦੀ ਸਹਿਯੋਗ ਰਾਸ਼ੀ ਪ੍ਰਬੰਧਕਾਂ ਨੂੰ ਭੇਟ ਕੀਤੀ।ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਕਬੱਡੀ ਕੱਪ ਦੇ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ।ਮੁੱਖ ਸੇਵਾਦਾਰ ਤੇ ਪ੍ਰਬੰਧਕੀ ਕਮੇਟੀ ਨੇ ਆਖਿਆ ਕਿ ਇਸ ਕਬੱਡੀ ਕੱਪ ਦੌਰਾਨ ਪਹਿਲਾ ਇਨਾਮ 71000 ਤੇ ਦੂਜਾ 61000 ਸਮੇਤ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ, ਜਦਕਿ ਬੈਸਟ ਰੇਡਰ ਜਾਫੀ ਨੂੰ 11000-11000 ਰੁਪਏ ਇਨਾਮ ਦਿੱਤਾ ਗਿਆ।ਇਸ ਤੋਂ ਇਲਾਵਾ ਬੀਬੀ ਦਲੇਰ ਕੌਰ ਢਾਡੀ ਜਥੇ ਵੱਲੋਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਕਮੈਂਟਰੀ ਦੀ ਸੇਵਾ ਬਸੰਤ ਬਾਜਾਖਾਨਾ, ਬੂਟਾ ਉਮਰੀਆਣਾ ਤੇ ਨਿਰਮਲ ਲੰਗੇਆਣਾ ਵੱਲੋਂ ਨਿਭਾਈ ਗਈ।

## 9 ਦੀ ਹੜਤਾਲ਼ 'ਚ ਹੋਵਾਂਗੇ ਸ਼ਾਮਲ : ਧਾਲੀਵਾਲ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਮੁਲਾਜ਼ਮ ਫੈਡਰੇਸ਼ਨਾਂ, ਜਨਤਕ ਜਮਹੂਰੀ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚਾ ਪਟਿਆਲਾ ਦੀ ਸਾਂਝੀ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਗੁਰਦਵਾਰਾ ਦੂਖ ਨਿਵਾਰਨ ਵਿੱਚ ਹੋਈ।ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼-ਵਿਆਪੀ ਹੜਤਾਲ ਦੇ ਸਮਰਥਨ ਤਹਿਤ ਤਹਿਸੀਲ ਪੱਧਰ ਦੀਆਂ ਰੈਲੀਆਂ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਪਟਿਆਲਾ, ਨਾਭਾ, ਰਾਜਪੁਰਾ, ਸਮਾਣਾ ਤੇ ਪਾਤੜਾਂ ਤਹਿਸੀਲ ਦੇ ਨਾਲ-ਨਾਲ ਘਨੌਰ ਸਬ ਤਹਿਸੀਲ ਵਿੱਚ ਵੀ ਰੈਲੀ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿਚ ਦਰਸ਼ਨ ਸਿੰਘ ਬੇਲੂਮਾਜਰਾ, ਹਰਭਜਨ ਸਿੰਘ ਬੁੱਟਰ, ਹਰਦੀਪ ਸਿੰਘ ਟੋਡਰਪੁਰ, ਸੁਖਮਿੰਦਰ ਸਿੰਘ ਬਾਰਨ, ਕੁਲਵੰਤ ਸਿੰਘ ਮੌਲਵੀਵਾਲਾ, ਦਵਿੰਦਰ ਸਿੰਘ ਪੂਨੀਆ, ਸੁਰਜੀਤ ਸਿੰਘ, ਸ਼ਾਮ ਸਿੰਘ, ਤਰਸੇਮ ਸਿੰਘ, ਧੰਨਾ ਸਿੰਘ, ਸੁਨੀਲ ਕੁਮਾਰ, ਗੁਰਦਰਸ਼ਨ ਸਿੰਘ, ਮਲਕੀਤ ਸਿੰਘ, ਪ੍ਰੇਮ ਸਿੰਘ ਤੇ ਅਵਤਾਰ ਸਿੰਘ ਕੌਰਜੀਵਾਲਾ ਆਗੂ ਹਾਜ਼ਰ ਸਨ।

## 7 ਗ੍ਰਾਮ ਹੈਰੋਇਨ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ 7 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਮਨਪ੍ਰੀਤ ਸਿੰਘ ਵਾਸੀ ਮਾਛੀਵਾੜਾ ਤੇ ਅੰਮ੍ਰਿਤਪਾਲ ਸਿੰਘ ਵਾਸੀ ਰਾਣਵਾਂ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਹਾਕਮ ਸਿੰਘ ਵੱਲੋਂ ਸਰਹਿੰਦ ਨਹਿਰ ਰੋਪੜ ਰੋਡ ਝਾੜ ਸਾਹਿਬ ਨੂੰ ਜਾ ਰਿਹਾ ਸੀ ਤਾਂ ਪਿੰਡ ਹੇੜੀਆਂ ਸਾਈਡ ਤੋਂ ਪੈਦਲ ਦੋ ਮੋਨੇ ਵਿਅਕਤੀ ਆਪਸ ਵਿੱਚ ਗੱਲਾਂ ਕਰਦੇ ਝੂਮਦੇ ਆਉਂਦੇ ਦਿਖਾਈ ਦਿੱਤੇ। ਪੁਲਸ ਪਾਰਟੀ ਨੂੰ ਦੇਖ ਕੇ ਇਹ ਸੜਕ ਤੋਂ ਖਿਸਕਣ ਲੱਗੇ। ਉਕਤ ਮੋਨੇ ਵਿਅਕਤੀਆਂ 'ਚੋਂ ਸਫੈਦ ਟੀ ਸ਼ਰਟ ਵਾਲੇ ਨੌਜਵਾਨ ਨੇ ਆਪਣੀ ਪਹਿਨੀ ਲੋਅਰ ਦੀ ਸੱਜੀ ਜੇਬ 'ਚੋਂ ਇੱਕ ਲਿਫਾਫੀ ਪਾਰਦਰਸ਼ੀ ਕੱਢ ਕੇ ਘਾਹ ਫੂਸ ਵਿੱਚ ਸੁੱਟ ਦਿੱਤੀ, ਦੂਸਰੇ ਨੌਜਵਾਨ ਜਿਸ ਨੇ ਲਾਈਟ ਪਿੰਕ ਕਲਰ ਦੀ ਟੀ ਸ਼ਰਟ ਪਹਿਨੀ ਹੋਈ ਸੀ, ਨੇ ਵੀ ਪਹਿਨੀ ਲੋਅਰ ਦੀ ਜੇਬ 'ਚੋਂ ਲਿਫ਼ਾਫ਼ੀ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤੀ। ਪੁਲਸ ਵੱਲੋਂ ਜਦੋਂ ਇਨ੍ਹਾਂ ਤੋਂ ਨਾਮ, ਪਤਾ ਪੁੱਛਿਆ ਤਾਂ ਸਫੈਦ ਟੀ ਸ਼ਰਟ ਵਾਲੇ ਨੇ ਮਨਪ੍ਰੀਤ ਸਿੰਘ ਤੇ ਲਾਈਟ ਪਿੰਕ ਟੀ ਸ਼ਰਟ ਵਾਲੇ ਨੇ ਆਪਣਾ ਨਾਮ ਅੰਮ੍ਰਿਤਪਾਲ ਸਿੰਘ ਦੱਸਿਆ। ਪੁਲਸ ਵੱਲੋਂ ਇਨ੍ਹਾਂ ਉਕਤ ਵਿਅਕਤੀਆਂ ਵੱਲੋਂ ਸੁੱਟੀ ਲਿਫ਼ਾਫੀਆਂ 'ਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਨ੍ਹਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸੀਵਰੇਜ ਪਾਈਪ ਟੁੱਟਣ ਕਾਰਨ ਨਰਕ ਭਰੀ ਜ਼ਿੰਦਗੀ ਜਿਊ ਰਹੇ ਵਾਰਡ ਨੰ. 13 ਦੇ ਨਿਵਾਸੀ





**ਭੀਖੀ (ਧਰਮਵੀਰ ਸ਼ਰਮਾ)**-ਨਗਰ ਦੇ ਵਾਰਡ ਨੰ. 13 ਨੇੜੇ ਬਿਜਲੀ ਗਰਿੱਡ ਦੇ ਵਾਸੀ ਪਿਛਲੇ ਕਈ ਮਹੀਨਿਆਂ ਤੋਂ ਸੀਵਰੇਜ ਦੀ ਪਾਇਪ ਟੁੱਟਣ ਕਾਰਨ ਗਲੀਆਂ ਵਿੱਚ ਫੈਲ ਰਹੇ ਗੰਦੇ ਪਾਣੀ ਤੋਂ ਅੱਤ ਦੁਖੀ ਹੀ ਨਹੀਂ ਬਲਕਿ ਉਨ੍ਹਾਂ ਨੂੰ ਕਈ ਬਿਮਾਰੀਆਂ ਦੇ ਸ਼ਿਕਾਰ ਹੋਣ ਦਾ ਵੀ ਖਦਸ਼ਾ ਹੈ।ਦੁਖੀ ਬਸ਼ਿੰਦਿਆਂ ਨੇ ਕਿਹਾ ਕਿ ਉਹ ਪਿਛਲੇ ਡੇਢ ਮਹੀਨੇ ਤੋਂ ਇਸ ਸਮੱਸਿਆ ਨਾਲ ਜੂਝ ਰਹੇ ਹਨ, ਨਾ ਤਾਂ ਨਗਰ ਪੰਚਾਇਤ ਤੇ ਨਾ ਹੀ ਸੀਵਰੇਜ ਵਿਭਾਗ ਵੱਲੋਂ ਉਨ੍ਹਾਂ ਦੀ ਸਾਰ ਲਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਕੂਲੀ ਬੱਚਿਆਂ ਤੇ ਬਜ਼ੁਰਗਾਂ ਦਾ ਇਨ੍ਹਾਂ ਗਲੀਆਂ 'ਚੋਂ ਲੰਘਣਾ ਦੁੱਭਰ ਹੋ ਗਿਆ ਹੈ।ਕਈ ਬਜ਼ੁਰਗ ਔਰਤਾਂ ਇਸ ਗੰਦੇ ਪਾਣੀ ਵਿੱਚ ਡਿੱਗ ਕੇ ਸੱਟਾਂ ਵੀ ਖਾ ਚੁੱਕੀਆਂ ਹਨ।ਇਹੀ ਹਾਲ ਛੋਟੇ ਬੱਚਿਆਂ ਦਾ ਵੀ ਹੈ।ਉਨ੍ਹਾਂ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਦੇਖਦੇ ਹੋਏ ਇਸ ਸਮੱਸਿਆ ਤੋਂ ਮੁਕਤੀ ਦਿਵਾਈ ਜਾਵੇ ਤੇ ਸਬੰਧਤ ਅਦਾਰਿਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਣ।ਇਸ ਮੌਕੇ ਹਰਦੀਪ ਸਿੰਘ, ਬਿੰਦਰ ਸਿੰਘ, ਹਰਬੰਸ ਸਿੰਘ ਵਾਲੀਆ, ਲਾਭ ਸਿੰਘ, ਮੀਤਾ ਸਿੰਘ, ਦਲਬਾਰਾ ਸਿੰਘ, ਜੋਤ ਸਿੰਘ, ਦਰਸ਼ਨ ਸਿੰਘ, ਗੁਰਮੇਲ ਕੌਰ, ਦਰਸ਼ਨਾ ਕੌਰ, ਨਿਹਾਲ ਕੌਰ, ਅਮਰਜੀਤ ਕੌਰ, ਹਰਪ੍ਰੀਤ ਕੌਰ ਤੇ ਦਾਨ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਰਡ ਬਸ਼ਿੰਦੇ ਮੌਜੂਦ ਸਨ।ਓਧਰ, ਨਗਰ ਪੰਚਾਇਤ ਪ੍ਰਧਾਨ ਸੁਖਪ੍ਰੀਤ ਕੌਰ ਨੇ ਦੱਸਿਆ ਕਿ ਨਗਰ ਪੰਚਾਇਤ ਦਫਤਰ ਵੱਲੋਂ ਕਈ ਵਾਰ ਸੀਵਰੇਜ ਵਿਭਾਗ ਨੂੰ ਪਾਈਪ ਦੀ ਮੁਰੰਮਤ ਲਈ ਲਿਖਿਆ ਗਿਆ ਹੈ, ਪ੍ਰੰਤੂ ਸੀਵਰੇਜ ਵਿਭਾਗ ਦੇ ਵਰਕਰਾਂ ਦੀ ਹੜਤਾਲ ਕਾਰਨ ਮੁਰੰਮਤ ਦਾ ਕੰਮ ਲਟਕਿਆ ਹੋਇਆ ਹੈ।

## ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ, 3 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਤੰਗ ਪ੍ਰੇਸ਼ਾਨ ਕਰਨ ਅਤੇ ਕੁੱਟਮਾਰ ਕਰਕੇ ਘਰੋਂ ਬਾਹਰ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ 498-ਏ, 406, 494, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਇਕ ਪੜਤਾਲੀਆ ਰਿਪੋਰਟ ਬਾਬਤ ਦਰਖਾਸਤ ਨੰਬਰ ਯੂਆਈਡੀ 579173 ਮਿਤੀ 10 ਅਪ੍ਰੈਲ 2025 ਵੱਲੋਂ ਗੁਰਵਿੰਦਰ ਸਿੰਘ ਪੁੱਤਰ ਸਵ. ਮੰਗਲ ਸਿੰਘ ਵਾਸੀ ਚੱਕ ਸਵਾਹ ਵਾਲਾ ਜ਼ਿਲ੍ਹਾ ਫਾਜ਼ਿਲਕਾ ਨੇ ਦੱਸਿਆ ਕਿ ਉਸ ਦੀ ਭੈਣ ਪੂਜਾ ਰਾਣੀ ਦਾ ਵਿਆਹ 1 ਫਰਵਰੀ 2019 ਨੂੰ ਸੁੱਖਾ ਸਿੰਘ ਪੁੱਤਰ ਗੁਰਦਾਸ ਸਿੰਘ ਪਿੰਡ ਰਾਓ ਕੇ ਹਿਠਾੜ, ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਨਾਲ ਹੋਇਆ ਸੀ। ਉਸ ਦੀ ਭੈਣ ਦੇ ਵਿਆਹ ਸਮੇਂ ਉਨ੍ਹਾਂ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦੀ ਭੈਣ ਪੂਜਾ ਰਾਣੀ ਦਾ ਪਤੀ ਸੁੱਖਾ ਸਿੰਘ ਉਕਤ ਤੇ ਇਸ ਦਾ ਪਿਤਾ ਗੁਰਦਾਸ ਸਿੰਘ ਪੁੱਤਰ ਕੱਕਾ ਸਿੰਘ ਅਤੇ ਮਾਤਾ ਲੱਛੋ ਬਾਈ ਪਤਨੀ ਗੁਰਦਾਸ ਸਿੰਘ ਇਸ ਦਾਜ ਦਹੇਜ ਤੋਂ ਖੁਸ਼ ਨਹੀਂ ਸੀ ਤੇ ਉਸ ਦੀ ਭੈਣ ਕੋਲੋਂ ਹੋਰ ਦਾਜ ਦੀ ਮੰਗ ਕਰਨ ਲੱਗੇ। ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਵੱਲੋਂ ਇਨਕਾਰ ਕਰਨ 'ਤੇ ਸੁੱਖਾ ਸਿੰਘ ਉਕਤ ਅਤੇ ਇਸ ਦਾ ਪਿਤਾ ਗੁਰਦਾਸ ਸਿੰਘ ਤੇ ਮਾਤਾ ਲੱਛੋ ਬਾਈ ਨੇ ਉਸ ਦੀ ਭੈਣ ਪੂਜਾ ਰਾਣੀ ਨੂੰ ਕੁੱਟਮਾਰ ਕਰਕੇ ਆਪਣੇ ਘਰੋਂ ਕੱਢ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਗੁਰਵਿੰਦਰ ਸਿੰਘ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਸਪੀਕਰ ਸੰਧਵਾਂ ਵੱਲੋਂ ਸਕੂਲ ਦੇ ਨਵੇਂ ਕੇ ਜੀ ਬਲਾਕ ਦਾ ਉਦਘਾਟਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਸੇਂਟ ਮੈਰੀਜ਼ ਕਾਨਵੈਂਟ ਸਕੂਲ ਫ਼ਰੀਦਕੋਟ ਵਿੱਚ ਨਵੀਂ ਬਣੀ ਕੇ. ਜੀ. ਬਲਾਕ ਦੀ ਇਮਾਰਤ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਕੂਲ ਇੱਕ ਐਸਾ ਪਵਿੱਤਰ ਸਥਾਨ ਹੈ, ਜਿੱਥੇ ਬੱਚਿਆਂ ਦੇ ਜੀਵਨ ਦੀ ਨੀਂਹ ਰੱਖੀ ਜਾਂਦੀ ਹੈ।ਇਥੇ ਮਿਲਣ ਵਾਲੀ ਸਿੱਖਿਆ ਉਨ੍ਹਾਂ ਦੇ ਭਵਿੱਖ ਦਾ ਰੂਪ ਨਿਰਧਾਰਤ ਕਰਦੀ ਹੈ।

ਸ੍ਰ. ਸੰਧਵਾਂ ਨੇ ਸਕੂਲ ਪ੍ਰਬੰਧਨ ਨੂੰ ਨਵੇਂ ਬਲਾਕ ਦੀ ਸਫਲ ਤਿਆਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਸੇਂਟ ਮੈਰੀਜ਼ ਕਾਨਵੈਂਟ ਸਕੂਲ ਇਲਾਕੇ ਦੀ ਇੱਕ ਪ੍ਰਤਿਸ਼ਠਤ ਤੇ ਗੁਣਵੱਤਾਪੂਰਨ ਸੰਸਥਾ ਹੈ, ਜੋ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਨੂੰ ਉੱਜਲ ਭਵਿੱਖ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਸਕੂਲ ਨਾਲ ਜੁੜੀਆਂ ਸਾਰੀਆਂ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਸਕੂਲ ਪ੍ਰਿੰਸੀਪਲ ਰੈਵਰੈਂਡ ਫਾਦਰ ਬੈਨੀ ਥਾਮਸ ਨੇ ਕਿਹਾ ਕਿ ਨਵਾਂ ਕੇ. ਜੀ. ਬਲਾਕ ਸਾਬਕਾ ਪ੍ਰਿੰਸੀਪਲਾਂ ਤੇ ਪ੍ਰਬੰਧਕਾਂ ਦੇ ਲੰਬੇ ਸਮੇਂ ਤੋਂ ਚਲੇ ਆ ਰਹੇ ਸੁਪਨੇ ਦੀ ਪੂਰਤੀ ਹੈ।ਕ੍ਰਿਸਚੀਅਨ ਜੋਤੀ ਪ੍ਰਾਂਤ (ਪੰਜਾਬ-ਰਾਜਸਥਾਨ) ਦੇ ਪ੍ਰਧਾਨ ਤੇ ਸੂਬਾਈ ਸੁਪੀਰੀਅਰ ਫਾਦਰ ਜਾਰਜ ਅਲੂਕਾ ਨੇ ਨਵੀਂ ਇਮਾਰਤ ਦੇ ਅੰਦਰਲੇ ਹਿੱਸਿਆਂ ਨੂੰ ਆਧਿਆਤਮਕ ਆਸ਼ੀਰਵਾਦ ਦਿੱਤਾ।ਇਸ ਮੌਕੇ ਫਾਦਰ ਸਿਲਵੀਨੋਸ (ਮੈਨੇਜਰ), ਫਾਦਰ ਦੀਪਕ ਸਬੈਸਟੀਅਨ (ਬਰਸਰ ਤੇ ਅਸਿਸਟੈਂਟ ਮੈਨੇਜਰ), ਸਕੂਲ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਅਣਐਲਾਨੀ ਵਿੱਤੀ ਐਮਰਜੈਂਸੀ ਖ਼ਿਲਾਫ਼ ਖਜ਼ਾਨਾ ਦਫਤਰਾਂ ਅੱਗੇ ਰੋਸ ਧਰਨੇ 8 ਨੂੰ

**ਸਰਕਾਰ ਤਨਖਾਹਾਂ ਦੇਣ ਤੋਂ ਅਸਮਰੱਥ : ਡੀ ਟੀ ਐੱਫ**

**ਮਾਨਸਾ (ਆਤਮਾ ਸਿੰਘ ਪਮਾਰ)**-ਇੱਕ ਪਾਸੇ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਸੂਬੇ ਦੀ ਵਿੱਤੀ ਹਾਲਤ ਮਜ਼ਬੂਤ ਹੋਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਦੂਜੇ ਪਾਸੇ ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਤੇ ਸਿੱਖਿਆ ਵਿਭਾਗ ਚੋਂ ਸੇਵਾ ਮੁਕਤ ਹੋਏ ਅਧਿਆਪਕ ਆਪਣੀ ਸੇਵਾ ਮੁਕਤੀ ਦੇ ਲਾਭ ਲੈਣ ਲਈ ਵੀ ਤਰਸ ਰਹੇ ਹਨ।ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ 'ਚ ਡੀ ਟੀ ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਪੰਜਾਬ ਸਰਕਾਰ ਦੀ ਅਣਐਲਾਨੀ ਵਿੱਤੀ ਐਮਰਜੈਂਸੀ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਆਰ. ਬੀ. ਆਈ. ਤੋਂ 8500 ਕਰੋੜ ਦਾ ਕਰਜ਼ਾ ਲੈਣ ਦੇ ਬਾਵਜੂਦ ਮੁਲਜ਼ਮਾਂ ਦੀਆਂ ਵਿੱਤੀ ਅਦਾਇਗੀਆਂ ਨਹੀਂ ਕੀਤੀਆਂ ਜਾ ਰਹੀਆਂ। ਇਸ ਤੋਂ ਇਲਾਵਾ ਸਰਕਾਰ ਹਰ ਮਹੀਨੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੋਂ ਵਿਕਾਸ ਟੈਕਸ ਦੇ ਨਾਂਅ 'ਤੇ 200 ਰੁਪਏ ਪ੍ਰਤੀ ਮਹੀਨਾ ਜਜ਼ੀਏ ਦੀ ਉਗਰਾਹੀ ਕਰਨ ਦੇ ਬਾਵਜੂਦ ਵੀ ਵਿੱਤੀ ਮੁਹਾਜ਼ 'ਤੇ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ।ਉਨ੍ਹਾਂ ਕਿਹਾ ਕਿ ਫੋਕੀ ਇਸ਼ਤਿਹਾਰਬਾਜ਼ੀ ਦੇ ਸਹਾਰੇ ਵਾਹ ਵਾਹ ਖੱਟਣ ਦੇ ਰਾਹ ਪਈ ਸੂਬਾ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 31 ਮਾਰਚ, 30 ਅਪ੍ਰੈਲ ਅਤੇ 31 ਮਈ ਨੂੰ ਸੇਵਾ ਮੁਕਤ ਹੋਏ ਅਧਿਆਪਕਾਂ ਨੂੰ ਸਰਕਾਰੀ ਖਜ਼ਾਨੇ ਚੋਂ ਫੁੱਟੀ ਕੌਡੀ ਵੀ ਜਾਰੀ ਨਹੀਂ ਕੀਤੀ ਗਈ।ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖ਼ਿਲਾਫ਼ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਸੂਬੇ ਭਰ ਵਿੱਚ ਹਾਲੇ ਤੱਕ ਸਾਰੇ ਅਧਿਆਪਕਾਂ ਨੂੰ ਜੂਨ ਮਹੀਨੇ ਦੀ ਤਨਖਾਹ ਵੀ ਨਸੀਬ ਨਹੀਂ ਹੋਈ। ਅਧਿਆਪਕਾਂ ਨੂੰ ਤਨਖਾਹਾਂ ਲੈਣ ਲਈ ਵੀ ਖੱਜਲ ਖ਼ੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੈਡੀਕਲ ਪ੍ਰਤੀ ਪੂਰਤੀ, ਜੀ.ਪੀ.ਐੱਫ. ਫਾਈਨਲ ਪੇਮੈਂਟ, ਜੀ. ਪੀ.ਐੱਫ.ਅਡਵਾਂਸ, ਇੱਥੋਂ ਤੱਕ ਕਿ ਮੌਤ ਹੋਣ ਦੀ ਹਾਲਤ 'ਚ ਦਿੱਤੀ ਜਾਣ ਵਾਲੀ ਐਕਸਗਰੇਸ਼ੀਆ ਰਾਸ਼ੀ ਦੇ ਬਿੱਲ ਵੀ ਖਜ਼ਾਨਾ ਦਫਤਰਾਂ 'ਚ ਰੁਲ ਰਹੇ ਹਨ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਵਿੱਤੀ ਰੋਕਾਂ ਖ਼ਿਲਾਫ਼ 8 ਜੁਲਾਈ ਨੂੰ ਸੂਬੇ ਭਰ ਦੇ ਖਜ਼ਾਨਾ ਦਫਤਰਾਂ ਅੱਗੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਉਨ੍ਹਾਂ ਸਮੁੱਚੇ ਅਧਿਆਪਕ ਵਰਗ ਨੂੰ ਸੰਘਰਸ਼ ਵਿੱਚ ਸ਼ਾਮੂਲੀਅਤ ਦੀ ਪੁਰਜ਼ੋਰ ਅਪੀਲ ਵੀ ਕੀਤੀ।ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ, ਨਵੀਨ ਬੋਹਾ, ਕੁਲਦੀਪ ਅੱਕਾਵਾਲੀ, ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ, ਮਨਵੀਰ ਕੌਰ, ਬਲਜਿੰਦਰ ਦਲੇਲਵਾਲਾ, ਧਰਮ ਸਿੰਘ, ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ ।

## ਪੀਰ ਬਾਬਾ ਮਹਿਤਾਬ ਸ਼ਾਹ ਦਾ ਮੇਲਾ ਤੇ ਭੰਡਾਰਾ 10 ਤੇ 11 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਪੰਜਗਰਾਈਆਂ ਵਿਖੇ ਦਰਗਾਹ ਪੀਰ ਬਾਬਾ ਮਹਿਤਾਬ ਸ਼ਾਹ ਜੀ ਦਾ ਸਾਲਾਨਾ ਮੇਲਾ ਤੇ ਭੰਡਾਰਾ 10 ਤੇ 11 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਦੇਵ ਸਿੰਘ ਟਾਂਡਾ ਨੇ ਦੱਸਿਆ ਕਿ 10 ਜੁਲਾਈ ਨੂੰ ਮੁੱਖ ਸੇਵਾਦਾਰ ਬਾਬਾ ਮਹਿਲ ਸਿੰਘ ਦੀ ਅਗਵਾਈ ਹੇਠ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਸ਼ਾਮ ਨੂੰ ਬਿੰਦਰ ਕਵਾਲ ਹੰਬੋਵਾਲ ਅਤੇ ਪ੍ਰਦੀਪ ਮਾਨ ਪ੍ਰੋਗਰਾਮ ਪੇਸ਼ ਕਰਨਗੇ।

ਇਸੇ ਤਰ੍ਹਾਂ 11 ਜੁਲਾਈ ਨੂੰ ਸ਼ਾਮ 5 ਵਜੇ ਤੋਂ 7 ਵਜੇ ਤੱਕ ਸੂਫ਼ੀ ਗਾਇਕ ਬਿੰਦੂ ਵਾਲੀਆ ਤੇ ਰਾਤ 9 ਵਜੇ ਤੋਂ ਦੇਰ ਰਾਤ ਤੱਕ ਧਰਮਵੀਰ ਪ੍ਰਦੇਸੀ ਸਿੰਬਲ ਮਜਾਰੇ ਵਾਲੇ ਧਾਰਮਿਕ ਡਰਾਮਾ ਪੇਸ਼ ਕਰਨਗੇ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਬਾਂਸਲ ਪਰਵਾਰ ਨੂੰ ਸਦਮਾ, ਪਿਤਾ ਦਾ ਦੇਹਾਂਤ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਦੇ ਸਤੀਸ਼ ਬਾਂਸਲ, ਦਵਿੰਦਰ ਬਾਂਸਲ ਤੇ ਰਾਕੇਸ਼ ਬਾਂਸਲ ਨੂੰ ਉਸ ਸਮੇਂ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਦੀਵਾਨ ਚੰਦ ਬਾਂਸਲ (86 ਸਾਲ) ਦਾ ਅਚਾਨਕ ਦੇਹਾਂਤ ਹੋ ਗਿਆ।ਸਵ. ਦੀਵਾਨ ਚੰਦ ਬਾਂਸਲ ਦੇ ਦੇਹਾਂਤ 'ਤੇ ਗਿੱਦੜਬਾਹਾ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ, ਵਪਾਰਕ ਜਥੇਬੰਦੀਆਂ ਤੋਂ ਇਲਾਵਾ ਮੈਡੀਕਲ ਐਸੋਸੀਏਸ਼ਨ ਗਿੱਦੜਬਾਹਾ, ਮਲੋਟ ਤੇ ਸ੍ਰੀ ਮੁਕਤਸਰ ਸਾਹਿਬ ਦੇ ਮੈਂਬਰਾਂ ਨੇ ਬਾਂਸਲ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸਵ. ਦੀਵਾਨ ਚੰਦ ਬਾਂਸਲ ਨਮਿੱਤ 13 ਜੁਲਾਈ ਨੂੰ ਸਥਾਨਕ ਮਹਾਰਾਜਾ ਅਗਰਸੈਨ ਧਰਮਸ਼ਾਲਾ ਵਿਖੇ ਅੰਮ੍ਰਿਤਬਾਣੀ ਸਵੇਰੇ 11 ਵਜੇ ਤੋਂ 12 ਵਜੇ ਤੱਕ ਅਤੇ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਪਵੇਗਾ।

# ਜੱਜ ਸਾਹਿਬਾਨ ਨੇ ਇੱਕ-ਇੱਕ ਬੂਟਾ ਲਗਾ ਕੇ ਗੋਦ ਲੈਣ ਦਾ ਲਿਆ ਅਹਿਦ

**ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਜੁਲਾਈ ਮਹੀਨੇ 'ਚ ਲਗਾਏਗੀ 4000 ਪੌਦੇ**




**ਮੋਗਾ (ਇਕਬਾਲ ਸਿੰਘ ਖਹਿਰਾ)**-ਜਸਟਿਸ ਦੀਪਕ ਸਿੱਬਲ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਤੇ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਿਸ਼ਨ ਸਰੂਪ ਇੰਚਾਰਜ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਅਗਵਾਈ ਹੇਠ ਅੱਜ ਮਿਸ਼ਨ ਵਨ ਜੱਜ ਵਨ ਟਰੀ ਤਹਿਤ ਮੋਗਾ ਦੇ ਗੁਰੂ ਨਾਨਕ ਕਾਲਜ ਵਿਖੇ ਮੋਗਾ ਦੇ ਸਾਰੇ ਜੱਜ ਸਾਹਿਬਾਨ ਵੱਲੋਂ ਇੱਕ-ਇੱਕ ਬੂਟਾ ਲਗਾਇਆ ਗਿਆ ਤੇ ਉਸ ਦੀ ਦੇਖ ਭਾਲ ਲਈ ਉਸ ਨੂੰ ਗੋਦ ਲਿਆ ਗਿਆ।ਜੱਜ ਸਾਹਿਬਾਨ ਤੋਂ ਇਲਾਵਾ ਸਕੱਤਰ ਬਾਰ ਐਸੋਸੀਏਸ਼ਨ ਮੋਗਾ ਤੇ ਕਾਲਜ ਦੇ ਪ੍ਰਿੰਸੀਪਲ ਵੱਲੋਂ ਵੀ ਇੱਕ-ਇੱਕ ਬੂਟਾ ਲਗਾਇਆ ਗਿਆ।ਬੂਟੇ ਲਗਾਉਣ ਤੋਂ ਬਾਅਦ ਸਾਰੇ ਜੱਜ ਸਾਹਿਬਾਨਾਂ ਵੱਲੋਂ ਗਰੀਨ ਓਥ ਤਹਿਤ ਸਾਰੇ ਬੂਟਿਆਂ ਦੀ ਦੇਖ ਭਾਲ ਲਈ ਅਹਿਦ ਵੀ ਲਿਆ ਗਿਆ।ਬਿਸ਼ਨ ਸਰੂਪ ਇੰਚਾਰਜ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਨੇ ਦੱਸਿਆ ਕਿ 5 ਜੂਨ 2025 ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਤੇ ਈਚ ਵਨ ਪਲਾਂਟ ਵਨ ਤੇ ਹਰ ਓਰ ਲੱਕੜਹਾਰੇ ਹੈਂ, ਫਿਰ ਬੀ ਪੇਡ ਕਹਾਂ ਹਾਰੇ ਹੈਂ! ਨਾਮ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਹੁਣ ਤੱਕ 2000 ਦੇ ਕਰੀਬ ਬੂਟੇ ਲਗਾਏ ਜਾ ਚੁੱਕੇ ਹਨ ਤੇ ਜੁਲਾਈ ਮਹੀਨੇ ਵਿੱਚ 4000 ਬੂਟਾ ਹੋਰ ਲਗਾਉਣ ਦਾ ਟੀਚਾ ਹੈ।

ਇਸ ਮੌਕੇ ਸ਼ਿਵ ਮੋਹਨ ਗਰਗ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਰਵੀ ਇੰਦਰ ਕੌਰ ਸੰਧੂ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਅਮਰਜੀਤ ਸਿੰਘ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਪੁਸ਼ਪਾ ਰਾਣੀ ਸਿਵਲ ਜੱਜ (ਸੀਨੀਅਰ ਡਵੀਜਨ), ਸ਼ਿਲਪੀ ਗੁਪਤਾ ਚੀਫ ਜੁਡੀਸ਼ੀਲ ਮੈਜਿਸਟ੍ਰੇਟ, ਕਿਰਨ ਜਯੋਤੀ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਇਤੂ ਸੋਢੀ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ), ਇਨਸਾਨ ਸਿਵਲ ਜੱਜ (ਜੂਨੀਅਰ ਡਵੀਜ਼ਨ), ਲਵਲੀਨ ਸੰਧੂ ਸਿਵਲ ਜੱਜ (ਜੂਨੀਅਰ ਡਵੀਜ਼ਨ), ਆਸ਼ਿਮਾ ਸ਼ਰਮਾ ਸਿਵਲ ਜੱਜ (ਜੂਨੀਅਰ ਡਵੀਜ਼ਨ), ਸੁਖਪ੍ਰੀਤ ਕੌਰ ਸਿਵਲ ਜੱਜ (ਜੂਨੀਅਰ ਡਵੀਜ਼ਨ), ਮਨਪ੍ਰੀਤ ਕੌਰ ਸਿਵਲ ਜੱਜ (ਜੂਨੀਅਰ ਡਵੀਜਨ), ਰਜੀਵ ਮਿੱਤਲ ਸਕੱਤਰ ਬਾਰ ਐਸੋਸੀਏਸ਼ਨ ਤੇ ਡਾ. ਜਤਿੰਦਰ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਹਾਜ਼ਰ ਸਨ।

## ਹਲਕਾ ਇੰਚਾਰਜ ਐੱਸ ਆਰ ਕਲੇਰ ਤੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਬਣਾਏ ਜਾਣ 'ਤੇ ਕੀਤਾ ਸਨਮਾਨਤ



**ਜਗਰਾਓਂ (ਅਮਿਤ ਖੰਨਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਜਗਰਾਓਂ ਨੂੰ ਵੱਡਾ ਮਾਣ ਦੇ ਕੇ ਹਲਕਾ ਇੰਚਾਰਜ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਓਂ ਕੋਰ ਕਮੇਟੀ ਅਤੇ ਵਰਕਿੰਗ ਕਮੇਟੀ ਦਾ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਬਣਾਏ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਜਗਰਾਓਂ ਵਿਖੇ ਸਰਕਲ ਜਥੇਦਾਰ ਅਤੇ ਸਮੂਹ ਅਹੁਦੇਦਾਰਾਂ ਤੇ ਹਲਕਾ ਜਗਰਾਓਂ ਦੇ ਵਰਕਰ ਸਾਹਿਬਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਆਈ ਟੀ ਵਿੰਗ ਹਲਕਾ ਇੰਚਾਰਜ ਸੁਖਦੇਵ ਸਿੰਘ ਜੱਗਾ ਸੇਖੋਂ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਰਪੰਚ ਜਸਵੀਰ ਸਿੰਘ ਦੇਹੜਕਾ, ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂੰਕੇ, ਬਲਵੰਤ ਸਿੰਘ ਬਾਦਲ ਹਠੂਰ, ਪ੍ਰਧਾਨ ਜਸਵੰਤ ਸਿੰਘ ਕੋਠੇ ਖਜੂਰਾਂ, ਭਾਵਖੰਡਨ ਸਿੰਘ ਗਿੱਦਰਵਿੰਡੀ, ਯੂਥ ਆਗੂ ਹਰਮੀਤ ਸਿੰਘ ਰਾਏ, ਬਿੱਟੂ ਡੱਲਾ, ਸਾਬਕਾ ਸਰਪੰਚ ਰਣਧੀਰ ਸਿੰਘ ਚਕਰ, ਪ੍ਰਧਾਨ ਗੁਰਬਚਨ ਸਿੰਘ ਬਾਗੀਆਂ, ਬਲਰਾਜ ਸਿੰਘ ਲੀਲਾ, ਸਾਬਕਾ ਸਰਪੰਚ ਸੁਰਿੰਦਰ ਸਿੰਘ ਪਰਜੀਆਂ ਬਿਹਾਰੀਪੁਰ, ਪ੍ਰਧਾਨ ਗੁਰਪ੍ਰੀਤ ਸਿੰਘ ਕਾਉਂਕੇ, ਮਨਦੀਪ ਸਿੰਘ ਸਿੱਧਵਾਂ, ਪੰਚ ਸ਼ਿੰਦਾ ਚਕਰ, ਪੰਚ ਗੁਰਮੀਤ ਦਾਸ ਚਕਰ, ਰੂਪ ਸਿੰਘ ਬਾਠ ਚੱਕਰ, ਅਵਤਾਰ ਸਿੰਘ ਦੇਹੜਕਾ, ਸਰਪੰਚ ਗੁਰਚਰਨ ਸਿੰਘ ਖਹਿਰਾ, ਪ੍ਰਦੀਪ ਸਿੰਘ ਅਖਾੜਾ, ਪ੍ਰਧਾਨ ਸੁਖਮੰਦਰ ਸਿੰਘ ਮਾਣੂੰਕੇ, ਜਗਜੀਤ ਸਿੰਘ ਡੱਲਾ, ਸਰਪੰਚ ਗੁਰਦੀਪ ਸਿੰਘ ਨਵਾਂ ਡੱਲਾ, ਪੰਚ ਭਗਵਾਨ ਸਿੰਘ ਕੰਨੀਆ, ਜਗਤਾਰ ਸਿੰਘ ਕੰਨੀਆ, ਪ੍ਰੇਮ ਸਿੰਘ ਕੰਨੀਆ, ਤੇਜਿੰਦਰ ਸਿੰਘ ਲੋਧੀਵਾਲ, ਭੁਪਿੰਦਰ ਸਿੰਘ ਡੱਲਾ, ਜਸਵੀਰ ਸਿੰਘ ਜੱਸੀ ਜਗਰਾਓਂ, ਸੁਖਵਿੰਦਰ ਸਿੰਘ ਚੀਮਾ, ਕਮਿਕਰ ਸਿੰਘ ਚੀਮਾ, ਹਰਨੇਕ ਸਿੰਘ ਚੀਮਾ, ਹਰਜੋਤ ਸਿੰਘ ਉੱਪਲ ਮਲਕ, ਝਰਮਲ ਸਿੰਘ ਦੇਹੜਕਾ, ਸਿਮਰ ਬਾਵਾ, ਮੱਖਣ ਸਿੰਘ ਮਾਣੂੰਕੇ, ਮੁਖਤਿਆਰ ਸਿੰਘ ਬਾਗੀਆਂ, ਗੁਰਵਿੰਦਰ ਲੱਖਾ, ਜਗਰੂਪ ਸਿੰਘ ਨਵਾਂ ਡੱਲਾ, ਧਾਮੀ ਰਸੂਲਪੁਰ ਆਦਿ ਹਾਜ਼ਰ ਸਨ।

## ਚੋਰਾਂ ਨੇ ਪੰਜਾਬ ਰੋਡਵੇਜ਼ ਦੀ ਬੱਸ ਨੂੰ ਬਣਾਇਆ ਨਿਸ਼ਾਨਾ, ਬੈਟਰੇ ਚੋਰੀ



**ਮਮਦੋਟ (ਹਰਪਾਲ ਸਿੰਘ ਸੋਢੀ)**-ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਨੇ ਕਿ ਚੋਰਾਂ ਵੱਲੋਂ ਥਾਣਾ ਮਮਦੋਟ ਦੀ ਕੰਧ ਨਾਲ ਖੜੀ ਪੰਜਾਬ ਰੋਡਵੇਜ਼ ਫਿਰੋਜ਼ਪੁਰ ਡੀਪੂ ਦੀ ਬੱਸ ਪੀ ਬੀ 02 ਬੀ ਯੂ 9753 ਚੋ ਰਾਤ ਨੂੰ ਅਣਪਛਾਤੇ ਚੋਰਾਂ ਵੱਲੋਂ ਬੈਟਰੇ ਚੋਰੀ ਕਰ ਲੈਣ ਦਾ ਸਮਾਚਾਰ ਹਾਸਿਲ ਹੋਇਆ ਹੈ।ਜਾਣਕਾਰੀ ਦਿੰਦੇ ਹੋਏ ਬੱਸ ਦੇ ਡਰਾਈਵਰ ਬਾਬਾ ਦਲਗੀਰ ਦਾਸ ਤੇ ਕੰਡਕਟਰ ਸੋਨੂੰ ਵਿਨਾਇਕ ਨੇ ਦੱਸਿਆ ਕਿ ਦੇਰ ਸ਼ਾਮ ਨੂੰ ਉਹ ਆਪਣੀ ਬੱਸ ਰੋਜ਼ਾਨਾ ਵਾਂਗ ਖੜੀ ਕਰਕੇ ਚਲੇ ਗਏ ਸਨ ਕਿ ਅੱਜ ਸਵੇਰੇ ਜਦੋਂ 7:40 ਵਾਲੇ ਫਿਰੋਜ਼ਪੁਰ ਗੇੜੇ ਵਾਸਤੇ ਬੱਸ ਸਟਾਰਟ ਕੀਤੀ ਤਾਂ ਸਟਾਰਟ ਨਾ ਹੋ ਸਕੀ, ਜਿਸ ਨੂੰ ਚੈੱਕ ਕਰਨ ਤੋਂ ਬਾਅਦ ਪਤਾ ਲੱਗਾ ਕਿ ਅਣਪਛਾਤੇ ਚੋਰਾਂ ਨੇ ਰਾਤ ਸਮੇਂ ਬੈਟਰੇ ਚੋਰੀ ਕਰ ਲਏ ਹਨ।ਬੱਸ ਚਾਲਕ ਤੇ ਕੰਡਕਟਰ ਵੱਲੋਂ ਥਾਣਾ ਮਮਦੋਟ ਵਿਖੇ ਲਿਖਤੀ ਸੂਚਨਾ ਦੇ ਦਿੱਤੀ ਗਈ ਹੈ।ਜਦੋਂ ਇਸ ਮਾਮਲੇ ਸੰਬੰਧੀ ਥਾਣਾ ਮੁਖੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਾਨੂੰ ਲਿਖਤੀ ਸ਼ਿਕਾਇਤ ਮਿਲ ਗਈ ਹੈ ਤੇ ਆਸ-ਪਾਸ ਦੇ ਕੈਮਰੇ ਚੈੱਕ ਕੀਤੇ ਜਾ ਰਹੇ ਹਨ ਅਤੇ ਪੁਲਸ ਟੀਮ ਵੱਲੋਂ ਵੀ ਜਾਂਚ ਕੀਤੀ ਜਾ ਰਹੀ ਹੈ।

## ਫਸਲੀ ਵਿਭਿੰਨਤਾ ਲਈ ਮੂੰਗਫਲੀ ਦਾ ਵੰਡਿਆ ਜਾ ਰਿਹੈ ਮੁਫਤ ਬੀਜ




**ਭੀਖੀ (ਧਰਮਵੀਰ ਸ਼ਰਮਾ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਦੀ ਰਹਿਨੁਮਾਈ ਹੇਠ ਵਿਭਾਗ ਵੱਲੋਂ ਫਸਲੀ ਵਿਭਿੰਨਤਾ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਭੀਖੀ ਦੀ ਬਾਬਾ ਗੁੱਦੜ ਸ਼ਾਹ ਫਾਰਮਰ ਪ੍ਰੋਡਿਊਸਰ ਕੰਪਨੀ ਲਿਮਿਟਡ ਵੱਲੋਂ ਕਿਸਾਨਾਂ ਨੂੰ ਮੁਫਤ ਮੂੰਗਫਲੀ ਦਾ ਬੀਜ ਵੰਡਿਆ ਜਾ ਰਿਹਾ ਹੈ।ਜਾਣਕਾਰੀ ਦਿੰਦੇ ਹੋਏ ਕੰਪਨੀ ਦੇ ਡਾਇਰੈਕਟਰ ਜਸਮੀਤ ਸਿੰਘ ਕੋਟੜਾ ਨੇ ਦੱਸਿਆ ਕਿ ਜ਼ਮੀਨਦੋਜ ਪਾਣੀ ਦੇ ਡਿੱਗਦੇ ਪੱਧਰ ਨੂੰ ਦੇਖ ਕੇ ਝੋਨੇ ਦੀ ਫਸਲ ਹੇਠੋਂ ਰਕਬਾ ਘਟਾਉਣ ਲਈ ਕਿਸਾਨਾਂ ਨੂੰ ਘੱਟ ਪਾਣੀ ਲੈਣ ਵਾਲੀਆਂ ਤੇ ਵੱਧ ਮੁਨਾਫੇ ਵਾਲੀਆਂ ਫਸਲਾਂ ਦੀ ਕਾਸ਼ਤ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕੰਪਨੀ ਵਲੋਂ ਇਲਾਕੇ ਦੇ ਕਿਸਾਨਾਂ ਨੂੰ ਮੂੰਗਫਲੀ ਦੀ ਫਸਲ ਉਗਾਉਣ ਲਈ ਉੱਤਮ ਕਿਸਮ ਦੇ ਮੂੰਗਫਲੀ ਦੇ ਬੀਜ ਮੁਫਤ ਵੰਡੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਖਿੱਤੇ ਦੇ ਮੌਸਮ ਤੇ ਮਿੱਟੀ ਦੇ ਸੁਭਾਅ ਨੂੰ ਦੇਖਦੇ ਹੋਏ ਇਥੇ ਮੂੰਗਫਲੀ ਦੀ ਫਸਲ ਕਾਸ਼ਤ ਕਰਨਾ ਲਾਭਕਾਰੀ ਸਿੱਧ ਹੋਵੇਗਾ ਅਤੇ ਇਹ ਫਸਲ ਦੂਜੀਆਂ ਫਸਲਾਂ ਦੇ ਮੁਕਾਬਲੇ ਵੱਧ ਤਕਨੀਕ ਵਾਲੀ ਹੈ।ਉਨ੍ਹਾਂ ਦੱਸਿਆ ਕਿ ਫਾਰਮਰ ਪ੍ਰੋਡਿਊਸਰ ਕੰਪਨੀ ਖੇਤੀਬਾੜੀ ਦੀਆਂ ਆਧੁਨਿਕ ਤੇ ਨਵੀਆਂ ਤਕਨੀਕਾਂ ਰਾਹੀਂ ਫਸਲੀ ਭਿੰਨਤਾ ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਨਿੱਗਰ ਕਦਮ ਸਾਬਿਤ ਹੋਵੇਗੀ।

## ਪੈਨਸ਼ਨ ਐਸੋਸੀਏਸ਼ਨ ਇਕਾਈ ਮੂਨਕ ਦੀ ਮਹੀਨਾਵਾਰ ਮੀਟਿੰਗ



**ਮੂਨਕ (ਰਾਜਪਾਲ ਸਿੰਗਲਾ)**-ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਦੀ ਮਹੀਨੇ ਵਾਰ ਮੀਟਿੰਗ ਮੰਗਤ ਸਿੰਘ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੂਰਨ ਸਿੰਘ ਸਹਾਇਕ ਸਕੱਤਰ ਨੇ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਗਿਆ ਕਿ ਸਮੇਂ ਸਿਰ ਜਥੇਬੰਦੀ ਦੇ ਆਗੂ ਡਵੀਜ਼ਨ ਲਹਿਰਾਗਾਗਾ ਵਿੱਚ ਕੰਮ ਕਰਦੇ ਹਨ, ਜਿਸ ਤਰ੍ਹਾਂ ਦਾ ਕੋਈ ਵੀ ਏਰੀਅਰ ਮਨਜ਼ੂਰ ਹੁੰਦਾ ਹੈ, ਡਵੀਜ਼ਨ ਲਹਿਰਾਗਾਗਾ ਵਿੱਚ ਲੀਡਰਾਂ ਵੱਲੋਂ ਕਰਵਾਏ ਜਾ ਰਹੇ ਹਨ। ਲੀਡਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ। ਇਸੇ ਸੰਦਰਭ ਵਿੱਚ ਪੈਨਸ਼ਨ ਐਸੋਸੀਏਸ਼ਨ ਪਾਵਰਕਾਮ ਰਜਿ. 56 ਦਾ ਡੈਲੀਗੇਟ ਅਜਲਾਸ 12 ਜੁਲਾਈ 2025 ਨੂੰ ਗੋਰਾਇਆ ਵਿੱਚ ਕੀਤਾ ਜਾਵੇਗਾ। ਉਸ ਵਿੱਚ ਸੰਘਰਸ਼ ਸਬੰਧੀ ਜੋ ਵੀ ਫ਼ੈਸਲਾ ਕੀਤਾ ਜਾਵੇਗਾ, ਉਸ ਨੂੰ ਸਾਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿੱਚ ਜਗਰੂਪ ਸਿੰਘ ਮੀਤ ਪ੍ਰਧਾਨ, ਬੂਟਾ ਸਿੰਘ, ਸੋਮ ਚੰਦ ਆਦਿ ਨੇ ਸੰਬੋਧਨ ਕੀਤਾ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਸਪਾਊਸ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ, ਜੋ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਿਰ ਦੇ ਨਾਮ ਨਾਲ ਜਾਣੀ ਜਾਂਦੀ ਹੈ, ਵੱਲੋਂ ਬਹੁਤ ਹੀ ਘੱਟ ਉਮਰ ਵਾਲੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਸੁਖਪ੍ਰੀਤ ਸਿੰਘ ਵਾਸੀ ਬੀਰ ਰਾਊਕੇ ਜ਼ਿਲ੍ਹਾ ਮੋਗਾ ਦਾ ਆਸਟ੍ਰੇਲੀਆ ਦਾ ਸਪਾਊਸ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਉਨ੍ਹਾ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਆਸਟ੍ਰੇਲੀਆ ਦਾ ਸਪਾਊਸ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਿਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਕੈਮਿਸਟ ਐਸੋਸੀਏਸ਼ਨ ਵੱਲੋਂ ਡਾਇਰੈਕਟਰ ਖਹਿਰਾ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਸ਼ਹਿਰ ਨਾਭਾ ਦੇ ਰਿਟੇਲ ਕੈਮਿਸਟ ਐਸੋਸੀਏਸ਼ਨ ਪ੍ਰਧਾਨ ਪ੍ਰਵੀਨ ਕੁਮਾਰ, ਹੋਲਸੇਲ ਕੈਮਿਸਟ ਐਸੋਸੀਏਸ਼ਨ ਪ੍ਰਧਾਨ ਪੁਨੀਤ ਕੌੜਾ, ਸਰਪ੍ਰਸਤ ਮਨਜੀਤ ਸਿੰਘ ਤੇ ਕੈਮਿਸਟ ਐਸੋਸੀਏਸ਼ਨ ਦੇ ਨੌਜਵਾਨ ਚੇਅਰਮੈਨ ਸਲੀਮ ਮੁਹੰਮਦ ਦੀ ਅਗਵਾਈ 'ਚ ਤਜਿੰਦਰ ਸਿੰਘ ਖਹਿਰਾ ਨੂੰ ਪੰਜਾਬ ਯੂਥ ਵਿਕਾਸ ਬੋਰਡ ਦਾ ਡਾਇਰੈਕਟਰ ਲੱਗਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ।ਚੇਅਰਮੈਨ ਸਲੀਮ ਮੁਹੰਮਦ ਨੇ ਕਿਹਾ ਕਿ ਆਮ ਆਦਮੀ ਪਾਰਟੀ 'ਚ ਤਜਿੰਦਰ ਸਿੰਘ ਖਹਿਰਾ ਵੱਲੋਂ ਨਿਭਾਈਆਂ ਸ਼ਲਾਘਾਯੋਗ ਤੇ ਨਿਰਸਵਾਰਥ ਸੇਵਾਵਾਂ ਬਦਲੇ ਉਨ੍ਹਾਂ ਨੂੰ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ।ਉਨ੍ਹਾ ਕਿਹਾ ਕਿ ਤਜਿੰਦਰ ਖਹਿਰਾ ਦੀ ਨਿਯੁਕਤੀ 'ਤੇ ਨਾ ਸਿਰਫ ਹਲਕੇ ਦੇ ਆਗੂਆਂ 'ਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ, ਸਗੋਂ ਪੰਜਾਬ ਦੇ ਨੌਜਵਾਨਾਂ ਤੇ ਪਾਰਟੀ ਵਰਕਰਾਂ 'ਚ ਵੀ ਵਿਸ਼ੇਸ਼ ਉਤਸ਼ਾਹ ਦੇਖਿਆ ਜਾ ਰਿਹਾ ਹੈ।ਇਸ ਮੌਕੇ ਸੈਨ ਤੁਲੀ, ਬਲਵਿੰਦਰ ਸਿੰਘ, ਨਰਿੰਦਰ ਢੀਂਗਰਾ, ਰਾਜ ਕੁਮਾਰ, ਵਰੁਣ ਭਾਟੀਆ ਆਦਿ ਹਾਜ਼ਰ ਸਨ।

# ਐੱਸ ਕੇ ਐੱਮ ਪਠਾਨਕੋਟ ਵੱਲੋਂ ਟ੍ਰੇਡ ਯੂਨੀਅਨਾਂ ਦੀ 9 ਜੁਲਾਈ ਦੀ ਹੜਤਾਲ ਨੂੰ ਸਮਰਥਨ ਦੇਣ ਦਾ ਐਲਾਨ

**ਪਠਾਨਕੋਟ (ਦਵਿੰਦਰ ਸਿੰਘ)**- ਸੰਯੁਕਤ ਕਿਸਾਨ ਮੋਰਚਾ ਪਠਾਨਕੋਟ ਦੀ ਜ਼ਰੂਰੀ ਮੀਟਿੰਗ ਕੇਵਲ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਕੁੱਲ ਹਿੰਦ ਕਿਸਾਨ ਸਭਾ ਦੇ ਦਫ਼ਤਰ ਗਾਂਧੀ ਚੌਕ ਪਠਾਨਕੋਟ ਵਿਖੇ ਹੋਈ, ਜਿਸ ਵਿਚ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ



ਕਾਲੀਆ, ਪ੍ਰਸ਼ੋਤਮ ਕੁਮਾਰ, ਸੁਰਿੰਦਰ ਸਹਿਗਲ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਸਿੰਘ, ਬਲਵੰਤ ਸਿੰਘ ਘੋਂ, ਬਲਬੀਰ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਬਲਰਾਜ ਸਿੰਘ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਰਜਿੰਦਰ ਸਿੰਘ ਬਾਜਵਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਵੱਲੋਂ ਇਕਬਾਲ ਸਿੰਘ ਅਤੇ ਅਮਰੀਕ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਆਈ. ਐੱਸ. ਗੁਲਾਟੀ ਹਾਜ਼ਰ ਹੋਏ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਆਗੂਆਂ ਨੇ ਦੱਸਿਆ ਕਿ ਟ੍ਰੇਡ ਯੂਨੀਅਨਾਂ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਕ ਵਿੱਚ 09 ਜੁਲਾਈ ਨੂੰ ਹੜਤਾਲ ਕਰ ਰਹੀਆਂ ਹਨ।ਉਨ੍ਹਾਂ ਐਲਾਨ ਕੀਤਾ ਕਿ ਸੰਯੁਕਤ ਕਿਸਾਨ ਮੋਰਚਾ ਪਠਾਨਕੋਟ ਹੜਤਾਲ ਦਾ ਸਮਰਥਨ ਕਰਦਾ ਹੈ।ਪੂਰੀ ਤਾਕਤ ਨਾਲ 9 ਜੁਲਾਈ ਦੀ ਹੜਤਾਲ ਦੀ ਰੋਸ ਰੈਲੀ ਅਤੇ ਮੁਜ਼ਾਹਰੇ ਵਿੱਚ ਸ਼ਾਮਲ ਹੋਵੇਗਾ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਹੜਤਾਲ ਦੀ ਰੈਲੀ ਅਤੇ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ।ਉਨ੍ਹਾਂ ਨੇ ਦੱਸਿਆ ਕਿ ਜਦੋਂ ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਸਨ, ਉਸ ਸਮੇਂ ਹੀ ਕਿਰਤ ਕਾਨੂੰਨ ਖ਼ਤਮ ਕਰਕੇ 4 ਲੇਬਰ ਕੋਡ ਵਿੱਚ ਬਦਲ ਦਿੱਤਾ ਸੀ।ਇਹ ਲੇਬਰ ਕਾਨੂੰਨ ਮਜ਼ਦੂਰਾਂ ਦੇ ਹੱਕ ਦੀ ਰਾਖੀ ਨਹੀਂ ਕਰਦੇ। ਇਹ ਮਜ਼ਦੂਰਾਂ ਉਤੇ ਬਹੁਤ ਵੱਡਾ ਹਮਲਾ ਹੈ।ਬਹੁਤੀਆਂ ਕੁਰਬਾਨੀਆਂ ਕਰਕੇ ਮਜ਼ਦੂਰ ਦੀ ਦਿਹਾੜੀ 8 ਘੰਟੇ ਕਰਵਾਈ ਸੀ, ਉਸਦੀ ਥਾਂ 'ਤੇ ਦਿਹਾੜੀ 12 ਘੰਟੇ ਕਰ ਦਿੱਤੀ ਹੈ।ਵਿਭਾਗਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ।ਠੇਕੇਦਾਰੀ ਸਿਸਟਮ ਨੂੰ ਲਾਗੂ ਕੀਤਾ ਜਾ ਰਿਹਾ ਹੈ।ਇਹ ਸਾਰੇ ਕਦਮ ਮਜ਼ਦੂਰ ਵਿਰੋਧੀ ਹਨ।ਇਸ ਲਈ ਇਨ੍ਹਾਂ ਨੀਤੀਆਂ ਦਾ ਵਿਰੋਧ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕੱਠੇ ਹੋ ਕੇ ਕਰਨਾ ਹੋਵੇਗਾ।ਸੰਯੁਕਤ ਕਿਸਾਨ ਮੋਰਚੇ ਦੇ ਦਿੱਲੀ ਮੋਰਚੇ ਵਿੱਚ ਮਜ਼ਦੂਰਾਂ ਦਾ ਸਮਰਥਨ ਮੋਰਚੇ ਦੀ ਜਿੱਤ ਵਿਚ ਮਹੱਤਵਪੂਰਨ ਯੋਗਦਾਨ ਸੀ।ਮਜ਼ਦੂਰਾਂ ਮੁਲਾਜ਼ਮਾਂ ਦੀ ਹੜਤਾਲ ਦਾ ਸੰਯੁਕਤ ਕਿਸਾਨ ਮੋਰਚਾ ਸਮਰਥਨ ਕਰਦਾ ਹੈ।ਆਉਣ ਵਾਲੇ ਸਮੇਂ ਵਿੱਚ ਮਜ਼ਦੂਰ ਅਤੇ ਕਿਸਾਨਾਂ ਦੀ ਏਕਤਾ ਨਾਲ ਸੰਘਰਸ਼ ਲੜੇ ਜਾਣਗੇ।

# ਸਵਾਂ ਨਦੀ ਚੜ੍ਹਨ ਕਾਰਨ ਭੱਲੜੀ ਦੇ ਲੋਕਾਂ ਦੀ ਜ਼ਮੀਨ ਰੁੜ੍ਹੀ



**ਭਲਾਣ (ਹਰਭਜਨ ਢਿੱਲੋਂ)**- ਬੀਤੀ ਰਾਤ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਕਾਰਨ ਸਵਾਂ ਨਦੀ ਆਉਣ ਕਾਰਨ ਪਿੰਡ ਭੱਲੜੀ ਦੇ ਲੋਕਾਂ ਦੀ ਜ਼ਮੀਨ ਰੁੜ੍ਹ ਗਈ ਹੈ।ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਪਏ ਭਾਰੀ ਮੀਂਹ ਕਾਰਨ ਸਵਾਂ ਨਦੀ ਵਿੱਚ ਵਾਧੂ ਪਾਣੀ ਆਉਣ ਕਾਰਨ ਪਿੰਡ ਭੱਲੜੀ ਦੇ ਬਖ਼ਸ਼ੀਸ਼ ਸਿੰਘ ਪੁੱਤਰ ਦੌਲਤ ਰਾਮ, ਸੋਹਣ ਸਿੰਘ ਪੁੱਤਰ ਅਜੀਤ ਸਿੰਘ, ਮਨਦੀਪ ਸਿੰਘ ਪੁੱਤਰ ਅਜੀਤ ਸਿੰਘ ਅਤੇ ਸਰਵਣ ਸਿੰਘ ਤੇਜਾ ਦੀ ਸਵਾਂ ਨਦੀ ਦੇ ਨਾਲ ਲੱਗਦੀ ਜ਼ਮੀਨ ਰੁੜ੍ਹ ਗਈ ਹੈ।ਦੱਸਣਯੋਗ ਹੈ ਕਿ ਇਹ ਸਾਰਾ ਕੁਝ ਸਵਾਂ ਨਦੀ ਵਿੱਚ ਨਜਾਇਜ਼ ਮਾਈਨਿੰਗ ਹੋਣ ਕਾਰਨ ਹੋਇਆ।ਇਸ ਮੌਕੇ ਡਰੇਨੇਜ਼ ਵਿਭਾਗ ਦੇ ਜੇਈ ਰਾਜਪਾਲ ਮੌਕੇ 'ਤੇ ਪਹੁੰਚੇ। ਉਨ੍ਹਾਂ ਹਾਲਾਤ ਦਾ ਜਾਇਜ਼ਾ ਲਿਆ ਅਤੇ ਵਿਸ਼ਵਾਸ ਦਿਵਾਇਆ ਕਿ ਜਿਉਂ ਹੀ ਸਵਾਂ ਨਦੀ ਵਿੱਚ ਪਾਣੀ ਘੱਟ ਜਾਂਦਾ ਹੈ ਤਾਂ ਉਸ ਤੋਂ ਬਾਅਦ ਇੱਥੇ ਪੱਥਰਾਂ ਦੀਆਂ ਠੋਕਰਾਂ ਲਗਾਈਆਂ ਜਾਣਗੀਆਂ ਤਾਂ ਕਿ ਜ਼ਮੀਨ ਖੁਰਨ ਤੋਂ ਬਚ ਸਕੇ।

# ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ 1-1-16 ਤੋਂ 2.59 ਗੁਣਾਂਕ ਨਾਲ ਪੈਨਸ਼ਨਾਂ ਸੋਧ ਕੇ ਤੁਰੰਤ ਬਕਾਇਆ ਦੇਣ ਦੀ ਮੰਗ


**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ) ਜ਼ਿਲ੍ਹਾ ਅੰਮ੍ਰਿਤਸਰ ਦੀ ਮਹੀਨਾਵਾਰ ਇਕੱਤਰਤਾ ਕੰਪਨੀ ਬਾਗ ਵਿਖੇ ਸੁਖਦੇਵ ਸਿੰਘ ਪੰਨੂੰ ਪ੍ਰਧਾਨ ਦੀ ਅਗਵਾਈ ਹੇਠ ਹੋਈ ਜਿਸ ਸਮੇਂ ਪੰਜਾਬ ਸਰਕਾਰ ਦੇ ਵੱਖ- ਵੱਖ ਵਿਭਾਗਾਂ ਤੋਂ ਸੇਵਾਮੁਕਤ ਹੋਏ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਸਭ ਤੋਂ ਪਹਿਲਾਂ ਜਥੇਬੰਦੀ ਦੇ ਕੈਸ਼ੀਅਰ ਨਰਿੰਦਰ ਸ਼ਰਮਾ ਦੇ ਦੋਹਤੇ ਦੀ ਭਰ ਜਵਾਨੀ ਵਿੱਚ ਅਚਾਨਕ ਹੋਈ ਮੌਤ ਦੇ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਕੈਸ਼ੀਅਰ ਨਰਿੰਦਰ ਸ਼ਰਮਾ ਵੱਲੋਂ ਜਥੇਬੰਦੀ ਦਾ ਪਿਛਲੇ ਮਹੀਨੇ ਦਾ ਹਿਸਾਬ ਪੇਸ਼ ਕੀਤਾ ਗਿਆ।ਇਸ ਸਮੇਂ ਪ੍ਰਧਾਨ ਸੁਖਦੇਵ ਸਿੰਘ ਪੰਨੂੰ ਨੇ 12-6-25 ਨੂੰ ਲੁਧਿਆਣਾ ਵਿਖੇ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਹੋਈ ਤਿਮਾਹੀ ਮੀਟਿੰਗ, 14-6-25 ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਦੌਰਾਨ ਕੀਤੀ ਰੋਸ ਰੈਲੀ ਅਤੇ 17-6-25 ਨੂੰ ਜ਼ਿਲ੍ਹਾ ਖਜ਼ਾਨਾ ਦਫ਼ਤਰ ਅੰਮ੍ਰਿਤਸਰ ਵਿਖੇ ਬੈਂਕਾਂ ਦੇ ਅਧਿਕਾਰੀਆਂ ਅਤੇ ਪੈਨਸ਼ਨਰਜ਼ ਜਥੇਬੰਦੀਆਂ ਦੀ ਹੋਈ ਮੀਟਿੰਗ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਗਈ।ਚਰਨ ਸਿੰਘ ਐਕਟਿੰਗ ਪ੍ਰਧਾਨ, ਦੀਦਾਰ ਸਿੰਘ, ਸੁਖਜਿੰਦਰ ਸਿੰਘ ਰਿਆੜ, ਚਰਨ ਸਿੰਘ ਸੰਧੂ, ਕੁਲਦੀਪ ਸਿੰਘ, ਸਵਰਨ ਸਿੰਘ ਅਤੇ ਸਤਪਾਲ ਸਿੰਘ ਚੇਲੀਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਅਵੇਸਲੇਪਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪੈਨਸ਼ਨਰਾਂ



ਦੀਆਂ ਮੰਗਾਂ ਲੰਮੇ ਸਮੇਂ ਤੋਂ ਪੈਂਡਿੰਗ ਹਨ, ਪਰ ਸਰਕਾਰ ਉਨ੍ਹਾਂ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦੇ ਰਹੀ।ਜਥੇਬੰਦੀਆਂ ਨੂੰ ਵਾਰ-ਵਾਰ ਮੀਟਿੰਗਾਂ ਦੇ ਕੇ ਗੱਲਬਾਤ ਕਰਨ ਦੀ ਥਾਂ ਤੇ ਮੀਟਿੰਗਾਂ ਰੱਦ ਕਰਕੇ ਗੱਲਬਾਤ ਤੋਂ ਸਰਕਾਰ ਭੱਜ ਰਹੀ ਹੈ।ਬੁਲਾਰਿਆਂ ਨੇ ਸਰਕਾਰ ਨੂੰ ਸਖਤ ਚਿਤਾਵਨੀ ਦਿੱਤੀ ਕਿ ਜੇਕਰ ਹੁਣ ਵੀ ਉਨ੍ਹਾਂ ਦੀਆਂ ਮੰਗਾਂ ਦੇ ਹੱਲ ਕਰਨ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਮਜਬੂਰ ਹੋ ਕੇ ਸਖਤ ਐਕਸ਼ਨ ਲਿਆ ਜਾ ਸਕਦਾ ਹੈ।ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸੁਖਦੇਵ ਸਿੰਘ ਪੰਨੂੰ ਪ੍ਰਧਾਨ ਅਤੇ ਚਰਨ ਸਿੰਘ ਸੰਧੂ ਜਨਰਲ ਸਕੱਤਰ ਨੇ ਕਿਹਾ ਕਿ ਛੇਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਿਤੀ 1-1-16 ਤੋਂ 2.59 ਦੇ ਗੁਣਾਂਕ ਨਾਲ ਪੈਨਸ਼ਨਾਂ ਸੋਧੀਆਂ ਜਾਣ ਅਤੇ ਮਿਤੀ 1-1-16 ਤੋਂ ਸੋਧੀਆਂ ਪੈਨਸ਼ਨਾਂ ਦਾ ਬਕਾਇਆ ਨਕਦ ਦਿੱਤਾ ਜਾਵੇ, ਕੇਂਦਰ ਅਤੇ ਗੁਆਂਢੀ ਸੂਬਿਆਂ ਦੀ ਤਰਜ਼ ਤੇ ਡੀ. ਏ. ਦੀਆਂ ਬਾਕੀ ਰਹਿੰਦੀਆਂ ਕਿਸ਼ਤਾਂ ਜਾਰੀ ਕਰਕੇ ਡੀ. ਏ. ਕੇਂਦਰ ਦੇ ਬਰਾਬਰ ਕੀਤਾ ਜਾਵੇ, ਡੀ. ਏ. ਦੀਆਂ ਪਹਿਲਾਂ ਜਾਰੀ ਕੀਤੀਆਂ ਕਿਸ਼ਤਾਂ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, ਕੈਸ਼ ਲੈੱਸ ਸਿਹਤ ਸਕੀਮ ਸੋਧ ਕੇ ਦੁਬਾਰਾ ਲਾਗੂ ਕੀਤੀ ਜਾਵੇ।ਮੀਟਿੰਗ 'ਚ ਰਘਬੀਰ ਸਿੰਘ, ਪ੍ਰਵੇਸ਼ ਰਾਣੀ, ਬਲਦੇਵ ਸਿੰਘ ਰੰਧਾਵਾ, ਪਰਵਿੰਦਰ ਸਿੰਘ, ਜਸਮੇਲ ਸਿੰਘ, ਅਸ਼ਵਨੀ ਕੁਮਾਰ, ਓਮ ਪ੍ਰਕਾਸ਼, ਸੁਖਵੰਤ ਸਿੰਘ ਔਲਖ, ਗੁਰਵਿੰਦਰ ਸਿੰਘ, ਮਨਜੀਤ ਸਿੰਘ, ਗੁਰਦੀਪ ਸਿੰਘ, ਜਸਪਾਲ ਸਿੰਘ, ਨਾਨਕ ਚੰਦ, ਸ਼ਿਵ ਕੁਮਾਰ, ਦਿਲਦਾਰ ਸਿੰਘ, ਨਰਿੰਦਰ ਸਿੰਘ ਗਿੱਲ, ਹਰਭਜਨ ਸਿੰਘ, ਸਵਿੰਦਰਪਾਲ ਸਿੰਘ, ਨਰਿੰਦਰ ਸਿੰਘ, ਵਿਮਲ ਕੁਮਾਰ, ਪ੍ਰਿਤਪਾਲ ਸਿੰਘ, ਜਗਦੀਸ਼ ਰਾਜ, ਬਿਹਾਰੀ ਲਾਲ, ਗੁਰਨਾਮ ਸਿੰਘ, ਅਵੀਨਾਸ਼ ਸਿੰਘ ਭੱਲਾ, ਸੁਰੇਸ਼ ਕੁਮਾਰ, ਸਤਨਾਮ ਸਿੰਘ, ਬਲਬੀਰ ਸਾਗਰ, ਅਸ਼ੋਕ ਕੁਮਾਰ, ਸਰਦੂਲ ਸਿੰਘ, ਓਮ ਪ੍ਰਕਾਸ਼, ਪਰਗਟ ਸਿੰਘ, ਅਮਰਜੀਤ ਸਿੰਘ, ਕੁਲਦੀਪ ਸਿੰਘ, ਦਵਿੰਦਰ ਕੋਤਵਾਲ, ਜਸਬੀਰ ਸਿੰਘ, ਬਖ਼ਸ਼ੀ ਰਾਮ ਆਦਿ ਹਾਜ਼ਰ ਸਨ।

# ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇ ਕੇ 2027 'ਚ ਧਰਮ-ਨਿਰਪੱਖਤਾ ਦੀ ਹਾਮੀ ਕਾਂਗਰਸ ਪਾਰਟੀ ਦੀ ਸਰਕਾਰ ਬਣਾਓ : ਅਜਨਾਲਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਭਾਰਤ ਦੇਸ਼ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿੱਚ ਮਿਲ ਜੁਲ ਕੇ ਰਹਿਣਾ ਚਾਹੁੰਦੇ ਹਨ, ਪਰ ਅਫਸੋਸ ਕੇ ਕੁਝ ਅਜਿਹੀਆਂ ਤਾਕਤਾਂ ਦੇਸ਼ ਦੀ ਰਾਜ ਸੱਤਾ 'ਤੇ ਕਾਬਜ਼ ਹੋ ਗਈਆਂ ਹਨ ਜੋ ਵੰਡੀਆਂ ਪਾ ਕੇ ਅਤੇ ਧਰਮ ਦੇ ਨਾਂ ਤੇ ਇੱਕ ਧਿਰ ਨੂੰ ਦੂਜੀ ਧਿਰ ਨਾਲ ਲੜਾਉਣਾ ਚਾਹੁੰਦੀਆਂ ਹਨ।ਅਜਿਹੀਆਂ ਫਾਸ਼ੀਵਾਦੀ ਤਾਕਤਾਂ ਨੂੰ ਉਨ੍ਹਾਂ ਦੇ ਭੈੜੇ ਮਨਸੂਬਿਆਂ ਤੋਂ ਰੋਕਣ ਅਤੇ ਦੇਸ਼ ਦੀ ਤਰੱਕੀ ਲਈ ਦੇਸ਼ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਦੇਸ਼ ਦੀ ਆਜ਼ਾਦੀ ਲਈ ਮੁਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਧਰਮ ਨਿਰਪੱਖਤਾ ਦੀ ਹਾਮੀ ਕਾਂਗਰਸ ਪਾਰਟੀ ਨੂੰ ਲਿਆਉਣਾ ਜ਼ਰੂਰੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲਾ ਕਾਂਗਰਸ ਕਮੇਟੀ ਦਿਹਾਤੀ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਹਲਕੇ ਦੇ ਕਾਂਗਰਸੀ ਅਹੁਦੇਦਾਰਾਂ ਅਤੇ ਵਰਕਰਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਐੱਮ. ਆਰ. ਰਿਜ਼ੋਰਟ ਵਿਖੇ ਕੀਤਾ।ਇਸ ਸਮੇਂ ਹਲਕਾ ਅਜਨਾਲਾ ਦੇ ਨਵ-ਨਿਯੁਕਤ ਕੋਆਰਡੀਨੇਟਰ ਸੰਦੀਪ ਸ਼ਰਮਾ ਸ਼ਾਹ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ।ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਅਜਨਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ 'ਚ ਬੁਰੀ ਤਰ੍ਹਾਂ ਫੇਲ ਸਾਬਤ ਹੋਈ ਹੈ।ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਬੁਣੇ ਮੱਕੜ ਜਾਲ ਵਿੱਚ ਫਸ ਕੇ ਸੁਨਹਿਰੀ ਭਵਿੱਖ ਦੀ ਆਸ ਲਾਈ ਬੈਠੇ ਪੰਜਾਬ ਦੇ ਲੋਕ ਹੁਣ ਹੱਥਾਂ ਨੂੰ ਦੰਦੀਆਂ ਵੱਢ ਰਹੇ ਹਨ ਅਤੇ ਛੇਤੀ ਤੋਂ ਛੇਤੀ ਸਰਕਾਰ ਨੂੰ ਚਲਦਾ ਕਰਨ ਲਈ ਕਾਹਲੇ ਹਨ।ਪੰਜਾਬ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ ਅਤੇ ਸੂਬਾ ਹਰੇਕ ਤਰ੍ਹਾਂ



ਦੇ ਵਿਕਾਸ ਤੋਂ ਪੱਛੜ ਰਿਹਾ ਹੈ।ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਪਿੰਡਾਂ ਵਿੱਚ ਤਗੜੇ ਹੋ ਕੇ ਕੰਮ ਕਰੋ। ਆਪਣੇ ਸੰਬੋਧਨ ਵਿੱਚ ਉਨ੍ਹਾਂ ਹਲਕੇ ਦੇ ਪਿੰਡਾਂ ਵਿੱਚ ਬਣਾਈਆਂ ਜਾ ਰਹੀਆਂ ਬੂਥ ਲੈਵਲ ਕਮੇਟੀਆਂ ਦੀ ਅਹਿਮੀਅਤ ਬਾਰੇ ਦੱਸਿਆ ਅਤੇ ਰਹਿੰਦੇ ਪਿੰਡਾਂ ਦੇ ਆਗੂਆਂ ਨੂੰ ਜਲਦੀ ਤੋਂ ਜਲਦੀ ਕਮੇਟੀਆਂ ਬਣਾ ਕੇ ਦੇਣ ਲਈ ਕਿਹਾ।ਇਸ ਮੌਕੇ ਕਾਂਗਰਸ ਕਮੇਟੀ ਜ਼ਿਲ ਦਿਹਾਤੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਕੰਵਰ ਪ੍ਰਤਾਪ ਸਿੰਘ ਅਜਨਾਲਾ, ਸੀਨੀਅਰ ਕਾਂਗਰਸੀ ਆਗੂ ਜੁਗਰਾਜ ਸਿੰਘ ਅਜਨਾਲਾ, ਡਾਃ ਨਿਆਮਤ ਸੂਫੀ, ਗੁਰਦੇਵ ਸਿੰਘ ਨਿੱਝਰ, ਦਿਲਬਾਗ ਸਿੰਘ ਫਿਰਵਰਿਆ, ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ, ਰਾਣਾ ਭੱਖਾ, ਦਲਜੀਤ ਸਿੰਘ ਸੋਨੂੰ, ਗੁਰਪਾਲ ਸਿੰਘ ਸਿੱਧੀ, ਰਾਜਬੀਰ ਸਿੰਘ ਮੱਧੂਛਾਂਗਾ, ਦੀਪਕ ਅਰੋੜਾ, ਅਮਨਦੀਪ ਸਿੰਘ ਝੰਡੇਰ, ਦਿਲਬਾਗ ਸਿੰਘ ਰਮਦਾਸ, ਗੁਰਿੰਦਰਬੀਰ ਸਿੰਘ ਗੱਗੋਮਾਹਲ, ਪਰਸ਼ੋਤਮ ਖਤਰਾਏ, ਸੋਨੂੰ ਮਾਕੋਵਾਲ, ਬਲਵਿੰਦਰ ਜਗਦੇਵ ਖੁਰਦ, ਜੈਟੀ ਅਬੂਸੈਦ, ਬਲਜੀਤ ਸਿੰਘ ਸਲੇਮਪੁਰਾ, ਬਲਦੇਵ ਸਿੰਘ ਭੋਏਵਾਲੀ, ਮਨਪ੍ਰੀਤ ਸਿੰਘ ਸਾਰੰਗ ਦੇਵ, ਸਰਪੰਚ ਸੁਖਵੰਤ ਸਿੰਘ ਚੇਤਨਪੁਰਾ, ਸਮਤੀ ਮੈਂਬਰ ਗੁਰਜੀਤ ਸਿੰਘ ਬਿੱਟੂ ਚੇਤਨਪੁਰਾ, ਅਮਰਜੀਤ ਸਿੰਘ ਚੇਤਨਪੁਰਾ, ਪ੍ਰਸ਼ੋਤਮ ਸਿੰਘ ਖਤਰਾਏ ਖੁਰਦ, ਪਰਮਿੰਦਰ ਭੱਖਾ, ਬਲਜੀਤ ਸਿੰਘ ਸਲੇਮਪੁਰਾ, ਗੁਰਵਿੰਦਰ ਸਿੰਘ ਲਸ਼ਕਰੀ ਨੰਗਲ, ਸੁਖਦੇਵ ਸਰੀਨ, ਸਰਵਣ ਸਿੰਘ ਨਿਜ਼ਾਮਪੁਰਾ, ਬਲਵਿੰਦਰ ਸਿੰਘ ਹਰਦੋ ਪੁੱਤਲੀ, ਲਖਬੀਰ ਸਿੰਘ ਤੇੜਾ, ਗੁਰਸ਼ਿੰਦਰ ਸਿੰਘ ਕਾਹਲੋਂ ਸੈਂਸਰਾ, ਰਾਣਾ ਬੱਲ, ਸਰਪੰਚ ਕਾਲਾ ਭੂਰੇ ਗਿੱਲ, ਬੰਟੀ ਕੱਲੋਮਾਹਲ, ਐਡਵੋਕੇਟ ਸਨੀਲ, ਡਾ. ਜ਼ੋਰਾ ਸੰਤੂਨੰਗਲ, ਰੇਸ਼ਮ ਸਿੰਘ ਬਲੜਵਾਲ, ਜਗਰੂਪ ਸਿੰਘ ਨੰਗਲ, ਮਿੱਠੂ ਚਮਿਆਰੀ, ਪ੍ਰਭ ਡੱਲਾ ਰਾਜਪੂਤਾਂ, ਰਾਣਾ ਬੱਲ ਗੁਰਾਲਾ, ਆਜ਼ਾਦਵਿੰਦਰ ਸਿੰਘ ਬਿਕਰਾਉਰ, ਗੁਰਵਿੰਦਰ ਸਿੰਘ ਚਾਹੜਪੁਰ, ਪਰਮਿੰਦਰ ਸਿੰਘ ਸੰਗੋਆਣਾ, ਰਾਜਵਿੰਦਰ ਕਿਆਮਪੁਰ, ਦਵਿੰਦਰ ਤੇੜਾ, ਲਖਬੀਰ ਸਿੰਘ ਤੇੜਾ, ਹਰਜੀਤ ਸਿੰਘ ਭਲਾ ਪਿੰਡ, ਗਗਨਦੀਪ ਸਿੰਘ ਬੌਬੀ ਆਦਿ ਹਾਜ਼ਰ ਸਨ।

# ਰਾਜਬੀਰ ਪੱਖੋਕੇ ਕਾਂਗਰਸੀ ਉਮੀਦਵਾਰੀ ਦੀ ਦੌੜ 'ਚ ਸਭ ਤੋਂ ਅੱਗੇ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਸਾਬਕਾ ਡੀਐੱਸਪੀ ਰਤਨ ਸਿੰਘ ਪੱਖੋਕੇ ਦੇ ਪੁੱਤਰ ਅਤੇ ਸਾਬਕਾ ਵਧਾਇਕ ਰਮਨਜੀਤ ਸਿੰਘ ਸਿੱਕੀ ਦੇ ਬਹੁਤ ਨਜ਼ਦੀਕੀ ਸਾਥੀ ਉੱਘੇ ਸਮਾਜ ਸੇਵਕ ਤੇ ਨੌਜਵਾਨ ਕਾਂਗਰਸੀ ਰਾਜਬੀਰ ਸਿੰਘ ਪੱਖੋਕੇ ਸੀਨੀਅਰ ਮੀਤ ਪ੍ਰਧਾਨ ਹਲਕਾ ਤਰਨਤਾਰਨ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰੀ ਦੀ ਦੌੜ 'ਚ ਸਭ ਤੋਂ ਅੱਗੇ ਹਨ।ਭਰੋਸੇਯੋਗ ਸੂਤਰਾਂ ਅਨੁਸਾਰ ਰਾਜਬੀਰ ਸਿੰਘ ਪੱਖੋਕੇ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਜ਼ਿਲਾ ਪ੍ਰਧਾਨ ਵੀ ਰਹੇ, ਲੰਮੇ ਸਮੇਂ ਤੋਂ ਲੋਕਾਂ ਦੀ ਸੇਵਾ ਵਿੱਚ ਦਿਨ-ਰਾਤ ਹਾਜ਼ਰ ਰਹੇ, ਆਮ ਜਨਤਾ ਵਿੱਚ ਚੰਗਾ ਅਸਰ ਰਸੂਖ ਤੇ ਪੱਕੇ ਵੋਟ ਬੈਂਕ ਦਾ ਵੱਡਾ ਆਧਾਰ ਰੱਖਦੇ ਹਨ।ਜੇਕਰ ਕਾਂਗਰਸ ਪਾਰਟੀ ਉਨ੍ਹਾਂ ਨੂੰ ਟਿਕਟ ਦਿੰਦੀ ਹੈ ਤਾਂ ਉਹ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ ਵਿਚ ਪਾਉਣ ਦਾ ਦਮ ਰੱਖਦੇ ਹਨ ਕਿਉਂਕਿ ਰਾਜਬੀਰ ਸਿੰਘ ਪੱਖੋਕੇ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹਨ ਤੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਦੇ ਨਾਲ-ਨਾਲ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਸਕੀਮਾਂ ਨੂੰ ਹਲਕੇ ਦੇ ਪਿੰਡਾਂ ਵਿਚ ਲੋਕਾਂ ਤੱਕ ਪਹੁੰਚਾਉਂਦੇ ਆ ਰਹੇ ਹਨ।ਰਾਜਬੀਰ ਸਿੰਘ ਪੱਖੋਕੇ ਦੇ ਪਿਤਾ ਸਾਬਕਾ ਡੀਐੱਸਪੀ ਰਤਨ ਸਿੰਘ ਆਪਣੀਆਂ ਸੇਵਾਵਾਂ ਤਰਨਤਾਰਨ ਜ਼ਿਲੇ ਵਿੱਚ ਬਹੁਤ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣ ਵਾਲੇ ਅਫ਼ਸਰ ਰਹੇ ਸਨ।ਉਨ੍ਹਾਂ ਦੀ ਇਮਾਨਦਾਰੀ ਅਤੇ ਮਿਹਨਤ ਨਾਲ ਡਿਊਟੀ ਨਿਭਾਉਣ ਕਰਕੇ ਵਿਧਾਨ ਸਭਾ ਹਲਕਾ ਤਰਨਤਾਰਨ ਵਿੱਚ ਬਾਜ਼ੀ ਮਾਰ ਸਕਦੇ ਹਨ।

# ਚੇਅਰਮੈਨ ਬਹਿਲ ਦੇ ਯਤਨਾਂ ਸਦਕਾ ਜ਼ਿਲ੍ਹਾ ਹਸਪਤਾਲ ਤੇ ਪੁਰਾਣੇ ਸਿਵਲ ਹਸਪਤਾਲ ਦੀ ਨੁਹਾਰ ਬਦਲੀ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਸ਼ੇਸ਼ ਯਤਨ ਕਰਕੇ ਗੁਰਦਾਸਪੁਰ ਵਿੱਚ ਜ਼ਿਲ੍ਹਾ ਹਸਪਤਾਲ ਅਤੇ ਪੁਰਾਣੇ ਸਿਵਲ ਹਸਪਤਾਲ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ। ਇਹ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਵੀਂ ਇਬਾਰਤ ਲਿਖੀ ਹੈ।ਚੇਅਰਮੈਨ ਬਹਿਲ ਵੱਲੋਂ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ (ਬੱਬਰੀ) ਵਿੱਚ ਬਣ ਰਹੇ ਮਦਰ ਐਂਡ ਚਾਈਲਡ ਵਿੰਗ (ਜੱਚਾ ਬੱਚਾ ਵਾਰਡ), ਡਿਸਟਰਿਕਟ ਅਰਲੀ ਇੰਟਰਵੇਸ਼ਨ ਸੈਂਟਰ (ਡੀਈਆਈਸੀ), ਕ੍ਰਿਟੀਕਲ ਕੇਅਰ ਯੂਨਿਟ ਅਤੇ ਸਰਕਾਰੀ ਨਰਸਿੰਗ ਸੰਸਥਾ ਵਿੱਚ ਲੜਕੀਆਂ ਦੇ ਹੋਸਟਲ ਦਾ ਦੌਰਾ ਕਰਕੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਸਿਹਤ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਮੌਕੇ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਗੁਰਦਾਸਪੁਰ ਵਿਖੇ ਕਰੋੜਾਂ ਰੁਪਏ ਖਰਚ ਕਰਕੇ ਆਮ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹਸਪਤਾਲ ਵਿੱਚ ਜੱਚਾ-ਬੱਚਾ ਵਾਰਡ ਦੀ ਉਸਾਰੀ ਲਗਭਗ ਮੁਕੰਮਲ ਹੋ ਗਈ ਹੈ ਅਤੇ ਇਸਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।ਜਲਦ ਹੀ ਜ਼ਿਲ੍ਹਾ ਹਸਪਤਾਲ ਵਿੱਚ ਜੱਚਾ-ਬੱਚਾ ਵਾਰਡ ਸ਼ੁਰੂ ਹੋ ਜਾਵੇਗਾ ਜਿਸ ਵਿੱਚ ਜਣੇਪੇ ਸਬੰਧੀ ਪੂਰੇ ਪ੍ਰਬੰਧ ਹੋਣਗੇ।ਇਸ ਵਿੰਗ ਵਿੱਚ ਸਧਾਰਨ ਜਣੇਪੇ ਦੇ ਨਾਲ ਹੀ ਸਿਜ਼ੇਰੀਅਨ ਡਲਿਵਰੀ ਦਾ ਪ੍ਰਬੰਧ ਵੀ ਹੋਵੇਗਾ ਅਤੇ ਨਵਜੰਮੇ ਬੱਚਿਆਂ ਲਈ ਨਰਸਰੀ, ਨਿੱਕੂ ਵਾਰਡ, ਐੱਸਐੱਨਸੀਯੂ ਦਾ ਪ੍ਰਬੰਧ ਵੀ ਹੋਵੇਗਾ।ਉਨ੍ਹਾਂ ਕਿਹਾ ਕਿ ਇਹ ਸੈਂਟਰ ਜ਼ਿਲ੍ਹੇ ਵਿੱਚ ਬੱਚਿਆਂ ਦੀ ਸਿਹਤ ਸਹੂਲਤਾਂ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ।ਉਨ੍ਹਾਂ ਕਿਹਾ ਕਿ ਰਾਸ਼ਟਰੀ ਬਾਲ ਸਵਾਸਥ ਕਾਰਇਆਕ੍ਰਮ ਦੇ ਤਹਿਤ ਡੀਈਆਈਸੀ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਇਸ ਤੇ ਕੁੱਲ 1.30 ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ ਸੈਂਟਰ ਵਿੱਚ 6 ਸਾਲ ਤੱਕ ਦੇ ਬੱਚਿਆਂ ਦੇ ਇਲਾਜ ਦਾ ਪ੍ਰਬੰਧ ਹੋਵੇਗਾ।ਵੱਖ-ਵੱਖ ਸਿਹਤ ਸੰਸਥਾਵਾਂ ਅਤੇ ਆਰਬੀਐੱਸਕੇ ਟੀਮਾਂ ਵੱਲੋਂ ਬੱਚਿਆਂ ਦੀ ਬੀਮਾਰੀਆਂ ਅਤੇ ਸਰੀਰਕ ਕਮੀ ਦੀ ਸ਼ਨਾਖਤ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜ਼ਿਲਾ ਹਸਪਤਾਲ ਵਿੱਚ ਕ੍ਰਿਟੀਕਲ ਕੇਅਰ ਯੂਨਿਟ ਦਾ ਕੰਮ ਵੀ ਅੰਤਿਮ ਗੇੜ ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਕ੍ਰਿਟੀਕਲ ਕੇਅਰ ਯੂਨਿਟ ਸ਼ੁਰੂ ਹੋਣ 'ਤੇ ਗੰਭੀਰ ਰੋਗਾਂ ਅਤੇ ਦੁਰਘਟਨਾਵਾਂ ਦੇ ਸ਼ਿਕਾਰ ਮਰੀਜ਼ਾਂ ਦਾ ਵਧੀਆ ਇਲਾਜ ਹੋ ਸਕੇਗਾ। ਉਨ੍ਹਾਂ ਕਿਹਾ ਕਿ ਜ਼ਿਲਾ ਹਸਪਤਾਲ ਵਿੱਚ ਆਰਟੀਪੀਸੀਆਰ ਲੈਬ ਸਥਾਪਤ ਹੋ ਚੁੱਕੀ ਹੈ।ਇਸ ਲੈਬ ਵਿੱਚ ਕੋਵਿਡ-19, ਐੱਚਵਨਐੱਨਵਨ, ਇੰਫਲੂਐਂਜ਼ਾ, ਵਾਇਰਲ ਇਨਫੈਕਸ਼ਨ ਦੇ ਕਰੀਬ 50 ਟੈਸਟ ਕੀਤੇ ਜਾ ਸਕਦੇ ਹਨ।



# ਬਿਨਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲੇ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ : ਡਾ. ਅਮਰੀਕ ਸਿੰਘ

**ਬਟਾਲਾ (ਡਾ. ਮਲਵਿੰਦਰ ਸਿੰਘ)**- ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਹ ਪ੍ਰਗਟਾਵਾ ਕਰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਜਾਂ ਯੂਰੀਆ ਖਾਦ ਦੇ ਨਾਲ ਜਬਰੀ ਹੋਰ ਖੇਤੀ ਸਮਗਰੀ ਦਿੰਦਾ ਹੈ ਤਾਂ ਉਸ ਦੀ ਲਿਖਤੀ ਤੌਰ ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।ਉਨ੍ਹਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਖਾਸ ਕਰਕੇ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਖਾਸ ਕਰਕੇ ਯੂਰੀਆ ਖਾਦ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜਿਲ੍ਹੇ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਿਤ ਮੁੱਲ 'ਤੇ ਖੇਤੀ ਸਮਗਰੀ ਖਾਸ ਕਰਕੇ ਖਾਦਾਂ ਉਪਲਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖਾਦ ਵਿਕ੍ਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ਼ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਿੱਲ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ਼ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ ਤਾਂ ਜੋ ਜ਼ਰੂਰਤ ਅਨੁਸਾਰ ਭਾਰਤ ਸਰਕਾਰ ਤੋਂ ਯੂਰੀਆ ਖਾਦ ਮਿਲ ਸਕੇ।ਉਨ੍ਹਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ ।



# ਕਟਾਰੂਚੱਕ ਨੇ ਵੱਖ-ਵੱਖ ਪਿੰਡਾਂ 'ਚ ਕਰੀਬ 6 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜ ਸ਼ੁਰੂ ਕਰਵਾਏ

**ਪਠਾਨਕੋਟ (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਦੇ ਅੰਦਰ ਕਈ ਵਿਕਾਸ ਕਾਰਜ ਜਿਸ ਅਧੀਨ ਕਈ ਕੰਮਾਂ ਨੂੰ ਮੁਕੰਮਲ ਕੀਤਾ ਗਿਆ ਅਤੇ ਜੋ ਵਿਕਾਸ ਕਾਰਜ ਚਲ ਰਹੇ ਸਨ ਉਨ੍ਹਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਤੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਨਰੋਟ ਮਹਿਰਾ ਵਿਖੇ ਵਾਟਰ ਸਪਲਾਈ ਦਾ ਨਿਰਮਾਣ ਕਾਰਜ ਪੂਰਾ ਹੋਣ ਤੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਪਠਾਨਕੋਟ, ਪਵਨ ਕੁਮਾਰ ਬਲਾਕ ਪ੍ਰਧਾਨ, ਸਰਪੰਚ ਗੌਤਮ ਮਾਨ, ਸ਼ਿਵ ਕੁਮਾਰ, ਗਜੇਸ਼ਵਰ ਠਾਕੁਰ, ਨਿਤਿਨ ਠਾਕੁਰ, ਜਸਵਿੰਦਰ ਸ਼ਰਮਾ, ਸਾਬਕਾ ਸਰਪੰਚ ਰਾਜ ਕੁਮਾਰ, ਸੂਰਜ ਠਾਕੁਰ, ਰਵਿੰਦਰ ਬੋਬੀ, ਅਜੈ ਕੁਮਾਰ, ਸਾਹਿਲ ਕੁਮਾਰ ਅਤੇ ਆਮ ਆਦਮੀ ਪਾਰਟੀ ਦੇ ਹੋਰ ਵੀ ਕਾਰਜਕਰਤਾ ਹਾਜ਼ਰ ਸਨ


।ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅੰਦਰ ਪੂਰੇ ਪੰਜਾਬ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਨਰੋਟ ਮਹਿਰਾ ਵਿਖੇ 1 ਕਰੋੜ 90 ਲੱਖ ਦੀ ਲਾਗਤ ਨਾਲ ਤਿਆਰ ਕੀਤੀ ਗਈ ਵਾਟਰ ਸਪਲਾਈ ਨਰੋਟ ਮਹਿਰਾ ਦੇ ਨਿਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਵਾਟਰ ਸਪਲਾਈ ਅਧੀਨ 16 ਕਿਲੋਮੀਟਰ ਪਾਈਪ ਲਾਈਨ ਵਿਛਾਈ ਗਈ ਹੈ ਅਤੇ 2 ਲੱਖ ਲੀਟਰ ਦੀ ਸਮਰੱਥਾ ਵਾਲੀ ਪਾਣੀ ਦੀ ਟੰਕੀ ਬਣਾ ਕੇ ਦਿੱਤੀ ਗਈ ਹੈ ਅਤੇ ਇਸ ਵਾਟਰ ਸਪਲਾਈ ਦੇ ਸ਼ੁਰੂ ਹੋਣ ਨਾਲ ਨਰੋਟ ਮਹਿਰਾ ਦੇ ਕਰੀਬ 1300 ਘਰਾਂ ਨੂੰ ਪੀਣ ਲਈ ਸਾਫ ਪਾਣੀ ਮਿਲ ਸਕੇਗਾ।ਇਸ ਤੋਂ



ਪਹਿਲਾ ਨਰੰਗਪੁਰ ਤੋਂ ਗੁੱਜਰਾਂ ਲਾਹੜੀ, ਸਿੰਬਲੀ ਤੋਂ ਨੌਸ਼ਹਿਰਾ ਨੂੰ ਜਾਣ ਵਾਲੀ ਕਰੀਬ 10 ਕਿਲੋਮੀਟਰ ਸੜਕ ਦੇ ਨਿਰਮਾਣ ਕਾਰਜ ਦਾ ਸ਼ੁਭਾ ਅਰੰਭ ਕੀਤਾ ਗਿਆ ਹੈ।ਇਸ ਤੋਂ ਇਲਾਵਾ ਪਿੰਡ ਐਮਾਂ ਗੁੱਜਰਾਂ ਵਿਖੇ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਕਮਿਊਨਿਟੀ ਹਾਲ ਦਾ ਉਦਘਾਟਨ ਕੀਤਾ ਗਿਆ ਹੈ।ਇਸ ਦੇ ਨਾਲ ਹੀ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ 6 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਸ਼ੁਭ ਆਰੰਭ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੇ ਉਦੇਸ਼ ਨਾਲ ਲੋਕਾਂ ਦੀ ਮੰਗ ਤੇ ਹੀ ਵਿਕਾਸ ਕਾਰਜ ਕਰਵਾਇਆ ਜਾ ਰਿਹਾ ਹੈ ਅਤੇ ਅਜਿਹੇ ਕਾਰਜ ਜੋ ਪਿਛਲੇ ਲੰਮੇ ਸਮੇਂ ਤੋਂ ਨਹੀਂ ਹੋ ਰਹੇ ਸਨ। ਇਨ੍ਹਾਂ ਵਿਕਾਸ ਕਾਰਜਾਂ ਦੇ ਸ਼ੁਰੂ ਹੋਣ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ।

# ਬਿਜਲੀ ਕਾਮੇ 9 ਜੁਲਾਈ ਦੀ ਹੜਤਾਲ 'ਚ ਵੱਧ-ਚੜ੍ਹ ਕੇ ਹਿੱਸਾ ਲੈਣਗੇ: ਸਾਥੀ ਉਦੀਪੁਰ


**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕੇਂਦਰ ਦੀਆਂ ਸਮੂਹ ਟ੍ਰੇਡ ਯੂਨੀਅਨਾਂ ਅਤੇ ਆਜ਼ਾਦ ਫੈਡਰੇਸ਼ਨਾਂ ਵੱਲੋਂ ਕੇਂਦਰ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ, ਕਿਸਾਨਾਂ, ਕਿਰਤੀਆਂ ਵਿਰੋਧੀ ਨੀਤੀਆਂ ਖਿਲਾਫ਼ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਬਿਜਲੀ ਕਾਮੇ ਵੱਧ ਚੜ੍ਹ ਕੇ ਹਿੱਸਾ ਲੈਣਗੇ ਜਿਸ ਦਾ ਕਾਨੂੰਨੀ ਨੋਟਿਸ ਪਾਵਰਕਾਮ ਦੀ ਮੈਨੇਜਮੈਂਟ ਨੂੰ ਦੇ ਦਿੱਤਾ ਗਿਆ ਹੈ। ਇਹ ਜਾਣਕਾਰੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦਿੰਦਿਆਂ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਪਬਲਿਕ ਸੈਕਟਰਾਂ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਕਾਰਪੋਰੇਟ ਘਰਾਣਿਆਂ ਨੂੰ ਸਰਕਾਰੀ ਅਦਾਰੇ ਵੇਚੇ ਜਾ ਰਹੇ ਹਨ। ਸਰਕਾਰੀ ਅਦਾਰਿਆਂ ਵਿੱਚ ਪੱਕੀ ਭਰਤੀ ਖਤਮ ਕਰਕੇ ਠੇਕੇਦਾਰਾਂ ਰਾਹੀਂ ਨਿਗੂਣੀਆਂ ਤਨਖਾਹਾਂ 'ਤੇ ਭਰਤੀ ਕਰਕੇ ਮਿਹਨਤਕਸ਼ ਕਿਰਤੀਆਂ ਦੀ ਵੱਡੇ ਪੱਧਰ ਤੇ ਲੁੱਟ ਕੀਤੀ ਜਾ ਰਹੀ ਹੈ। ਪ੍ਰਧਾਨ ਉਦੀਪੁਰ ਨੇ ਕਿਹਾ ਕਿ ਆਜ਼ਾਦੀ ਦੇ ਸਮੇਂ ਮਜ਼ਦੂਰਾਂ ਦੇ ਹੱਕ ਵਿੱਚ ਬਣਾਏ ਲੇਬਰ ਕਾਨੂੰਨ ਨੂੰ ਖਤਮ ਕੀਤਾ ਜਾ ਰਿਹਾ। ਅੱਜ ਮਜ਼ਦੂਰ ਜਮਾਤ ਦੀ ਹਾਲਤ ਬਦਤਰ ਹੋਈ ਪਈ ਹੈ। ਬੇਲਗਾਮ ਹੋਈ ਮਹਿੰਗਾਈ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਸਰਕਾਰਾਂ ਦੀਆਂ ਨੀਤੀਆਂ ਵੱਡਿਆਂ ਘਰਾਣਿਆਂ ਨੂੰ ਖੁਸ਼ ਕਰਨ ਵਾਲੀਆਂ ਹਨ। ਦੇਸ਼ ਦੇ ਅੰਦਰ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਸਾਥੀ ਉਦੀਪੁਰ ਨੇ ਦੱਸਿਆ ਕਿ ਇਕੱਲੇ ਪੰਜਾਬ ਦੇ ਅੰਦਰ ਅੰਦਰ ਹੀ ਇਕ ਕਰੋੜ ਮੁੰਡੇ ਕੁੜੀਆਂ ਬੇਰੁਜ਼ਗਾਰ ਹਨ, ਜਿਹੜੇ ਕੰਮ ਦੀ ਭਾਲ ਵਿੱਚ ਲੱਗੇ ਹੋਏ ਹਨ। 2004 ਦੇ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਦਾ ਹੱਕ ਵੀ ਸਰਕਾਰਾਂ ਨੇ ਖੋਹ ਲਿਆ ਹੈ। ਕਿਸਾਨਾਂ ਦੀਆਂ ਕੀਮਤੀ ਜ਼ਮੀਨਾਂ ਧੱਕੇ ਨਾਲ ਖੋਹੀਆਂ ਜਾ ਰਹੀਆਂ ਹਨ। ਕਿਸਾਨ ਮੰਡੀਆਂ ਨੂੰ ਖਤਮ ਕਰਕੇ ਕਿਸਾਨਾਂ ਨੂੰ ਅੰਡਾਨੀਆਂ ਅੰਬਾਨੀਆਂ ਦੇ ਹਵਾਲੇ ਕੀਤਾ ਜਾ ਰਿਹਾ। ਇਸ ਕਰਕੇ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਮੋੜਾ ਦੇਣ ਲਈ ਦੇਸ਼ ਪੱਧਰ 'ਤੇ ਮਿਹਨਤਕਸ਼ ਕਿਰਤੀਆਂ ਵੱਲੋਂ ਹੜਤਾਲ ਕੀਤੀ ਜਾ ਰਹੀ ਹੈ। ਮੁਲਾਜ਼ਮਾਂ ਦੇ ਆਗੂ ਸਾਥੀ ਉਦੀਪੁਰ ਨੇ ਮਜ਼ਦੂਰ, ਮੁਲਾਜ਼ਮ, ਕਿਰਤੀਆਂ ਅਤੇ ਕਿਸਾਨਾਂ ਨੂੰ 9 ਜੁਲਾਈ ਦੀ ਹੜਤਾਲ ਨੂੰ ਸਫਲ ਕਰਨ ਦੀ ਅਪੀਲ ਕੀਤੀ ਹੈ।



# ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਨੌਜਵਾਨਾਂ ਲਈ ਮਿਸ਼ਨ ਉਮੀਦ ਦਾ ਆਗਾਜ਼

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਦੇ ਸੁਪਨਿਆਂ ਨੂੰ ਉਡਾਨ ਦੇਣ ਲਈ ਮਿਸ਼ਨ ਉਮੀਦ ਸ਼ੁਰੂ ਕੀਤਾ ਗਿਆ ਹੈ। ਮਿਸ਼ਨ ਉਮੀਦ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਚੇਤਨ ਭਾਰਤ ਲਰਨਿੰਗ ਦੇ ਸਹਿਯੋਗ ਨਾਲ ਜ਼ਿਲ੍ਹਾ ਰੁਜ਼ਗਾਰ ਬਿਊਰੋ ਰਾਹੀਂ 'ਮਿਸ਼ਨ ਉਮੀਦ ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਤਹਿਤ ਨੌਜਵਾਨਾਂ ਲਈ ਯੂਪੀਐੱਸਸੀ. ਤੇ ਪੀਸੀਐੱਸ. ਦੀ ਤਿਆਰੀ ਲਈ ਮੁਫ਼ਤ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਹ ਪ੍ਰੋਗਰਾਮ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਯੂਪੀਐੱਸਸੀ ਸਿਵਲ ਸੇਵਾਵਾਂ ਤੇ ਪੀਸੀਐੱਸ ਪ੍ਰੀਖਿਆਵਾਂ ਦੀ ਤਿਆਰੀ ਲਈ ਪੂਰੀ ਤਰ੍ਹਾਂ ਮੁਫ਼ਤ, ਉਚ-ਗੁਣਵੱਤਾ ਅਤੇ ਢਾਂਚਾਗਤ ਕੋਚਿੰਗ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਲਾਈਵ ਇੰਡਕਸ਼ਨ ਕਲਾਸ ਸ਼ੁੱਕਰਵਾਰ 4 ਜੁਲਾਈ 2025 ਨੂੰ ਆਯੋਜਿਤ ਕੀਤੀ ਜਾਵੇਗੀ ਅਤੇ ਨਿਯਮਤ ਕਲਾਸਾਂ ਸੋਮਵਾਰ 7 ਜੁਲਾਈ 2025 ਤੋਂ ਸ਼ੁਰੂ ਹੋਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੋਚਿੰਗ ਕਲਾਸਾਂ ਵਿੱਚ ਰੋਜ਼ਾਨਾ ਜਨਰਲ ਸਟੱਡੀਜ਼, ਲੈਕਚਰ, ਸਵਾਲਾਂ ਦੇ ਉੱਤਰ ਲਿਖਣ ਦਾ ਅਭਿਆਸ ਅਤੇ ਮੁਲਾਂਕਣ ਵਾਲੇ ਸੈਸ਼ਨ, ਪ੍ਰੀਲਿਮ ਅਤੇ ਮੇਨ ਪ੍ਰੀਖਿਆ ਦੋਵਾਂ ਲਈ ਨਿਯਮਤ ਤਿਆਰੀ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ 2026, 2027 ਅਤੇ 2028 ਦੀਆਂ ਯੂਪੀਐੱਸਸੀ ਤੇ ਪੀਸੀਐੱਸ ਪ੍ਰੀਖਿਆਵਾਂ ਲਈ ਵਿਆਪਕ ਤੌਰ 'ਤੇ ਤਿਆਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੀਸੀਐੱਸ ਦਾ ਕਰੈਸ਼ ਕੋਰਸ ਪਹਿਲਾਂ ਹੀ ਜ਼ਿਲ੍ਹਾ ਰੁਜ਼ਗਾਰ ਬਿਊਰੋ ਗੁਰਦਾਸਪੁਰ ਵਿਖੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਮੰਗ ਦੇ ਆਧਾਰ 'ਤੇ ਇਹ ਫਾਊਂਡੇਸ਼ਨ ਬੈਚ ਹੁਣ ਉਸੇ ਸਥਾਨ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਯੂਪੀਐੱਸਸੀ ਤੇ ਪੀਸੀਐੱਸ ਦੀ ਤਿਆਰੀ ਕਰਾਏਗਾ।



# ਮੱਕੀ ਦੀ ਫਸਲ ਉੱਪਰ ਕੀੜਿਆਂ ਦੀ ਰੋਕਥਾਮ ਲਈ ਨਿਰੰਤਰ ਨਿਰੀਖਣ ਦੀ ਜ਼ਰੂਰਤ : ਮੁੱਖ ਖੇਤੀਬਾੜੀ ਅਫਸਰ


**ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)**- ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਹੇਠੋਂ ਰਕਬਾ ਕੱਢ ਕੇ ਮੱਕੀ ਹੇਠ ਲਿਆਉਣ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਤਹਿਤ 2000 ਹੈਕ. ਰਕਬੇ ਵਿੱਚ ਸਾਉਣੀ ਦੀ ਮੱਕੀ ਦੀ ਕਾਸਤ ਕਰਵਾਈ ਜਾ ਰਹੀ। ਬਲਾਕ ਧਾਰੀਵਾਲ ਦੇ ਪਿੰਡਾਂ ਵਿੱਚ ਬਿਜਾਈ ਗਈ ਮੱਕੀ ਦਾ ਜਾਇਜ਼ਾ ਲੈਣ ਲਈ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਵਲੋਂ ਵੱਖ ਵੱਖ ਪਿੰਡਾਂ ਛੋਟੇਪੁਰ, ਅਵਾਣ, ਦੁਲਾਨੰਗਲ ਅਤੇ ਸਹਾਰੀ ਆਦਿ ਦਾ ਦੌਰਾ ਕੀਤਾ ਅਤੇ ਖੇਤਾਂ ਵਿੱਚ ਜਾ ਕੇ ਮੱਕੀ ਦੀ ਫਸਲ ਦਾ ਕੀੜਿਆਂ ਦੇ ਹਮਲੇ ਦਾ ਜਾਇਜ਼ਾ ਲਿਆ। ਪਿੰਡ ਛੋਟੇਪੁਰ ਵਿੱਚ ਉਦਮੀ ਕਿਸਾਨ ਮੇਜਰ ਸਿੰਘ ਦੇ ਖੇਤਾਂ ਵਿੱਚ ਬਿਜਾਈ ਕੀਤੀ ਮੱਕੀ ਦੀ ਫਸਲ ਦਾ ਜਾਇਜ਼ਾ ਲੈਣ ਮੌਕੇ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਝੋਨੇ ਦੀ ਕਾਸਤ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਜਿਸ ਕਾਰਣ ਭਵਿੱਖ ਵਿੱਚ ਖੇਤੀ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ। ਉਨ੍ਹਾਂ ਦੱਸਿਆ ਕਿ ਭਵਿੱਖ ਦੀ ਖੇਤੀ ਨੂੰ ਟਿਕਾਊ ਬਣਾਉਣ ਅਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ



ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ 2000 ਹੈਕ.ਰਕਬਾ ਝੋਨੇ ਦੀ ਖੇਤੀ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਲਈ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਮੱਕੀ ਦੀ ਫਸਲ ਉੱਪਰ ਫਾਲ ਆਰਮੀ ਵਰਮ ਨਾਮਕ ਕੀੜੇ ਦਾ ਹਮਲਾ ਦੇਖਿਆ ਗਿਆ ਹੈ, ਜਿਸ ਦੀ ਰੋਕਥਾਮ ਲਈ ਕਿਸਾਨਾਂ ਨੂੰ ਰੋਕਥਾਮ ਤਕਨੀਕਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਕੀੜੇ ਦੀ ਸੁੰਡੀ ਦੀ ਪਹਿਚਾਣ ਪਿਛਲੇ ਸਿਰੇ ਵੱਲ ਚਾਰ ਵਰਗ ਬਣਾਉਂਦੇ ਬਿੰਦੂਆਂ ਅਤੇ ਸਿਰ ਉੱਪਰ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਵਾਈ ਅੱਖਰ ਦੇ ਉਲਟੇ ਨਿਸ਼ਾਨ ਤੋਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਮਲੇ ਦੇ ਸ਼ੁਰੂਆਤੀ ਦੌਰ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਾਹ ਨੂੰ ਖੁਰਚ ਕੇ ਖਾਂਦੀਆਂ ਹਨ, ਜਿਸ ਕਾਰਨ ਪੱਤਿਆਂ ਉੱਪਰ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ ਅਤੇ ਵੱਡੀਆਂ ਸੁੰਡੀਆਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾ ਦਿੰਦੀਆਂ ਹਨ ਅਤੇ ਹਮਲੇ ਵਾਲੀ ਗੋਭ ਵਿੱਚ ਕਾਫੀ ਮਾਤਰਾ ਵਿੱਚ ਕਾਲੀਆ ਵਿੱਠਾਂ ਦੇਖਣ ਨੂੰ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕੀੜੇ ਦੇ ਹਮਲੇ ਤੋਂ ਮੱਕੀ ਦੀ ਫਸਲ ਨੂੰ ਬਚਾਉਣ ਲਈ ਮੱਕੀ ਦੀ ਫਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ। ਮੱਕੀ ਕਾਸ਼ਤਕਾਰ ਮੇਜਰ ਸਿੰਘ ਨੇ ਦੱਸਿਆ ਕਿ ਸਾਉਣੀ ਦੀ ਮੱਕੀ ਦੀ ਪੈਦਾਵਾਰ ਪ੍ਰਤੀ ਏਕੜ 22 ਤੋਂ 28 ਕੁਇੰਟਲ ਆ ਜਾਂਦਾ ਹੈ ਜਿਸ ਨਾਲ ਆਮਦਨ ਝੋਨੇ ਦੇ ਬਰਾਬਰ ਹੀ ਆ ਜਾਂਦੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਦਿਲਬਾਗ ਸਿੰਘ ਖੇਤੀਬਾੜੀ ਵਿਕਾਸ ਅਫਸਰ, ਅਰਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਬਿਕਰਮ ਸਿੰਘ ਖੇਤੀਬਾੜੀ ਉਪ ਨਿਰੀਖਕ,ਕਿਸਾਨ ਮਿੱਤਰ ਦਿਲਬਾਗ ਸਿੰਘ ਵੀ ਹਾਜ਼ਰ ਸਨ।

# 'ਇੱਕ ਜੱਜ ਇੱਕ ਰੁੱਖ' ਮੁਹਿੰਮ ਤਹਿਤ ਵੱਖ-ਵੱਖ ਥਾਈਂ ਜੱਜ ਸਾਹਿਬਾਨ ਨੇ ਬੂਟੇ ਲਗਾਏ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ ਦੇ ਨਿਰਦੇਸ਼ਾਂ ਅਨੁਸਾਰ ਅਤੇ ਮਾਨਯੋਗ ਅਮਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਸ਼੍ਰੀ ਅਮਰਦੀਪ ਸਿੰਘ ਬੈਂਸ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਨੇ 'ਇੱਕ ਜੱਜ ਇੱਕ ਰੁੱਖ' ਮੁਹਿੰਮ ਤਹਿਤ ਆਪਣੇ-ਆਪਣੇ ਸਥਾਨਾਂ ਜਿਵੇਂ ਕਿ ਰਿਹਾਇਸ਼, ਨੇੜਲੇ ਪਾਰਕਾਂ ਅਤੇ ਕੋਰਟ ਕੰਪਲੈਕਸਾਂ 'ਚ ਇੱਕੋ ਸਮੇਂ ਰੁੱਖ ਲਗਾਉਣ ਦਾ ਸਮਾਗਮ ਆਯੋਜਿਤ ਕੀਤਾ।ਇਸ ਮੁਹਿੰਮ ਨੂੰ ਇੱਕ ਮਹੀਨਾ ਪਹਿਲਾਂ ਸ਼੍ਰੀ ਅਮਰਿੰਦਰ ਸਿੰਘ ਗਰੇਵਾਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਅੰਮ੍ਰਿਤਸਰ ਦੁਆਰਾ ਰੁੱਖ ਲਗਾ ਕੇ ਅਤੇ ਵੰਡ ਕੇ ਹਰੀ ਝੰਡੀ ਦਿੱਤੀ ਗਈ ਸੀ।ਰੁੱਖ ਲਗਾਉਂਦੇ ਸਮੇਂ ਜੱਜ ਸਾਹਿਬਾਨ ਨੇ ਇਹ ਵੀ ਸਹੁੰ ਚੁੱਕੀ ਕਿ ਕਾਨੂੰਨ ਦੇ ਰਖਵਾਲੇ ਅਤੇ ਨਿਆਂ ਦੇ ਰਖਵਾਲੇ ਹੋਣ ਦੇ ਨਾਤੇ ਅਸੀਂ ਨਾ ਸਿਰਫ਼ ਲੋਕਾਂ ਦੇ ਅਧਿਕਾਰਾਂ, ਸਗੋਂ ਕੁਦਰਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਕਰਦੇ ਹਾਂ।ਅੱਜ ਇਸ ਰੁੱਖ ਨੂੰ ਲਗਾ ਕੇ ਅਸੀਂ ਆਪਣੇ ਨਿਆਂ ਨੂੰ ਪਾਲਣ ਲਈ ਭਾਵ ਹਰਿਆਲੀ, ਨਿਰਪੱਖ ਤੇ ਸਥਾਈ ਵਚਨਬੱਧਤਾ ਨੂੰ ਮਿੱਟੀ ਵਿੱਚ ਉਗਾਉਂਦੇ



ਹਾਂ।ਇਸ ਰੁੱਖ ਨੂੰ ਸਾਡੇ ਸਾਂਝੇ ਫਰਜ਼, ਏਕਤਾ ਅਤੇ ਧਰਤੀ ਪ੍ਰਤੀ ਵਾਅਦੇ ਦੇ ਇੱਕ ਜੀਵਤ ਪ੍ਰਤੀਕ ਵਜੋਂ ਵਧਣ ਦਿਓ।ਜੱਜ ਸਾਹਿਬਾਨ ਰੁੱਖ ਦੇ ਸਰਪ੍ਰਸਤ ਵੀ ਬਣਨਗੇ ਅਤੇ ਰੁੱਖ ਦੀ ਦੇਖਭਾਲ ਦੀ ਜ਼ਿੰਮੇਵਾਰੀ ਲੈਣਗੇ, ਜੋ ਉਨ੍ਹਾਂ ਦੁਆਰਾ ਲਗਾਏ ਗਏ ਹਨ ਅਤੇ ਰੁੱਖ ਦੇ ਵਾਧੇ ਦਾ ਰਿਕਾਰਡ ਵੀ ਟ੍ਰੀ ਕਾਰਡ/ਬੁਕਲੇਟ ਤੇ ਰੱਖਣਗੇ ਜੋ ਖਾਸ ਤੌਰ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸੌਂਪਿਆ ਗਿਆ ਹੈ।ਵਰਣਨਯੋਗ ਹੈ ਕਿ ਪਿਛਲੇ ਇੱਕ ਮਹੀਨੇ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਨੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ 20000 ਤੋਂ ਵੱਧ ਪੌਦੇ ਲਗਾਏ ਹਨ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਘਰੋਟਾ ਬਲਾਕ ਦੀਆਂ ਪੰਚਾਇਤਾਂ ਨਾਲ ਵਿਸ਼ੇਸ਼ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਦੇ ਅੰਦਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਪਿੰਡਾਂ ਦੇ ਵਿਕਾਸ ਦੇ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਨ ਸਭਾ ਹਲਕਾ ਭੋਆ ਦੇ ਘਰੋਟਾ ਬਲਾਕ ਦੀਆਂ ਲਗਭਗ 46 ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ ਹੈ ਅਤੇ ਪਿੰਡਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਕੀਤਾ ਗਿਆ।ਇਹ ਜਾਣਕਾਰੀ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਵਿਖੇ ਬਲਾਕ ਘਰੋਟਾ ਦੀਆਂ ਵੱਖ-ਵੱਖ ਪੰਚਾਇਤਾਂ ਨਾਲ ਮੀਟਿੰਗ ਕਰਨ ਮਗਰੋਂ ਕੀਤਾ।ਇਸ ਮੌਕੇ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਸੈੱਲ, ਖੁਸ਼ਬੀਰ ਕਾਟਲ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਪ੍ਰਸ਼ਾਸਨਿਕ ਅਧਿਕਾਰੀ ਅਤੇ ਹੋਰ ਅਹੁਦੇਦਾਰ ਹਾਜ਼ਰ ਸਨ।ਮੀਟਿੰਗ ਦੌਰਾਨ ਕਟਾਰੂਚੱਕ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਦਾ ਇੱਕ ਹੀ ਉਦੇਸ਼ ਹੈ ਕਿ ਜੋ ਕੰਮ ਪਿੰਡਾਂ ਅੰਦਰ ਅੱਜ ਤੱਕ ਨਹੀਂ ਹੋਏ ਉਨ੍ਹਾਂ ਦਾ ਪਤਾ ਲਗਾਇਆ ਜਾਵੇ।ਇਸ ਤੋਂ ਇਲਾਵਾ ਅਧਿਕਾਰੀਆਂ ਅਤੇ ਪੰਚਾਇਤਾਂ ਦਾ ਆਪਸ ਵਿੱਚ ਵਧੀਆ ਤਾਲਮੇਲ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਵੱਖ-ਵੱਖ ਪਿੰਡਾਂ ਅੰਦਰ ਕਮਿਊਨਿਟੀ ਹਾਲ ਦਾ ਨਿਰਮਾਣ, ਸੜਕਾਂ ਦੇ ਕਿਨਾਰੇ ਡੰਗਿਆਂ ਦਾ ਨਿਰਮਾਣ, ਸ਼ਮਸ਼ਾਨਘਾਟ ਦਾ ਨਿਰਮਾਣ, ਛੱਪੜਾਂ ਦਾ ਨਿਰਮਾਣ ਕਾਰਜ, ਖੇਡ ਮੈਦਾਨਾਂ ਦਾ ਨਿਰਮਾਣ ਕਾਰਜ, ਸੋਲਰ ਲਾਈਟਾਂ ਲਗਾਉਣ ਦਾ ਕੰਮ, ਗਲੀਆਂ-ਨਾਲੀਆਂ ਦੇ ਨਿਰਮਾਣ ਕਾਰਜ ਜੋ ਪਹਿਲਾਂ ਤੋਂ ਚਲ ਰਹੇ ਹਨ ਇਨ੍ਹਾਂ ਕਾਰਜਾਂ ਦੇ ਨਿਰਮਾਣ ਅੰਦਰ ਤੇਜ਼ੀ ਲਿਆਉਣ ਦੀ ਲੋੜ ਹੈ ਤਾਂ ਜੋ ਇਨ੍ਹਾਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਵੀ ਵੱਖ-ਵੱਖ ਪੰਚਾਇਤਾਂ ਵੱਲੋਂ ਕੁਝ ਵਿਕਾਸ ਕਾਰਜ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੇ ਗਏ



ਹਨ।ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਪੰਚਾਇਤਾਂ ਕੋਲ ਸਨ ਪਰ ਵਿਕਾਸ ਕਾਰਜ ਹੋ ਨਹੀਂ ਸਕੇ ਸਨ ਤੇ ਹੁਣ ਉਨ੍ਹਾਂ ਕਾਰਜਾਂ ਨੂੰ ਕੀਤੇ ਜਾਣ ਲਈ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੀਆਂ ਵੱਖ-ਵੱਖ ਪੰਚਾਇਤਾਂ ਨਾਲ ਗੱਲਬਾਤ ਕਰਕੇ ਬਿਨਾਂ ਕਿਸੇ ਪੱਖਪਾਤ ਦੇ ਬਿਨਾਂ ਕਿਸੇ ਮਤਭੇਦ ਦੇ ਪੰਚਾਇਤੀ ਰਾਜ ਐਕਟ ਦੀ ਭਾਵਨਾ ਨਾਲ ਪਿੰਡਾਂ ਅੰਦਰ ਵਿਕਾਸ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਰੇਕ ਖੇਤਰ ਅੰਦਰ ਵਿਕਾਸ ਕਾਰਜਾਂ ਦੇ ਨਿਰਮਾਣ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ।


# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਿਖਲਾਈ ਕੈਂਪ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਪਿੰਡ ਸਾਧਪੁਰ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ 12 ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਦੇ ਬੱਚਿਆਂ ਨੇ ਹਿੱਸਾ ਲਿਆ। ਸਮਾਪਤੀ 'ਤੇ ਬੱਚਿਆਂ ਦੇ ਕਵਿਤਾਵਾਂ, ਕਵੀਸ਼ਰੀ ਦੇ ਮੁਕਾਬਲੇ ਕਰਵਾਏ ਗਏ। ਪਹਿਲੇ, ਦੂਜੇ, ਤੀਜੇ ਨੰਬਰ 'ਤੇ ਆਉਣ ਵਾਲੇ ਬੱਚਿਆਂ ਨੂੰ ਪਿੰਡ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਬੱਚਿਆਂ ਨੂੰ ਮੈਡਲ, ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਸਮਾਗਮ ਵਿੱਚ ਗਿਆਨੀ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ, ਗਿਆਨੀ ਰਵਿੰਦਰ ਸਿੰਘ ਤਲਵੰਡੀ ਖੁੰਮਣ ਪ੍ਰਚਾਰਕ, ਗਿਆਨੀ ਬਲਜੀਤ ਸਿੰਘ, ਗਿਆਨੀ ਜਤਿੰਦਰ ਸਿੰਘ, ਗਿਆਨੀ ਬਲਜਿੰਦਰ ਸਿੰਘ ਦੇ ਕਵੀਸ਼ਰ ਜਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਗੁਰਦੁਆਰਾ ਬਾਬਾ ਦੀਪ ਸਿੰਘ ਜੀ ਪ੍ਰਬੰਧਕ ਕਮੇਟੀ ਅਤੇ ਗੁਰੂ ਘਰ ਦੇ ਹੈੱਡ ਗ੍ਰੰਥੀ ਗਿਆਨੀ ਲਖਵਿੰਦਰ ਸਿੰਘ ਅਤੇ ਪ੍ਰਬੰਧਕਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਆਏ ਪ੍ਰਚਾਰਕ ਸਾਹਿਬਾਨ ਅਤੇ ਕਵੀਸ਼ਰ ਜਥੇ ਦਾ ਸਨਮਾਨ ਕੀਤਾ ਗਿਆ।

# 'ਪੰਜ ਰੋਜ਼ਾ ਨਾਟ ਉਤਸਵ' ਵਿੱਚ ਨਾਟਕ 'ਭਾਰ' ਦਾ ਸਫਲ ਮੰਚਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਨਰਿੰਦਰਜੀਤ ਸਿੰਘ)**- -ਅੰਤਰਰਾਸ਼ਟਰੀ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਸੁਸਾਇਟੀ ਅੰਮ੍ਰਿਤਸਰ ਵੱਲੋਂ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 06 ਜੂਨ ਤੋਂ 06 ਜੁਲਾਈ ਤੱਕ ਰਾਸ਼ਟਰੀ ਰੰਗਮੰਚ ਕਾਰਜਸ਼ਾਲਾ ਚੱਲ ਰਹੀ ਹੈ, ਜਿਸ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਨਾਟ ਸੰਸਥਾ ਨੈਸ਼ਨਲ ਸਕੂਲ ਆਫ਼ ਡਰਾਮਾ ਨਵੀਂ ਦਿੱਲੀ ਤੋਂ ਪਾਸ ਆਊਟ ਅਧਿਆਪਕ ਪਾਰਥੋਂ ਬੈਨਰਜੀ ਅਤੇ ਪ੍ਰੀਤਪਾਲ ਰੁਪਾਣਾ ਬੱਚਿਆਂ ਨੂੰ ਰੰਗਮੰਚ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦੇ ਰਹੇ ਹਨ। ਇਸ ਰੰਗਮੰਚ ਕਾਰਜਸ਼ਾਲਾ ਵਿੱਚ ਪੰਜਾਬ, ਹਰਿਆਣਾ, ਦਿੱਲੀ, ਉਤਰਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰਨਾਂ ਸੂਬਿਆਂ ਤੋਂ ਆਏ ਵਿਦਿਆਰਥੀ ਰੰਗਮੰਚ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਇਕ ਮਹੀਨਾ ਲਗਾਤਾਰ ਚੱਲਣ ਵਾਲੀ ਰੰਗਮੰਚ ਕਾਰਜਸ਼ਾਲਾ ਦੌਰਾਨ 'ਪੰਜ ਰੋਜ਼ਾ ਨਾਟ ਉਤਸਵ' ਦੇ ਤੀਜੇ ਦਿਨ ਮਨਿੰਦਰ ਕਾਂਗ ਦੀ ਕਹਾਣੀ ਤੇ ਅਧਾਰਿਤ ਕਹਾਣੀ ਦਾ ਰੰਗਮੰਚ ਸ਼ੈਲੀ ਵਿੱਚ ਕੇਵਲ ਧਾਲੀਵਾਲ ਦੇ ਨਿਰਦੇਸ਼ਿਤ ਕੀਤੇ ਨਾਟਕ 'ਭਾਰ' ਦਾ ਮੰਚਣ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਕੀਤਾ ਗਿਆ। ਇਹ ਨਾਟਕ ਪੰਜਾਬ ਦੇ ਉਸ ਸਮੇਂ ਉਤੇ ਝਾਤ ਪਾਉਂਦਾ ਹੈ ਜਦੋਂ ਪੰਜਾਬ ਵਿੱਚ ਕਾਲੀ ਬੋਲੀ ਹਨ੍ਹੇਰੀ ਵਗ ਰਹੀਂ ਸੀ ਅਤੇ ਮਾਂਵਾ ਦੇ ਪੁੱਤਰ ਅਣਆਈ ਮੌਤੇ ਮਰ ਰਹੇ ਸੀ। ਉਸ ਵੇਲੇ ਛੋਟੇ ਬੱਚੇ ਵੀ ਇਸ ਹਨੇਰ ਗਰਦੀ ਦਾ ਸ਼ਿਕਾਰ ਹੋ ਰਹੇ ਸੀ। ਇਹ ਨਾਟਕ ਮੁੱਖ ਕਿਰਦਾਰ ਵੱਲੋਂ ਇਕ ਛੋਟੀ ਬੱਚੀ



ਦੀ ਮੌਤ ਦੇ ਜ਼ਮੀਰ ਉਪਰ ਪਏ ਭਾਰ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਨਾਟਕ ਨੂੰ ਪੇਸ਼ ਕਰ ਰਹੇ ਕਲਾਕਾਰ ਸਾਜਨ ਕੋਹਿਨੂਰ ਨੇ ਵਿਸ਼ੇਸ਼ ਤੌਰ ਤੇ ਅਦਾਕਾਰੀ ਦਾ ਸਿਖਰ ਸਿਰਜਿਆ ਹੈ। ਦੂਸਰੇ ਕਲਾਕਾਰਾਂ ਵਿੱਚ ਯੁਵਨੀਸ਼ ਨਾਇਕ ਤੇ ਗੁਰਪਿਆਰ ਸਿੰਘ ਨੇ ਵੀ ਦਰਸ਼ਕਾਂ ਤੋਂ ਵਿਸ਼ੇਸ਼ ਤੌਰ ਤੇ ਪ੍ਰਸ਼ੰਸਾ ਹਾਸਿਲ ਕੀਤੀ। ਇਸ ਨਾਟਕ ਵਿੱਚ ਪਿੱਠਭੂਮੀ ਤੋਂ ਸੰਗੀਤ ਕੁਸ਼ਾਗਰ ਕਾਲੀਆ ਨੇ ਬਹੁਤ ਭਾਵਪੂਰਤ ਤਰੀਕੇ ਨਾਲ ਸਿਰਜਿਆ ਹੈ। ਇਸ ਮੌਕੇ ਡਾ. ਅਰਵਿੰਦਰ ਕੌਰ ਧਾਲੀਵਾਲ, ਭੁਪਿੰਦਰ ਸਿੰਘ ਸੰਧੂ, ਜਸਕਰਨ ਕੈਨੇਡਾ, ਰਣਜੀਤ ਫਗਵਾੜਾ, ਹਰਦੀਪ ਗਿੱਲ, ਹਰੀਸ਼ ਸਾਬਰੀ ਆਦਿ ਸਮੇਤ ਨਾਟ ਪ੍ਰੇਮੀ ਅਤੇ ਦਰਸ਼ਕ ਹਾਜ਼ਰ ਸਨ।

# 9 ਦੀ ਹੜਤਾਲ 'ਚ ਪੈਨਸ਼ਨਰ ਵੱਡੀ ਗਿਣਤੀ 'ਚ ਹੋਣਗੇ ਸ਼ਾਮਲ : ਭੁਪਿੰਦਰ ਸਿੰਘ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਪੰਜਾਬ ਰੋਡਵੇਜ਼ ਪੈਨਸ਼ਨਰਜ਼ ਅਤੇ ਫੈਮਲੀਜ਼ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਚੇਅਰਮੈਨ ਤਰਸੇਮ ਸਿੰਘ ਅਤੇ ਪ੍ਰਧਾਨ ਭੁਪਿੰਦਰ ਸਿੰਘ ਐਸਐਸ ਦੀ ਪ੍ਰਧਾਨਗੀ ਹੇਠ ਪ੍ਰਭਾਤ ਚੌਕ ਨਜ਼ਦੀਕ ਗੁਰਦੁਆਰਾ ਟਿੱਬਾ ਸਾਹਿਬ ਨੇੜੇ ਕਮਿਊਨਿਟੀ ਸੈਂਟਰ ਵਿਖੇ ਹੋਈ। ਇਸ ਮੀਟਿੰਗ ਵਿੱਚ ਪੰਜਾਬ ਵਿੱਚੋਂ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸਿਲਮੱਤੇ ਆਗੂ ਬਹਾਦਰ ਸਿੰਘ ਅਤੇ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਦੇ ਵਧੀਕ ਜਨਰਲ ਸਕੱਤਰ ਬਲਵੀਰ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਭੁਪਿੰਦਰ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਾਮਿਲ ਵਰਕਰਾਂ ਅਤੇ ਵਿਸ਼ੇਸ਼ ਤੌਰ ਤੇ ਆਏ ਆਗੂਆਂ ਨੂੰ ਜੀ ਆਇਆ ਕਿਹਾ ਅਤੇ ਕੁਝ ਮਤੇ ਵੀ ਜੋ ਹਾਊਸ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤੇ। ਉਹਨਾਂ ਜਿੱਤੇ ਏਏ ਅਤੇ ਮੌਜੂਦਾ ਸਮੇਂ ਚੱਲ ਰਹੇ ਕੇਸਾਂ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਸਰਦਾਰ ਬਹਾਦਰ ਸਿੰਘ ਅਤੇ ਬਲਵੀਰ ਸਿੰਘ ਸੈਣੀ ਨੇ ਆਪਣੇ ਸੰਬੋਧਨ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਿਭਾਗਾਂ ਵਿੱਚ ਪੱਕੇ ਮੁਲਾਜ਼ਮ ਭਰਤੀ ਨਾ ਕਰਨ, ਨਵੀ ਇਕਸਾਰਤਾ ਨੂੰ ਲਾਗੂ ਕਰਨ, ਸਵੈ ਰੁਜ਼ਗਾਰ ਦੀਆਂ ਯੋਜਨਾਵਾਂ ਨੂੰ ਅਮਲੀ



ਰੂਪ ਵਿੱਚ ਲਾਗੂ ਨਾ ਕਰਨ ਅਤੇ ਦੇਸ਼ ਵਿੱਚ ਚਾਰ ਲੇਬਰ ਕੋਡਾਂ ਨੂੰ ਲਾਗੂ ਕਰਨ ਦੀ ਨਿੰਦਿਆ ਕੀਤੀ। ਉਨਾਂ ਸਮੁੱਚੇ ਕਿਰਤੀ ਵਰਗ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 9 ਅਗਸਤ ਦੀ ਹੋ ਰਹੀ ਦੇਸ਼ ਪੱਧਰੀ ਹੜਤਾਲ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਬੁਲਾਰਿਆਂ ਨੇ ਮੰਗ ਕੀਤੀ ਕਿ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ /ਪੈਨਸ਼ਨ ਦੀ ਸੋਧ 2.59 ਦੇ ਗੁਣਾਂਕ ਨਾਲ ਕਰਕੇ ਬਣਦਾ ਏਰੀਏ ਅਤੇ ਡੀਏ ਦਾ ਏਰੀਅਰ ਯਕਮੁਸ਼ਤ ਦਿੱਤਾ ਜਾਵੇ, ਡੀਏ ਦੀਆਂ ਰਹਿੰਦੀਆਂ ਬਕਾਇਆ ਕਿਸ਼ਤਾਂ ਤੁਰੰਤ ਰਲੀਜ਼ ਕੀਤੀਆਂ ਜਾਣ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਲਾਗੂ ਕੀਤੇ ਜਾਣ, ਨਿੱਜੀਕਰਨ ਦੀ ਨੀਤੀ ਤਹਿਤ ਠੇਕੇ ਤੇ ਆਊਟ ਸੋਰਸ, ਮਾਣ ਭੱਤੇ, ਡੀਸੀ ਰੇਟ ਆਦਿ 'ਤੇ ਕੀਤੀ ਜਾ ਰਹੀ ਭਰਤੀ ਪੱਕੇ ਤੌਰ 'ਤੇ ਬੰਦ ਕੀਤੀ ਜਾਵੇ ਅਤੇ ਪੱਕੇ ਰੈਗੂਲਰ ਮੁਲਾਜ਼ਮ ਭਰਤੀ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮੈਡੀਕਲ ਭੱਤਾ 2000/- ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, ਤਨਖਾਹ ਕਮਿਸ਼ਨ ਦੀ ਬਕਾਇਆ ਰਹਿੰਦੀ ਰਿਪੋਰਟ ਤੁਰੰਤ ਲਾਗੂ ਕੀਤੀ ਜਾਵੇ, ਕੈਸ਼ਲੈਸ ਮੈਡੀਕਲ ਸਕੀਮ ਲਾਗੂ ਕੀਤੀ ਜਾਵੇ। ਅੰਤ ਵਿੱਚ ਭੁਪਿੰਦਰ ਸਿੰਘ ਨੇ ਮੀਟਿੰਗ ਵਿੱਚ ਆਏ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਮੂਹ ਪੈਨਸ਼ਨਰਾਂ ਨੂੰ 9 ਅਗਸਤ ਦੀ ਦੇਸ਼ ਵਿਆਪੀ ਕੀਤੀ ਜਾ ਰਹੀ ਹੜਤਾਲ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਸਮੂਹ ਮੈਂਬਰਾਂ ਨੇ ਹੱਥ ਖੜੇ ਕਰਕੇ ਹੜਤਾਲ ਵਿੱਚ ਸ਼ਾਮਲ ਹੋਣ ਦਾ ਯਕੀਨ ਦਵਾਇਆ।

# ਨਸ਼ੇ ਵੇਚਣ ਤੇ ਵਿਕਾਉਣ ਵਾਲਿਆਂ ਖ਼ਿਲਾਫ਼ ਆਪ ਆਗੂ ਕਰਵਾਉਣਗੇ ਸਖ਼ਤ ਕਾਨੂੰਨੀ ਕਾਰਵਾਈ : ਸੰਘਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਭਗਵੰਤ ਸਿੰਘ ਮਾਨ ਮੁੱਖ ਮੰਤਰੀ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਦੇ ਤਹਿਤ ਸਥਾਨਕ ਕਸਬਾ ਕਾਲਾ ਸੰਘਿਆਂ ਦੇ ਮੇਨ ਬਜ਼ਾਰ ਵਿਖੇ ਨਰਿੰਦਰ ਸਿੰਘ ਸੰਘਾ ਇੰਚਾਰਜ ਸੋਸ਼ਲ ਮੀਡੀਆ ਕਪੂਰਥਲਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਆਪ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਆਪ ਆਗੂ ਨਰਿੰਦਰ ਸਿੰਘ ਸੰਘਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੋ ਵੀ ਪਿੰਡ ਵਿੱਚ ਨਸ਼ੇ ਵੇਚਦੇ



ਜਾਂ ਵਿਕਾਉਂਦੇ ਹਨ, ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਾਰਵਾਈ ਜਾਵੇਗੀ ਉਨ੍ਹਾਂ ਨਸ਼ੇ ਦੇ ਸੌਦਾਗਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਣ, ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਨਾ ਕਰਨ। ਸੰਘਾ ਨੇ ਕਿਹਾ ਕਿ ਹੁਣ ਨਸ਼ੇ ਦੇ ਸੁਦਾਗਰਾਂ ਦੀ ਖੈਰ ਨਹੀਂ। ਇਸ ਮੌਕੇ ਸਚਿਨ ਜੋਸ਼ੀ, ਡਾਕਟਰ ਬਲਰਾਮ ਸ਼ਰਮਾ ਉਰਫ਼ ਡਾਕਟਰ ਕਿੰਦੀ, ਹਨੀ ਮਝੈਲ, ਰਾਕੇਸ਼ ਕੁਮਾਰ ਨੀਟਾ, ਅਕਸ਼ੇ, ਬਿੱਟੂ ਮਝੈਲ ਤੋਂ ਇਲਾਵਾ ਹੋਰ ਆਗੂ ਵੀ ਹਾਜ਼ਰ ਸਨ।

# ਕੀ ਸੋਸ਼ਲ ਮੀਡੀਆ ਤੁਹਾਡੇ ਦਿਮਾਗ ਨੂੰ 'ਦੁੱਖ' ਨਹੀਂ ਦੇ ਰਿਹਾ ?

ਅੱਜ ਦੇ ਯੁੱਗ ਵਿੱਚ ਦੇਖੋ, ਭਾਵੇਂ ਕੋਈ ਵਿਅਕਤੀ ਜਵਾਨ ਹੋਵੇ, ਬੁੱਢਾ ਹੋਵੇ ਜਾਂ ਬੱਚਾ, ਹਰ ਕੋਈ ਸੋਸ਼ਲ ਮੀਡੀਆ ਵਿੱਚ ਡੁੱਬਿਆ ਹੋਇਆ ਹੈ, ਯਾਨੀ ਕਿ ਹਰ ਕੋਈ ਇਸ ਦਾ ਆਦੀ ਹੋ ਗਿਆ ਹੈ। ਤੁਸੀਂ ਜਿਸ ਨੂੰ ਵੀ ਦੇਖਦੇ ਹੋ, ਉਹ ਹਰ ਸਮੇਂ ਸੋਸ਼ਲ ਮੀਡੀਆ 'ਤੇ ਸਰਗਰਮ ਰਹਿੰਦਾ ਹੈ, ਫੇਸਬੁੱਕ ਪੋਸਟਾਂ ਚੈੱਕ ਕਰਦਾ ਹੈ, ਸਟੇਟਸ ਅਪਡੇਟ ਕਰਦਾ ਹੈ, ਦੇਖਦਾ ਹੈ ਕਿ ਪ੍ਰੋਫਾਈਲ ਤਸਵੀਰ 'ਤੇ ਕਿੰਨੇ ਲਾਈਕਸ ਅਤੇ ਟਿੱਪਣੀਆਂ ਹਨ ਅਤੇ ਕੀ ਨਹੀਂ। ਕੀ ਤੁਸੀਂ ਕਦੇ ਇਹ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਸੋਸ਼ਲ ਮੀਡੀਆ ਦਾ ਇਹ ਆਕਰਸ਼ਣ ਤੁਹਾਡੇ ਮਨ ਨੂੰ ਅੰਦਰੋਂ ਖ਼ਰਾਬ ਕਰ ਰਿਹਾ ਹੈ ਅਤੇ ਤੁਹਾਡੇ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਅਜਿਹਾ ਲੱਗਦਾ ਹੈ ਜਿਵੇਂ ਅਸੀਂ ਅਸਲ ਦੁਨੀਆ ਨੂੰ ਛੱਡ ਕੇ ਇੱਕ ਵਰਚੁਅਲ ਦੁਨੀਆ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਆਪਣਾ ਕੋਈ ਵਜੂਦ ਨਹੀਂ ਹੈ।

ਅਸੀਂ ਦਿਨ-ਰਾਤ ਫੇਸਬੁੱਕ ਨਾਲ ਜੁੜੇ ਰਹਿੰਦੇ ਹਾਂ। ਦਿਨ-ਰਾਤ ਇਸ ਨਾਲ ਜੁੜੇ ਰਹਿਣ ਨਾਲ ਅਸੀਂ ਆਪਣੀ ਮਾਨਸਿਕ ਸਿਹਤ ਨੂੰ ਵੀ ਵਿਗਾੜ ਦਿੱਤਾ ਹੈ। ਜਦੋਂ ਸਾਨੂੰ ਆਪਣੇ ਸਟੇਟਸ 'ਤੇ ਲਾਈਕਸ ਨਹੀਂ ਮਿਲਦੇ, ਤਾਂ ਕੁਝ ਲੋਕ ਤਣਾਅ ਵਿੱਚ ਆ ਜਾਂਦੇ ਹਨ ਅਤੇ ਲਾਈਕਸ ਵਧਾਉਣ ਦੇ ਤਰੀਕੇ ਲੱਭਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸੋਸ਼ਲ ਨੈੱਟਵਰਕਿੰਗ ਸਾਈਟਾਂ 'ਤੇ ਜ਼ਿਆਦਾ ਸਮਾਂ ਬਿਤਾਉਣ ਨਾਲ ਡਿਪਰੈਸ਼ਨ ਅਤੇ ਚਿੜਚਿੜਾਪਨ ਵਧਦਾ ਹੈ।

ਫੇਸਬੁੱਕ ਹੌਲੀ-ਹੌਲੀ ਅੱਜ ਦੇ ਨੌਜਵਾਨਾਂ ਲਈ ਇੱਕ ਲਤ ਬਣਦਾ ਜਾ ਰਿਹਾ ਹੈ। ਹਰ ਰੋਜ਼ ਦੋ ਤੋਂ ਵੱਧ ਘੰਟੇ ਇਸ ਵਿੱਚ ਬਿਤਾਉਣ ਨਾਲ ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ, ਸਗੋਂ ਉਨ੍ਹਾਂ ਦੀਆਂ ਰਚਨਾਤਮਕ ਯੋਗਤਾਵਾਂ ਵੀ ਘੱਟ ਰਹੀਆਂ ਹਨ।



ਕੁਸੁਮ ਲਤਾ

ਇਹ ਧਿਆਨ ਦੇਣਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਲਗਾਤਾਰ ਸਰਗਰਮ ਰਹਿਣ ਕਾਰਨ ਸਾਡੀ ਇਕਾਗਰਤਾ ਘਟਦੀ ਜਾ ਰਹੀ ਹੈ। ਇਸ ਕਾਰਨ ਅਸੀਂ ਆਪਣੇ ਪਰਵਾਰ ਨੂੰ ਘੱਟ ਸਮਾਂ ਦੇ ਰਹੇ ਹਾਂ ਜਾਂ ਕਹਿ ਸਕਦੇ ਹਾਂ ਕਿ ਅਸੀਂ ਉਨ੍ਹਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਹਾਂ, ਅਸੀਂ ਆਪਣੇ ਵਰਚੁਅਲ ਦੁਨੀਆ ਦੇ ਅਜ਼ੀਜ਼ਾਂ ਨੂੰ ਜਨਮ ਦਿਨ, ਤਿਉਹਾਰਾਂ, ਵਿਆਹ ਦੀ ਵਰ੍ਹੇਗੰਢ 'ਤੇ ਸ਼ੁਭਕਾਮਨਾਵਾਂ ਦਿੰਦੇ ਹਾਂ, ਪਰ ਅਸੀਂ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ, ਜੀਵਨ ਸਾਥੀ, ਅਸਲ ਦੁਨੀਆ ਦੇ ਦੋਸਤਾਂ ਦੇ ਜਨਮ ਦਿਨ ਭੁੱਲ ਜਾਂਦੇ ਹਾਂ।

ਅੱਜ ਸੋਸ਼ਲ ਮੀਡੀਆ ਲੋਕਾਂ ਦੇ ਜੀਵਨ ਵਿੱਚ ਇਨਾ ਭਾਰੂ ਹੋ ਗਿਆ ਹੈ ਕਿ ਰਿਸ਼ਤਿਆਂ ਵਿੱਚ ਖੁਸ਼ਕੀਆਂ ਅਤੇ ਤਣਾਅ ਦੀ ਭਾਵਨਾ ਵਧਦੀ ਜਾ ਰਹੀ ਹੈ।

ਇਸ ਲਈ ਸਾਨੂੰ ਸੋਸ਼ਲ ਮੀਡੀਆ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ, ਆਪਣੇ ਆਪ 'ਤੇ ਨਜ਼ਰ ਰੱਖਣੀ ਚਾਹੀਦੀ ਹੈ, ਫਿਰ ਆਪਣੇ ਗੁਆਂਢੀਆਂ ਅਤੇ ਸਾਥੀਆਂ ਨਾਲ ਗੱਲ ਕਰਨੀ ਚਾਹੀਦੀ ਹੈ, ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਜੋ ਸਾਨੂੰ ਜਾਣਕਾਰੀ ਦੇ ਸਕਣਗੀਆਂ, ਆਪਣਾ ਕੀਮਤੀ ਸਮਾਂ ਕਿਸੇ ਮਹੱਤਵਪੂਰਨ ਕੰਮ ਵਿੱਚ ਲਗਾਉਣਾ ਚਾਹੀਦਾ ਹੈ। ਸਵੇਰੇ ਉੱਠ ਕੇ ਫੇਸਬੁੱਕ ਦੇਖਣ ਦੀ ਬਜਾਏ, ਯੋਗਾ ਜਾਂ ਹੋਰ ਕਸਰਤਾਂ ਕਰਨਾ ਬਿਹਤਰ ਹੈ ਜੋ ਸਰੀਰ ਨੂੰ ਸਿਹਤਮੰਦ ਰੱਖਣਗੀਆਂ, ਇਹ ਸਭ ਤਣਾਅ ਨੂੰ ਘਟਾਏਗਾ ਅਤੇ ਤੁਸੀਂ ਆਪਣੀ ਅਸਲ ਦੁਨੀਆ ਦੇ ਬਹੁਤ ਨੇੜੇ ਹੋਵੋਗੇ ਅਤੇ ਵਰਚੁਅਲ ਦੁਨੀਆ ਤੋਂ ਬਾਹਰ ਆ ਜਾਓਗੇ।

98760-21530

# ਸਿਹਤ ਵਿਭਾਗ ਦੀਆਂ ਟੀਮਾਂ ਡੇਂਗੂ ਰੋਕਥਾਮ ਸੰਬੰਧੀ ਆਮ ਲੋਕਾਂ ਨੂੰ ਕਰ ਰਹੀਆਂ ਜਾਗਰੂਕ : ਡਾ. ਪ੍ਰੇਮ

**ਕਪੂਰਥਲਾ (ਮਨਜੀਤ ਮਾਨ)**- ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮੁਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਵੱਖ-ਵੱਖ ਪਿੰਡਾਂ ਵਿੱਚ ਸਿਹਤ ਵਿਭਾਗ ਦੀ ਟੀਮ ਅਤੇ ਵੱਲੋਂ ਆਮ ਲੋਕਾਂ ਨੂੰ ਡੇਂਗੂ ਰੋਕਥਾਮ ਸਬੰਧੀ ਜਾਗਰੂਕ ਕੀਤਾ ਗਿਆ। ਇਸ ਸੰਬੰਧੀ ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਵਿੱਚ ਇਸ ਵਾਰ ਵਿਲਿਜ ਹੈਲਥ ਸੈਨੀਟੇਸ਼ਨ ਨਿਊਟ੍ਰੀਸ਼ਨ ਕਮੇਟੀ (ਵੀ.ਐਚ.ਐਸ.ਐਨ.ਸੀ) ਮੈਂਬਰਾਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਟੀਮ ਵਿੱਚ ਬਲਾਕ ਢਿੱਲਵਾਂ ਦੇ ਸਮੂਹ ਸਿਹਤ ਸੁਪਰਵਾਈਜ਼ਰ, ਸਮੂਹ ਐਮ.ਪੀ.ਐਚ.ਡਬਲਿਊ ਅਤੇ ਏ.ਐਨ.ਐਮਜ਼ ਹਾਜ਼ਰ ਸਨ। ਉਨ੍ਹਾ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਵੱਲੋਂ ਆਮ ਲੋਕਾਂ ਨੂੰ ਘਰਾਂ ਵਿੱਚ ਜਾ ਕੇ ਡੇਂਗੂ ਦੇ ਲੱਛਣਾਂ ਅਤੇ ਰੋਕਥਾਮ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਘਰਾਂ ਵਿੱਚ ਆਮ ਲੋਕਾਂ ਨੂੰ ਜਾਣਕਾਰੀ ਦਿੰਦਿਆਂ ਸਿਹਤ ਸੁਪਰਵਾਈਜ਼ਰ ਸਰਬਜੀਤ ਸਿੰਘ, ਜਸਵਿੰਦਰ ਸਿੰਘ ਅਤੇ ਪ੍ਰਗਟ ਸਿੰਘ ਨੇ ਕਿਹਾ ਕਿ ਡੇਂਗੂ ਰੋਕਥਾਮ 'ਚ ਸਵੱਛਤਾ ਭਾਵ ਘਰਾਂ ਦੇ ਅੰਦਰ ਅਤੇ



ਆਲੇ -ਦੁਆਲੇ ਦੀ ਸਾਫ-ਸਫਾਈ ਦਾ ਵੀ ਅਹਿਮ ਰੋਲ ਹੈ, ਜਿਸ ਨਾਲ ਡੇਂਗੂ ਦੇ ਮੱਛਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਡੇਂਗੂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਨੂੰ ਘਰ-ਘਰ ਜਾ ਕੇ ਵੀ ਡੇਂਗੂ ਬੁਖ਼ਾਰ ਦੇ ਲੱਛਣਾਂ, ਡੇਂਗੂ ਸਬੰਧੀ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ, ਖਾਲੀ ਡਰੰਮਾਂ, ਭਾਂਡਿਆਂ ਜਾਂ ਹੋਰ ਕਿਸੇ ਵੀ ਚੀਜ਼ ਵਿੱਚ ਅਤੇ ਛੱਤਾਂ 'ਤੇ ਵਾਧੂ ਪਾਣੀ ਖੜ੍ਹਾ ਨਾ ਹੋਣ ਦੇਣ ਲਈ ਕਿਹਾ। ਉਨ੍ਹਾਂ ਸਾਰਿਆਂ ਨੂੰ ਸਵੱਛਤਾ ਅਭਿਆਨ 'ਚ ਆਪਣਾ ਯੋਗਦਾਨ ਦੇਣ ਲਈ ਕਿਹਾ ਤਾਂ ਜੋ ਡੇਂਗੂ ਰੋਕਥਾਮ ਮੁਹਿਮ ਨੂੰ ਸਫਲ ਬਣਾਇਆ ਜਾ ਸਕੇ। ਉਨ੍ਹਾਂ ਸਾਰਿਆਂ ਨੂੰ ਡੇਂਗੂ ਦੇ ਲੱਛਣਾਂ, ਇਲਾਜ ਅਤੇ ਆਪਣਾ ਆਲਾ-ਦੁਆਲਾ ਸਾਫ ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ।

# ਵੈਟਰਨਰੀ ਅਫਸਰਾਂ ਵੱਲੋਂ ਸਰਕਾਰ ਨੂੰ 10 ਦਿਨ ਦਾ ਅਲਟੀਮੇਟਮ

**ਮੋਹਾਲੀ (ਗੁਰਜੀਤ ਬਿੱਲਾ)** ਭਾਵੇਂ ਪੰਜਾਬ ਸਰਕਾਰ ਵੱਲੋਂ ਮੁਲਜ਼ਮਾਂ ਦੇ ਮਸਲੇ ਹੱਲ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਹੋ ਇਸਦੇ ਉਲਟ ਰਿਹਾ ਹੈ, ਸਰਕਾਰ ਇਸੇ ਦੇ ਲਾਰਿਆਂ ਤੋਂ ਤੰਗ ਆ ਕੇ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਵਿਚ ਕੰਮ ਕਰਦੇ ਵੈਟਰਨਰੀ ਅਫਸਰਾਂ ਵੱਲੋਂ ਦੁਬਾਰਾ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਹੈ।ਇਹ ਫੈਸਲਾ ਜੁਆਇੰਟ ਐਕਸ਼ਨ ਫਾਰ ਪੇ ਪੈਰਟੀ ਦੀ ਸੂਬਾ ਕਮੇਟੀ ਵਲੋਂ ਵੀਡੀਓ ਕਾਨਫਰੰਸ ਦੁਆਰਾ ਕੀਤੀ ਮੀਟਿੰਗ ਵਿੱਚ ਲਿਆ ਗਿਆ ਹੈ।ਇਸ ਤਹਿਤ ਜੱਥੇਬੰਦੀ ਵਲੋਂ ਕੇਂਦਰੀ ਸਰਕਾਰ ਦੀ ਸਕੀਮ 'ਸੁਰਭੀ ਸਰਟਖਲਾ' ਦਾ ਬਾਈਕਾਟ ਕਰਕੇ ਸ਼ੁਰੂ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਜੱਥੇਬੰਦੀ ਵਲੋਂ ਸਰਕਾਰ ਨੂੰ 10 ਦਿਨ ਦਾ ਅਲਟੀਮੇਟਮ ਦਿੱਤਾ ਗਿਆ ਹੈ, ਮੰਗਾਂ ਨਾ ਮੰਨੀਆਂ ਜਾਣ ਦੀ ਸੂਰਤ ਵਿਚ ਪੰਜਾਬ ਦੇ ਸਮੂਹ ਵੈਟਰਨਰੀ ਡਾਕਟਰ ਸਰਕਾਰ ਵਿਰੁੱਧ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਣਗੇ।ਇਥੇ ਦੱਸਣਾ ਬਨਦਾ ਹੈ ਕਿ ਵੈਟਰਨਰੀ ਅਫਸਰਾਂ ਦੇ ਐਂਟਰੀ ਸਕੇਲ ਛੇਵੇਂ ਪੇ ਕਮਿਸ਼ਨ ਦੇ ਬਹਾਨੇ ਨਾਲ ਪਿਛਲੀ ਸਰਕਾਰ ਵਲੋਂ ਘਟਾ ਦਿੱਤੇ ਗਏ ਸਨ ਅਤੇ ਉਹਨਾਂ ਦੀ ਮੈਡੀਕਲ ਅਫਸਰਾਂ ਨਾਲ 40 ਸਾਲ ਤੋਂ ਚੱਲੀ ਆ ਰਹੀ ਪੇ ਪੈਰਟੀ ਤੋੜ ਦਿੱਤੀ ਗਈ ਸੀ।ਮੀਟਿੰਗ ਵਿੱਚ ਸੰਘਰਸ਼ ਸਬੰਧੀ ਬੋਲਦਿਆਂ ਸੰਘਰਸ਼ ਕਮੇਟੀ ਦੇ ਕਨਵੀਨਰ ਡਾ. ਗੁਰਚਰਨ ਸਿੰਘ ਨੇ ਕਿਹਾ ਕਿ



ਵੈਟਰਨਰੀ ਅਫਸਰਾਂ ਦੀ ਮੈਡੀਕਲ ਅਫਸਰਾਂ ਨਾਲ ਪੇ ਪੈਰਟੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਅਨੁਸਾਰ ਮਿਲੀ ਹੋਈ ਸੀ। ਜਿਸ ਨੂੰ ਬਹਾਲ ਕਰਵਾਉਣ ਲਈ ਇਸ ਸਬੰਧੀ ਲਗਾਤਾਰ ਮੌਜੂਦਾ ਜਥੇਬੰਦੀ ਵਲੋ ਸੂਬਾ ਸਰਕਾਰ ਦੇ ਪੱਧਰ 'ਤੇ ਵਾਰ-ਵਾਰ ਮੰਗ ਪੱਤਰ ਦਿੱਤੇ ਗਏ। ਪਸ਼ੂ ਪਾਲਣ ਵਿਭਾਗ ਦੇ ਸਾਬਕਾ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ ਅਤੇ ਮੌਜੂਦਾ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਵਾਰ-ਵਾਰ ਮੰਗ ਪੱਤਰ ਦਿੱਤੇ ਗਏ ਹਨ। ਵਿਭਾਗ ਦੇ ਮੰਤਰੀ ਨਾਲ ਬਹੁਤ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ, ਸਰਕਾਰ ਦੀ ਕੈਬਨਿਟ ਸਬ ਕਮੇਟੀ ਨਾਲ ਵੀ 2 ਵਾਰ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਅਜੇ ਤੱਕ ਸਵਾਏ ਵਾਅਦਿਆਂ ਤੋਂ ਕੁੱਝ ਵੀ ਨਹੀਂ ਕੀਤਾ ਗਿਆ। ਇਸ ਵਿਰੁੱਧ ਵੈਟਰਨਰੀ ਅਫਸਰਾਂ ਵਲੋਂ ਸਰਕਾਰ ਵਿਰੁੱਧ ਸੰਘਰਸ਼ ਕਰਨ ਦਾ ਦੁਬਾਰਾ ਐਲਾਨ ਕੀਤਾ ਹੈ। ਉਹਨਾਂ ਅੱਗੇ ਕਿਹਾ ਕਿ ਸਰਕਾਰ ਵਿਚ ਅੰਕੜਿਆਂ ਨਾਲ ਫਾਈਲਾਂ ਦਾ ਢਿੱਡ ਭਰਨ ਲਈ ਉਹ ਅਫਸਰਾਂ ਵਲੋਂ ਅਧਿਕਾਰੀਆਂ ਕਰਮਚਾਰੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਨਾ ਮੰਨਣ ਵਾਲਿਆਂ ਨੂੰ ਚਾਰਜਸ਼ੀਟ ਜਾਂ ਮੁਅੱਤਲੀ ਰਾਹੀਂ ਉਲਝਾਇਆ ਜਾ ਰਿਹਾ ਹੈ, ਜਦਕਿ ਜਮੀਨੀ ਪੱਧਰ 'ਤੇ ਲੋਕਾਂ ਦੀ ਹਾਲਤ ਬਹੁਤ ਬੁਰੀ ਹੈ।ਕਮੇਟੀ ਦੇ ਕੋ-ਕਨਵੀਨਰ ਡਾ. ਪੁਨੀਤ ਮਲਹੋਤਰਾ , ਡਾ. ਅਬਦੁਲ ਮਜੀਦ ਅਤੇ ਕਮੇਟੀ ਦੇ ਬੁਲਾਰੇ ਡਾ. ਗੁਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਉਣ ਵਾਲੀ 13 ਜੁਲਾਈ ਤੱਕ ਪੇ ਪੈਰਟੀ ਬਹਾਲ ਨਾ ਕੀਤੀ ਗਈ ਤਾਂ ਸਮੁੱਚਾ ਵੈਟਰਨਰੀ ਡਾਕਟਰ ਭਾਈਚਾਰਾ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਵੇਗਾ।

# ਨਬਾਲਿਗ ਰਿਸ਼ਤੇਦਾਰ ਲੜਕੀ ਨਾਲ ਜਬਰ ਜਨਾਹ ਕਰਨ ਵਾਲਾ ਗ੍ਰਿਫ਼ਤਾਰ


**ਨੰਗਲ (ਸੁਰਜੀਤ ਸਿੰਘ)** ਰਿਸ਼ਤਿਆਂ ਨੂੰ ਤਾਰ ਤਾਰ ਕਰਨ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ।ਦੱਸਿਆ ਜਾ ਰਿਹਾ ਹੈ ਕਿ ਇੱਕ ਵਿਅਕਤੀ ਵਲੋਂ ਆਪਣੀ ਹੀ ਨਬਾਲਿਗ



ਰਿਸ਼ਤੇਦਾਰ ਲੜਕੀ ਨਾਲ ਉਸਦੇ ਮਾਪਿਆਂ ਦੀ ਗੈਰ ਮੌਜੂਦਗੀ ਵਿੱਚ ਜਬਰ ਜਨਾਹ ਕੀਤਾ ਜਾਂਦਾ ਸੀ। ਜਿਵੇਂ ਇਸ ਘਟਨਾ ਦਾ ਲੜਕੀ ਦੇ ਮਾਤਾ ਪਿਤਾ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੰਗਲ ਥਾਣਾ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਸ ਨੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਐਸਪੀ ਕੁਲਬੀਰ ਸਿੰਘ ਠੱਕਰ ਸੰਧੂ ਨੇ ਕਿਹਾ ਕਿ ਫਤਿਹਗੜ੍ਹ ਸਾਹਿਬ ਦਾ ਰਹਿਣ ਵਾਲਾ ਇੱਕ ਵਿਅਕਤੀ ਇਲਾਕੇ ਵਿੱਚ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਕੋਲ ਕਾਫੀ ਸਮੇਂ ਤੋਂ ਰਹਿੰਦਾ ਸੀ। ਜਿਸਦਾ ਇਲਾਕੇ ਵਿੱਚ ਨਾਨਕਿਆਂ ਵਾਲਾ ਰਿਸ਼ਤਾ ਸੀ। ਉਕਤ ਵਿਅਕਤੀ ਆਪਣੀ 17 ਸਾਲ ਦੀ ਨਬਾਲਿਗ ਰਿਸ਼ਤੇਦਾਰ ਨਾਲ ਉਸ ਸਮੇਂ ਮਾੜੀ ਘਟਨਾ ਨੂੰ ਅੰਜਾਮ ਦਿੰਦਾ ਸੀ, ਜਦੋਂ ਲੜਕੀ ਦੇ ਮਾਤਾ ਪਿਤਾ ਘਰ ਤੋਂ ਬਾਹਰ ਹੁੰਦੇ ਸੀ। ਉਨ੍ਹਾਂ ਕਿਹਾ ਕਿ ਸ਼ਿਕਾਇਤ ਮਿਲਣ 'ਤੇ ਏਐਸਆਈ ਨਰੇਸ਼ ਕੁਮਾਰੀ ਵੱਲੋਂ ਜਾਂਚ ਮਗਰੋਂ ਪੋਕਸੋ ਐਕਟ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ। ਫਿਲਹਾਲ ਮਾਣਯੋਗ ਅਦਾਲਤ ਨੇ ਇਸ ਨੂੰ 2 ਦਿਨ ਦੇ ਪੁਲਸ ਰਿਮਾਂਡ 'ਤੇ ਭੇਜਿਆ ਹੈ।

# ਪ੍ਰਿਤਪਾਲ ਸਿੰਘ ਗੰਡਾ ਨੇ ਲੋੜਵੰਦ ਵਿਦਿਆਰਥੀਆਂ ਨੂੰ ਬੂਟ ਵੰਡੇ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ



ਅਨੰਦਪੁਰ ਸਾਹਿਬ ਵਿਖੇ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ ਵੱਲੋਂ ਸਕੂਲ ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਨੂੰ ਬੂਟ ਵੰਡੇ ਗਏ। ਇਸ ਮੌਕੇ ਗੱਲ ਕਰਦਿਆਂ ਵਪਾਰ ਮੰਡਲ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ ਨੇ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਨਾਲ ਉਹਨਾਂ ਦਾ ਵਿਸ਼ੇਸ਼ ਲਗਾਅ ਹੈ।ਉਹਨਾਂ ਦੇ ਸਾਰੇ ਬੱਚੇ ਇਸ ਸਕੂਲ ਵਿੱਚ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਅਤੇ ਉਹਨਾਂ ਦੇ ਪਿਤਾ ਹਰਨਾਮ ਸਿੰਘ ਗੰਡਾ ਦੀ ਇਸ ਸੰਸਥਾ ਨਾਲ ਕਾਫੀ ਲੰਬਾ ਸਮਾਂ ਜੁੜੇ ਰਹੇ। ਉਹਨਾਂ ਕਿਹਾ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਪੂਰਾ ਕਰਨ ਲਈ ਉਹ ਹਰ ਸਮੇਂ ਹਾਜ਼ਰ ਹਨ। ਉਹਨਾਂ ਜਿੱਥੇ ਲੋੜਵੰਦ ਵਿਦਿਆਰਥੀਆਂ ਨੂੰ ਬੂਟ ਵੰਡੇ ਉੱਥੇ ਵਿਦਿਆਰਥੀਆਂ ਨੂੰ ਰੱਜ ਕੇ ਮਿਹਨਤ ਕਰਨ ਲਈ ਵੀ ਪ੍ਰੇਰਿਆ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਪਾਰ ਮੰਡਲ ਪ੍ਰਧਾਨ ਦਾ ਧੰਨਵਾਦ ਕੀਤਾ। ਇਸ ਮੌਕੇ ਸੇਵਾ ਸਿੰਘ, ਜਸਪ੍ਰੀਤ ਕੌਰ, ਅਮਰਜੀਤ ਕੌਰ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।

# ਗੈਸ ਖਪਤਕਾਰ ਜਲਦੀ ਤੋਂ ਜਲਦੀ ਕੇ ਵਾਈ ਸੀ ਕਰਵਾਉਣ : ਪਰਮਿੰਦਰ ਸਿੰਘ

**ਕੁਰਾਲੀ (ਮੋਹਣ ਅੱਗਰਵਾਲ)**:- ਗੈਸ ਖਪਤਕਾਰ ਜਲਦੀ ਤੋਂ ਜਲਦੀ ਆਪਣੀ ਕੇ. ਵਾਈ ਸੀ. ਕਰਵਾਉਣ ਅਤੇ ਹੋਣ ਵਾਲੀ ਪਰੇਸ਼ਾਨੀ ਤੋਂ ਬਚਣ। ਇਹ ਅਪੀਲ ਕੁਰਾਲੀ ਤੋਂ ਨਵਦੀਪ ਐੱਚ.ਪੀ ਗੈਸ ਸਰਵਿਸ ਦੇ ਮਲਿਕ ਪਰਮਿੰਦਰ ਸਿੰਘ ਨੇ ਖਪਤਕਾਰਾਂ ਨੂੰ ਕੀਤੀ ਤੇ ਕਿਹਾ ਕਿ ਕੁਰਾਲੀ ਸ਼ਹਿਰ ਅਤੇ ਨਾਲ ਲੱਗਦੇ ਨਿਊ ਚੰਡੀਗੜ੍ਹ, ਮੁੱਲਾਂਪੁਰ ਗਰੀਬਦਾਸ, ਮੋਰਿੰਡਾ,



ਸ੍ਰੀ ਚਮਕੌਰ ਸਾਹਿਬ) ਦੇ ਲੋਕਾਂ ਨੂੰ ਨਵਦੀਪ ਐੱਚ. ਪੀ ਗੈਸ ਸਰਵਿਸ ਕੁਰਾਲੀ ਵਲੋਂ ਗੈਸ ਖਪਤਕਾਰਾਂ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਬੇਹਤਰ ਸੇਵਾਵਾਂ ਲੈਣ ਲਾਇ ਕੇ. ਵਾਈ. ਸੀ. ਕਰਵਾਉਣੀ ਬਹੁਤ ਜਰੂਰੀ ਹੈ ।ਉਨ੍ਹਾਂ ਕਿਹਾ ਕਿ ਇਹ ਕੇ. ਵਾਈ. ਸੀ. ਗੈਸ ਏਜੰਸੀ ਦੇ ਦਫਤਰ ਤੋਂ ਇਲਾਵਾ ਸਲੰਡਰ ਵੰਡਣ ਵਾਲੇ ਵੰਡ ਕਰਤਾ ਜਾਂ ਜਾਂ ਗੈਸ ਏਜੰਸੀ ਦੇ ਕਿਸੇ ਵੀ ਕਰਿੰਦੇ ਕੋਲੋਂ ਆਪਣੇ ਘਰ ਵਿਚ ਹੀ ਕਰਵਾਈ ਜਾਂ ਸਕਦੀ ਹੈ ।ਕੇ. ਵਾਈ. ਸੀ. ਕਰਵਾਉਣਾ ਸਰਕਾਰ ਦੀਆਂ ਹਿਦਾਇਤਾਂ ਮੁਤਾਬਿਕ ਜਰੂਰੀ ਹੈ ।

# ਵਿਧਾਇਕ ਨੇ ਸਫਾਈ ਕਾਮਿਆਂ ਦੀ ਹੜਤਾਲ ਖਤਮ ਕਰਵਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਇੱਥੇ ਨਗਰ ਨਿਗਮ ਦੇ ਸਫਾਈ ਕਾਮਿਆਂ ਦੀ ਹੜਤਾਲ ਖਤਮ ਕਰਵਾਉਣ ਮੌਕੇ ਆਖਿਆ ਕਿ ਪਰਵਾਰਕ ਮੈਂਬਰਾਂ ਵਿੱਚ ਵੀ ਮਤਭੇਦ ਹੋਣਾ ਸੁਭਾਵਿਕ ਹੈ ਅਤੇ ਮੋਹਾਲੀ ਕਾਰਪੋਰੇਸ਼ਨ ਮੇਰੇ ਪਰਵਾਰ ਵਾਂਗ ਹੈ , ਚਾਹੇ ਉਹ ਕਾਰਪੋਰੇਸ਼ਨ ਦਾ ਕਿਸੇ ਵੀ ਪੱਧਰ ਦਾ ਮੁਲਾਜ਼ਮ ਹੋਵੇ, ਮੈਂ ਹਮੇਸ਼ਾ ਹਰ ਇੱਕ ਮੁਲਾਜ਼ਮ ਦੀ ਮੁਸ਼ਕਿਲ ਹੱਲ ਕਰਨ ਨੂੰ ਪਹਿਲ ਦਿੱਤੀ ਹੈ। ਵਿਧਾਇਕ ਕੁਲਵੰਤ ਸਿੰਘ ਦੇ ਪੁੱਜਣ ਤੇ ਮੋਹਾਲੀ ਕਾਰਪੋਰੇਸ਼ਨ ਦੇ ਬਾਹਰ ਬੈਠੇ ਸਫਾਈ ਕਾਮਿਆਂ ਵੱਲੋਂ ਹੜਤਾਲ ਵਾਪਸ ਲੈ ਲਈ ਗਈ ਅਤੇ ਇਸ ਦੇ ਨਾਲ ਹੀ ਵਿਧਾਇਕ ਕੁਲਵੰਤ





ਸਿੰਘ ਨੇ ਵੀ ਸਫਾਈ ਕਾਮਿਆਂ ਨੂੰ ਇਹ ਭਰੋਸਾ ਦਿਵਾਇਆ ਕਿ ਉਹ ਉਹਨਾਂ ਦੀ ਹਰ ਇੱਕ ਮੰਗ ਪੂਰੀ ਕਰਨਗੇ ਅਤੇ ਅੱਗ ਉਹਨਾਂ ਦੀ ਜੋ ਵੀ ਮੰਗ ਹੋਵੇਗੀ, ਉਹ ਉਹਨਾਂ ਦੇ ਪਹਿਲਾਂ ਹੀ ਧਿਆਨ ਵਿੱਚ ਲਿਆ ਦੇਣ ਅਤੇ ਮੇਰੇ ਵੱਲੋਂ ਇਹ ਤੁਹਾਡੇ ਸਭਨਾਂ ਨਾਲ ਇੱਥੇ ਵਾਅਦਾ ਹੈ ਕਿ ਉਹ ਹੜਤਾਲ ਦੀ ਨੌਬਤ ਨਹੀਂ ਆਉਣ ਦੇਣਗੇ।ਵਿਧਾਇਕ ਨੇ ਕਿਹਾ ਕਿ ਮੋਹਾਲੀ ਦੇ ਲੋਕੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ 1995 ਤੋਂ ਲੋਕਾਂ ਦੇ ਵਿੱਚ ਰਹਿ ਰਹੇ ਹਨ ਅਤੇ ਅਗਾਂਹ ਵੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮੇਂ ਸਿਰ ਹੱਲ ਕਰਵਾਉਣ ਦੇ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ਅਤੇ ਜਿਸ ਤਰ੍ਹਾਂ ਪਰਿਵਾਰ ਦੇ ਛੋਟੇ ਬੱਚਿਆਂ ਦੀ ਇਹ ਜਿੱਦ ਹੁੰਦੀ ਹੈ ਕਿ ਉਹ ਆਪਣੀਆਂ ਮੰਗਾਂ ਮਨਵਾਉਣ ਦੇ ਲਈ ਅਜਿਹਾ ਕਰਦੇ ਹਨ, ਉਸੇ ਤਰ੍ਹਾਂ ਹੀ ਸਰਕਾਰਾਂ ਦੀ ਵੀ ਇਹ ਜਿੰਮੇਵਾਰੀ ਹੁੰਦੀ ਹੈ ਕਿ ਉਹ ਬਾਸ਼ਿੰਦਿਆਂ ਦੀ ਹਰ ਤਰ੍ਹਾਂ ਦੀ ਸਮੱਸਿਆ ਦਾ ਹੱਲ ਕਰਨ। ਆਪਣੇ ਸੰਬੋਧਨ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਕਿ ਉਹਨਾਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਵਿੱਚ ਹਮੇਸ਼ਾਂ ਗਰੀਬ ਕਾਮਿਆਂ ਦੀ ਗੱਲ ਕੀਤੀ ਹੈ ਅਤੇ ਮਿਹਨਤਕਸ਼ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਹੈ ਅਤੇ ਅਗਾਂਹ ਵੀ ਉਹ ਇਹਨਾਂ ਮਿਹਨਤਕਸ਼ਾਂ ਦੇ ਹੱਕ ਵਿੱਚ ਗੱਲ ਕਰਦੇ ਰਹਿਣਗੇ।ਇਸ ਮੌਕੇ 'ਤੇ ਕਮਿਸ਼ਨਰ ਮੋਹਾਲੀ ਕਾਰਪੋਰੇਸ਼ਨ ਪਰਮਿੰਦਰ ਪਾਲ ਸਿੰਘ, ਕੌਂਸਲਰ ਸਰਬਜੀਤ ਸਿੰਘ ਕੌਂਸਲਰ ਬਿੰਦਰਾ, ਸਾਬਕਾ ਕੌਂਸਲਰ -ਗੁਰਮੁਖ ਸਿੰਘ ਸੋਹਲ, ਪਵਨ ਕੁਮਾਰ ਵੀ ਹਾਜ਼ਰ ਸਨ।

# ਮੁੱਖ ਮਾਰਗ 'ਤੇ ਟਰੱਕਾਂ ਟਰਾਲਿਆਂ ਦੀਆਂ ਲੱਗੀਆਂ ਲਾਈਨਾਂ ਟ੍ਰੈਫਿਕ ਨਿਯਮਾਂ ਦੀਆਂ ਉਡਾ ਰਹੀਆਂ ਧੱਜੀਆਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੁਲਤਾਨਪੁਰ ਲੋਧੀ-ਕਪੂਰਥਲਾ ਮੁੱਖ ਮਾਰਗ ਅਤੇ ਸੁਲਤਾਨਪੁਰ ਲੋਧੀ ਤੋਂ ਡੱਲਾ ਮਾਰਗ 'ਤੇ ਸੜਕ ਦੇ ਦੋਵੇਂ ਕਿਨਾਰਿਆਂ 'ਤੇ ਟਰੱਕਾਂ ਦੇ ਲੰਬੇ ਟਰਾਲਿਆਂ ਦੀਆਂ ਲੱਗੀਆਂ ਲਾਈਨਾਂ ਜਿੱਥੇ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ, ਉੱਥੇ ਇਹ ਵੱਡੇ ਹਦਸਿਆਂ ਨੂੰ ਵੀ ਜਨਮ ਦੇ ਰਹੀਆਂ ਹਨ। ਇਹ ਸਭ ਜਾਣਨ ਦੇ ਬਾਵਜੂਦ ਪ੍ਰਸ਼ਾਸਨ ਨੇ ਅੱਖਾਂ



ਮੀਚ ਕੇ ਚੁੱਪੀ ਧਾਰੀ ਹੋਈ ਹੈ। ਥੋੜ੍ਹੇ ਹੀ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਦੇ ਨੌਜਵਾਨ ਭਤੀਜੇ ਦੀ ਟਰੱਕ ਦੇ ਨਾਲ ਟੱਕਰ ਹੋਣ ਕਾਰਨ ਦੁਖਦਾਈ ਮੌਤ ਹੋ ਗਈ ਸੀ, ਇਸ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਕੋਈ ਕਦਮ ਨਾ ਚੁੱਕਣਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਸੁਲਤਾਨਪੁਰ ਲੋਧੀ ਡੱਲਾ ਮਾਰਗ ਜਿੱਥੇ ਸੜਕ ਦੀ ਚੌੜਾਈ ਬਹੁਤ ਘੱਟ ਹੈ ਅਤੇ ਇਸ ਮਾਰਗ 'ਤੇ ਸਰਕਾਰੀ ਗੁਦਾਮ ਵੀ ਹਨ, ਇਸ ਮਾਰਗ 'ਤੇ ਬਰਮਾਂ ਨੂੰ ਕਿਸਾਨਾਂ ਵੱਲੋਂ ਆਪਣੀ ਜ਼ਮੀਨ ਨਾਲ ਮਿਲਾਉਣ ਕਾਰਨ ਸੜਕ ਦੇ ਦੋਵੇਂ ਕਿਨਾਰਿਆਂ 'ਤੇ ਕੋਈ ਵੀ ਜਗ੍ਹਾ ਨਾ ਹੋਣ ਕਾਰਨ ਕਈ ਵਾਰ ਵੱਡੇ ਹਾਦਸੇ ਇਸ ਸੜਕ ਉੱਤੇ ਹੋ ਚੁੱਕੇ ਹਨ ।ਇਸ ਸਭ ਦੇ ਬਾਵਜੂਦ ਪ੍ਰਸ਼ਾਸਨ ਨੇ ਕਦੇ ਵੀ ਇਸ ਮਾਰਗ 'ਤੇ ਕਿਸੇ ਤਰ੍ਹਾਂ ਦੀ ਸੁਧ ਬੁਧ ਲੈਣ ਦੀ ਜ਼ਰੂਰਤ ਨਹੀਂ ਸਮਝੀ। ਇਹ ਮਾਰਗ ਹਾਈਵੇ ਐਕਸਪ੍ਰੈਸ ਬਣਨ ਕਾਰਨ ਵੱਡੇ ਵੱਡੇ ਮਿੱਟੀ ਦੇ ਭਰੇ ਹੋਏ ਟਿੱਪਰ ਦਿਨ ਰਾਤ ਇਥੇ ਧੂੜ ਉਡਾਉਂਦੇ ਨਜ਼ਰ ਆਉਂਦੇ ਹਨ ਜੋ ਦੋ ਪਹੀਆਂ ਵਾਹਨਾਂ ਲਈ ਮੁਸੀਬਤ ਦਾ ਕਾਰਨ ਬਣਦੇ ਹਨ। ਇਹ ਮੁੱਖ ਮਾਰਗ ਜਿੱਥੇ ਵਾਇਆ ਕਾਲਾ ਸੰਘਿਆਂ, ਡੱਲਾ ਵਿਖੇ ਇਤਿਹਾਸਕ ਗੁਰਦੁਆਰਾ ਬਾਉਲੀ ਸਾਹਿਬ ਨੂੰ ਜੋੜਦਾ ਹੈ ਅਤੇ ਜੋੜਦਾ ਹੋਇਆ ਜਲੰਧਰ ਨਕੋਦਰ ਨਾਲ ਮਿਲਾਉਂਦਾ ਹੈ ਜਿਸ ਕਾਰਨ ਇਸ ਸੜਕ ਮਾਰਗ 'ਤੇ ਹਰ ਸਮੇਂ ਟ੍ਰੈਫਿਕ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ ਅਤੇ ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਵਿਖੇ ਮੋਗਾ ਬਠਿੰਡਾ ਆਦਿ ਤੋਂ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਦੀ ਵੱਡੀ ਗਿਣਤੀ ਵਿੱਚ ਹਰ ਰੋਜ਼ ਆਮਦ ਹੁੰਦੀ ਹੈ ਜਿਸ ਨਾਲ ਇਸ ਸੜਕ 'ਤੇ ਲੰਘਣ ਸਮੇਂ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਦੇ ਮੁੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨੇ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮਾਰਗ 'ਤੇ ਅਜਿਹੇ ਟਰੱਕ ਮਾਲਕਾਂ ਨੂੰ ਚੇਤਾਵਨੀ ਦੇ ਕੇ ਟਰੱਕ ਖੜ੍ਹੇ ਕਰਨ ਤੋਂ ਰੋਕਿਆ ਜਾਵੇ ਤਾਂ ਕਿ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ।

# 150 ਬੂਟੇ ਲਗਾ ਕੇ ਮਨਾਇਆ ਪੁੱਤਰ ਦਾ ਜਨਮ ਦਿਨ

**ਆਦਮਪੁਰ (ਪਰਮਜੀਤ ਸਿੰਘ)** ਆਦਮਪੁਰ ਦੇ ਉੱਘੇ ਸਮਾਜ ਸੇਵੀ ਅਤੇ ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਨੇ ਆਪਣੇ ਪੁੱਤਰ, ਜਸਪ੍ਰੀਤ ਸਿੰਘ ਦੇ



ਜਨਮਦਿਨ ਨੂੰ ਵਾਤਾਵਰਣ ਨੂੰ ਸਮਰਪਿਤ ਕਰਦਿਆਂ ਆਦਮਪੁਰ ਅਤੇ ਪਿੰਡ ਮਸਾਣੀਆਂ ਵਿਖੇ ਬੂਟੇ ਲਗਾਏ। ਪਿੰਡ ਮਸਾਣੀਆਂ ਵਿਖੇ ਤਕਰੀਬਨ 150 ਬੂਟੇ ਲਗਾਏ, ਜਿਸ ਵਿੱਚ ਅੰਬ, ਲੀਚੀ, ਅਮਰੂਦ, ਚੀਕੂ, ਨਿੰਬੂ ਆਦਿ ਬੂਟੇ ਲਗਾਏ।ਆਦਮਪੁਰ ਸ਼ਹਿਰ ਵਿਖੇ ਡੇਕ, ਅਰਜਨ ਆਦਿ ਦੇ ਬੂਟੇ ਲਗਾਏ।ਇਸ ਮੌਕੇ ਹਰਿੰਦਰ ਸਿੰਘ ਨੇ ਕਿਹਾ ਕਿ ਹਰ ਮਨੁੱਖ ਹਰ ਵਰ੍ਹੇ ਪੰਜ ਰੁੱਖ ਜ਼ਰੂਰ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨ।ਧਰਤੀ ਮਾਤਾ ਸਾਨੂੰ ਹਵਾ ਪਾਣੀ ਅਤੇ ਖਾਣ ਲਈ ਭੋਜਨ ਆਦਿ ਦਿੰਦੀ ਹੈ, ਇਸ ਕੁਦਰਤ ਨੂੰ ਸਾਂਭਣ ਦੀ ਲੋੜ ਹੈ।ਉਨ੍ਹਾਂ ਅਵਤਾਰ ਸਿੰਘ ਮਸਾਣੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਇਸ ਮੌਕੇ ਬੂਟੇ ਲਗਾਉਣ ਵਿੱਚ ਸਹਿਯੋਗ ਕਰਨ ਅਤੇ ਪੁੱਤਰ ਨੂੰ ਆਸ਼ੀਰਵਾਦ ਦੇਣ ਆਏ, ਰਵਿੰਦਰ ਸਿੰਘ ਸੈਣੀ, ਕਰਨਜੀਤ ਸਿੰਘ ਹੈਪੀ, ਗੁਰਮੀਤ ਸਿੰਘ ਨਿੱਝਰ, ਸੰਤੋਖ ਸਿੰਘ, ਲਾਡੀ, ਰਵੀ ਚੁੰਬਰ (ਰਵੀਦਾਸ ਟਾਇਗਰ ਫੋਰਸ), ਪਰਮਿੰਦਰ ਸਿੰਘ, ਪਰਮਜੀਤ ਸਿੰਘ ਪੰਮਾ, ਸ਼ਾਹ, ਸਭਨਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਛੋਟੇ ਬੱਚੇ, ਰਸਮਪ੍ਰੀਤ ਕੌਰ ਅਤੇ ਜਪਮਨ ਸਿੰਘ ਵੀ ਹਾਜ਼ਰ ਸਨ।

# ਪੰਜਾਬ ਭਵਨ ਕੈਨੇਡਾ ਵੱਲੋਂ ਸ਼ੁਰੂ 'ਨਵੀਆਂ ਕਲਮਾਂ ਨਵੀਂ ਉਡਾਣ' ਮੁਹਿੰਮ ਨੂੰ ਸਮਾਜ ਸੇਵੀ ਮੋੜਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪੰਜਾਬ ਭਵਨ ਕੈਨੇਡਾ ਵਲੋਂ ਬਾਲ ਕਲਮਾਂ ਨੂੰ ਸਮਾਜ ਸੇਵੀ ਰਚਨਾਵਾਂ ਲਿਖਣ ਲਈ ਮੋੜਾ ਦਿੰਦਿਆਂ ਖੂਨ ਦਾਨ, ਅੱਖਾਂ ਦਾਨ ਅਤੇ ਅੰਗ ਦਾਨ ਵੱਲ ਪ੍ਰੇਰਦੀਆਂ ਰਚਨਾਵਾਂ ਲਿਖਣ ਬਾਰੇ ਸੱਦਾ ਦਿੱਤਾ ਗਿਆ ਅਤੇ ਜਲਦੀ ਹੀ ਇਨ੍ਹਾਂ ਰਚਨਾਵਾਂ ਨੂੰ ਕਿਤਾਬ ਦਾ ਰੂਪ ਦੇਣ ਦਾ ਵੀ ਐਲਾਨ ਕੀਤਾ ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਭਵਨ ਸਰੀ ਕਨੇਡਾ ਦੇ ਮੁੱਖ ਸੰਚਾਲਕ ਸੁੱਖੀ ਬਾਠ ਨੇ ਦੱਸਿਆ ਕਿ ਸਮੇਂ ਦੀ ਲੋੜ ਹੈ ਕਿ ਲੇਖਕ ਲੋਕ ਮੁੱਦਿਆਂ ਵੱਲ ਧਿਆਨ ਦਿਵਾਉਂਦੀਆਂ ਅਤੇ ਸਮਾਜ ਸੇਵੀ ਕਾਰਜਾਂ ਨੂੰ ਉਤਸ਼ਾਹਿਤ ਕਰਦੀਆਂ ਰਚਨਾਵਾਂ ਲਿਖਣ । ਉਨ੍ਹਾਂ ਕਿਹਾ ਕਿ ਇਨ੍ਹਾਂ ਲਿਖਤਾਂ ਨਾਲ ਜਿਥੇ ਵਿਦਿਆਰਥੀ ਸਮਾਜ ਨੂੰ ਪ੍ਰੇਰਨਗੇ, ਉਥੇ ਖੁਦ ਵੀ ਸਮਾਜ ਸੇਵੀ ਕਾਰਜਾਂ ਵੱਲ ਪ੍ਰੇਰਤ ਹੋਣਗੇ। ਬਾਠ ਨੇ ਦੱਸਿਆ ਕਿ ਇਸ ਕਾਰਜ ਲਈ ਖੂਨਦਾਨ, ਅੰਗ ਦਾਨ ਤੇ ਅੱਖਾਂ ਦਾਨ ਕਰਨ ਲਈ ਜਾਗਰੂਕਤਾ ਲਹਿਰ ਚਲਾਉਣ ਵਾਲੀ ਸ਼ਖ਼ਸੀਅਤ ਅਸ਼ੋਕ ਮਹਿਰਾ ਅਤੇ ਮੁਸਕਾਨ ਮਹਿਰਾ ਦਾ ਵੀ



ਸਹਿਯੋਗ ਲਿਆ ਜਾ ਰਿਹਾ ਹੈ। ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ 'ਨਵੀਆਂ ਕਲਮਾਂ ਨਵੀਂ ਉਡਾਣ' ਮੁਹਿੰਮ ਤਹਿਤ ਜਿਥੇ ਹੁਣ ਤੱਕ ਪੰਜਾਬ ਸਮੇਤ ਹੋਰ ਰਾਜਾਂ ਤੇ ਦੇਸ਼ਾਂ ਦੇ ਹਜ਼ਾਰਾਂ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇਣ ਅਤੇ ਬਾਲ ਕਾਨਫਰੰਸਾਂ ਕਰਵਾ ਕੇ ਲੇਖਕ ਵਿਦਿਆਰਥੀਆਂ ਨੂੰ ਇਕ ਵੱਡਾ ਮੰਚ ਦਿੱਤਾ ਗਿਆ ਹੈ, ਉੱਥੇ ਇਸ ਲੜੀ ਨੂੰ ਜਾਰੀ ਰੱਖਦਿਆਂ ਸਕੂਲਾਂ ਦੇ ਵਿਦਿਆਰਥੀ ਲੇਖਕਾਂ ਦੀਆਂ ਕਿਤਾਬਾਂ ਵੀ ਛਾਪੀਆਂ ਜਾ ਰਹੀਆਂ ਹਨ। ਬਾਠ ਨੇ ਨਵੀਆਂ ਕਲਮਾਂ ਨਵੀਂ ਉਡਾਣ ਮੁਹਿੰਮ ਦੇ ਅਗਲੇ ਪ੍ਰੋਗਰਾਮ ਬਾਰੇ ਵੀ ਜਲਦੀ ਖੁਲਾਸਾ ਕਰਨ ਦਾ ਪ੍ਰਗਟਾਵਾ ਕੀਤਾ ਹੈ।

# 17 ਅਨੁਸੂਚਿਤ ਜਾਤੀ ਤੇ ਦਿਵਿਆਂਗ ਪਰਵਾਰਾਂ ਦੇ 25 ਲੱਖ ਤੋਂ ਵੱਧ ਦੇ ਕਰਜ਼ੇ ਮਾਫ਼

**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਦਿਵਿਆਂਗ ਵਰਗ ਦੇ ਮਹਿਨਤਕਾਸ਼ ਪਰਵਾਰਾਂ ਨੂੰ ਆਰਥਿਕ ਰਾਹਤ ਦੇਣ ਦੀ



ਨੀਤੀ ਤਹਿਤ ਡੇਰਾਬੱਸੀ ਹਲਕੇ ਦੇ 17 ਪਰਵਾਰਾਂ ਦੇ ?25,25,922/- ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਹਨ। ਇਸ ਸਬੰਧੀ ਮੁਬਾਰਕਪੁਰ ਦੇ ਰੈਸਟ ਹਾਊਸ ਵਿਖੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਲਾਭਪਾਤਰੀਆਂ ਨਾਲ ਮੁਲਾਕਾਤ ਕਰਕੇ ਵਿਚਾਰ ਵਟਾਂਦਰਾ ਕੀਤਾ ਤੇ ਕਰਜ਼ਾ ਮੁਆਫੀ ਦੇ ਪੱਤਰ ਵਿਤਰਿਤ ਕੀਤੇ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਸਾਡੀ ਸਰਕਾਰ ਹਮੇਸ਼ਾ ਹੀ ਗਰੀਬ, ਪੀੜਤ ਅਤੇ ਪਿੱਛੜੇ ਵਰਗ ਦੇ ਹੱਕਾਂ ਦੀ ਰਾਖੀ ਲਈ ਸਮਰਪਿਤ ਹੈ।'ਅਸੀਂ ਸਮਾਜ ਦੇ ਹਰ ਵਰਗ ਨੂੰ ਉਭਾਰਣ ਅਤੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣ ਲਈ ਕਮਰਕੱਸ ਹੋਏ ਹੋਏ ਹਾਂ। ਜਿਨ੍ਹਾਂ ਪਰਿਵਾਰਾਂ ਨੇ ਹਾਲਾਤਾਂ ਕਾਰਨ ਕਰਜ਼ਾ ਲਿਆ ਸੀ ਪਰ ਵਾਪਸ ਕਰਨ ਵਿੱਚ ਅਸਮਰਥ ਸਨ, ਉਨ੍ਹਾਂ ਲਈ ਇਹ ਰਾਹਤ ਇੱਕ ਨਵੀਂ ਉਮੀਦ ਹੈ।' ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਯੋਜਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਸੋਚ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ। ਵਿਧਾਇਕ ਨੇ ਜ਼ਿਲ੍ਹਾ SC ਵਿਕਾਸ ਕਾਰਪੋਰੇਸ਼ਨ ਮੋਹਾਲੀ ਦੇ ਮੈਨੇਜਰ ਅਵਤਾਰ ਸਿੰਘ ਅਤੇ ਉਹਨਾਂ ਦੀ ਟੀਮ ਦੀ ਵੀ ਤਾਰੀਫ਼ ਕੀਤੀ, ਜਿਨ੍ਹਾਂ ਨੇ ਇਸ ਮੁਹਿੰਮ ਨੂੰ ਜਮੀਨੀ ਪੱਧਰ 'ਤੇ ਲਾਗੂ ਕਰਕੇ ਸਫਲ ਬਣਾਇਆ।ਮੈਨੇਜਰ ਅਵਤਾਰ ਸਿੰਘ ਨੇ ਵੀ ਮੰਚ ਤੋਂ ਬੋਲਦੇ ਹੋਏ ਕਿਹਾ ਕਿ ਸਾਡੀ ਟੀਮ ਇਸ ਮੁਹਿੰਮ ਲਈ ਪੂਰੀ ਲਗਨ ਨਾਲ ਜੁਟੀ ਹੋਈ ਹੈ। ਸਾਡਾ ਨਿਸ਼ਾਨਾ ਇਹ ਹੀ ਹੈ ਕਿ ਅਨੁਸੂਚਿਤ ਜਾਤੀ ਅਤੇ ਦਿਵਿਆਂਗ ਭਾਈਚਾਰੇ ਦੇ ਕੋਈ ਵੀ ਹੱਕ ਤੋਂ ਵਾਂਝਾ ਨਾ ਰਹੇ। ਅਸੀਂ ਪੰਜਾਬ ਸਰਕਾਰ ਅਤੇ ਵਿਧਾਇਕ ਰੰਧਾਵਾ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਗਰੀਬਾਂ ਲਈ ਇਹ ਰਾਹਤ ਲਿਆ ਕੇ ਦਿੱਤੀ। ਇਸ ਸਮਾਗਮ ਦੌਰਾਨ ਕਈ ਪਰਵਾਰਾਂ ਦੀਆਂ ਅੱਖਾਂ ਭਰ ਆਈਆਂ, ਜਦ ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਲੱਗਦਾ ਸੀ ਕਿ ਕੋਈ ਉਨ੍ਹਾਂ ਦੀ ਸੁਣਵਾਈ ਨਹੀਂ ਕਰੇਗਾ, ਪਰ ਹੁਣ ਉਨ੍ਹਾਂ ਦੇ ਜੀਵਨ ਵਿੱਚ ਨਵੀਂ ਰੋਸ਼ਨੀ ਆਈ ਹੈ।

# ਲਾਇਨਜ਼ ਕਲੱਬਾਂ ਵੱਲੋਂ ਹਸਪਤਾਲ ਨੂੰ ਸਫ਼ਾਈ ਲਈ ਸਮਾਨ ਮੁਹੱਈਆ ਕਰਵਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਲਾਇਨਜ਼ ਕਲੱਬ ਜ਼ੀਰਕਪੁਰ ਅਤੇ ਡੇਰਾਬੱਸੀ ਵੱਲੋਂ ਸਾਂਝੇ ਤੌਰ 'ਤੇ ਸਥਾਨਕ ਸਿਵਲ ਹਸਪਤਾਲ ਵਿਖੇ ਸਫਾਈ ਲਈ ਫਿਨਾਇਲ ਅਤੇ ਸਰਫ਼ ਦਾ ਯੋਗਦਾਨ ਪਾਇਆ ਗਿਆ ਹੈ।ਕਲੱਬ ਦੇ ਐਡਮਿਨਸਟ੍ਰੇਟਰ ਲਾਇਨ ਸਨੰਤ ਭਾਰਦ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਨੂੰ ਸਾਫ਼ ਸੁਥਰਾ ਰੱਖਣ ਲਈ ਹਰ ਮਹੀਨੇ ਇਹ ਸਮਾਨ



ਦਿੱਤਾ ਜਾਂਦਾ ਹੈ।ਇਸ ਮੌਕੇ ਹਸਪਤਾਲ ਦੇ ਐਸ ਐਮ ਓ ਡਾਕਟਰ ਧਰਮਿੰਦਰ ਸਿੰਘ ਨੇ ਕਲੱਬ ਵੱਲੋਂ ਇਲਾਕੇ ਅੰਦਰ ਕਰਵਾਏ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਅਤੇ ਕਿਹਾ ਕਿ ਲਾਇਨਜ਼ ਕਲੱਬ ਵੱਲੋਂ ਹਸਪਤਾਲ ਨੂੰ ਵੀ ਪਿਛਲੇ ਕਾਫ਼ੀ ਸਮੇਂ ਤੋਂ ਮਰੀਜ਼ਾਂ ਅਤੇ ਉਨ੍ਹਾਂ ਦੇ ਤੀਮਾਰਦਾਰਾਂ ਦੀ ਸੁਵਿਧਾ ਲਈ ਸਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਲੱਬ ਨੂੰ ਲੋੜਵੰਦਾਂ ਲਈ ਮੈਡੀਕਲ ਕੈਂਪਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਲਾਇਨਜ਼ ਕਲੱਬ ਜ਼ੀਰਕਪੁਰ ਦੇ ਪ੍ਰਧਾਨ ਪੁਸ਼ਪਿੰਦਰ ਮਹਿਤਾ, ਲਾਇਨਜ਼ ਕਲੱਬ ਡੇਰਾਬੱਸੀ ਦੇ ਪ੍ਰਧਾਨ ਬਲਕਾਰ ਸਿੰਘ, ਸਮਾਜ ਸੇਵੀ ਹਰਪ੍ਰੀਤ ਸਿੰਘ ਟਿੰਕੂ , ਲਾਇਨ ਜਸਮੇਰ ਸਿੰਘ, ਅਜੇ ਸਿੰਘ, ਸੁਸ਼ੀਲ ਕੁਮਾਰ ਧੀਮਾਨ, ਕੇਵਲ ਗੋਇਲ, ਡਾਕਟਰ ਆਸ਼ੀਸ਼ ਗਰਗ ਸਮੇਤ ਕਲੱਬ ਦੇ ਹੋਰ ਅਹੁਦੇਦਾਰ ਅਤੇ ਹਸਪਤਾਲ ਦਾ ਸਟਾਫ ਮੌਜੂਦ ਸੀ।

## ਜਨਮ ਦਿਨ ਮੁਬਾਰਕ



ਦਿਵਿਆਅਮ
ਪਿਤਾ : ਲੱਕੀ ਕੁਮਾਰ
ਮਾਤਾ : ਨਿਸ਼ਾ
ਵਾਸੀ : ਨਿਹਾਲ ਸਿੰਘ ਵਾਲਾ



ਫਤਿਹਵੀਰ ਸਿੰਘ
ਵਾਸੀ : ਸ੍ਰੀ ਅੰਮ੍ਰਿਤਸਰ ਸਾਹਿਬ

## ਵਰ੍ਹੇਗੰਢ ਮੁਬਾਰਕ



ਗਗਨਦੀਪ ਸਿੰਘ ਅਤੇ ਅਮਨਪ੍ਰੀਤ ਕੌਰ ਵਾਸੀ ਫਗਵਾੜਾ ਨੇ ਆਪਣੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।

# ਹਿੰਦੂ ਵਿਰੋਧੀ ਬਿਆਨ ਦੇ ਕੇ ਦੇਸ਼ ਦਾ ਸ਼ਾਂਤਮਈ ਮਾਹੌਲ ਖਰਾਬ ਨਾ ਕਰੇ ਕਾਂਗਰਸ : ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਓਂਕਾਰ ਸਿੰਘ , ਜਸਵਿੰਦਰ ਸੰਧੂ)**- ਕਰਨਾਟਕਾ ਸਰਕਾਰ ਦੇ ਮੰਤਰੀ ਪ੍ਰਿਯਾਂਕ ਖੜਗੇ ਦਾ ਇਹ ਬਿਆਨ ਕਿ ਕੇਂਦਰ ਵਿੱਚ ਸਾਡੀ ਸਰਕਾਰ ਬਣਨ 'ਤੇ ਆਰ.ਐਸ.ਐਸ 'ਤੇ ਬੈਨ ਲਗਾ ਦਿੱਤਾ ਜਾਵੇਗਾ ਦੇ ਰੋਸ ਵਜੋਂ ਅੱਜ ਭਾਜਪਾ ਦੇ ਦਫਤਰ ਟਾਂਡਾ ਵਿਖੇ ਭਾਜਪਾ ਪੰਜਾਬ ਐਗਜ਼ੈਕਟਿਵ ਮੈਂਬਰ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਇੱਕ



ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੌਬੀ ਰਾਜਪੁਰ, ਰਾਜ ਕੁਮਾਰ, ਵਿਜੇ ਕੁਮਾਰ, ਗੁਲਸ਼ਨ, ਮਿੱਡੂ ਅਤੇ ਹੋਰ ਭਾਜਪਾ ਵਰਕਰਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਮੰਤਰੀ ਪ੍ਰਿਯਾਂਕ ਖੜਗੇ ਹਿੰਦੂ ਵਿਰੋਧੀ ਬਿਆਨ ਦੇ ਕੇ ਜਿੱਥੇ ਦੇਸ਼ ਦਾ ਸ਼ਾਂਤਮਈ ਮਾਹੌਲ ਖਰਾਬ ਕਰਨ ਦੇ ਯਤਨ ਕਰ ਰਹੇ ਹਨ ਉੱਥੇ ਕਾਂਗਰਸ ਪਾਰਟੀ ਦਾ ਚੋਖਟਾ ਵੀ ਨੰਗਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਰ.ਐਸ.ਐਸ ਇੱਕ ਅਜਿਹਾ ਸੰਗਠਨ ਹੈ ਜਿਸ ਨੇ 1971 ਦੀ ਜੰਗ ਵਿੱਚ ਲੋਕਾਂ ਦੇ ਹਿੱਤ ਅਤੇ ਫੌਜ ਦਾ ਹੌਸਲਾ ਵਧਾਉਣ ਲਈ ਦਿਨ-ਰਾਤ ਮਿਹਨਤ ਕੀਤੀ ਸੀ।ਉਨ੍ਹਾਂ ਖੜਗੇ ਦੇ ਬਿਆਨ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਆਪਣੇ ਕਾਰਜਕਾਲ ਦੌਰਾਨ ਆਰ.ਐਸ.ਐਸ 'ਤੇ ਬੈਨ ਲਗਾਇਆ ਸੀ ਤੇ ਜਨਤਾ ਨੇ ਉਨ੍ਹਾਂ ਨੂੰ ਚੋਣਾਂ ਵਿੱਚ ਹਰਾ ਦਿੱਤਾ ਸੀ ਅਤੇ ਹੁਣ ਉਨ੍ਹਾਂ ਦਾ ਵੀ ਅਜਿਹਾ ਹੀ ਹਾਲ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹੜਾ ਸੰਗਠਨ ਨਿਸਵਾਰਥ ਭਾਵਨਾ ਨਾਲ ਦੇਸ਼ ਦੀ ਸੇਵਾ ਕਰ ਰਿਹਾ ਹੈ ਉਸ ਸੰਗਠਨ ਸੰਬੰਧੀ ਅਜਿਹੇ ਬਿਆਨ ਦੇਣਾ ਉਚਿਤ ਨਹੀਂ ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਮਨਾਈ ਗੋਲਡਨ ਜੁਬਲੀ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵਾਤਾਵਰਣ ਸੁਰੱਖਿਆ ਅਤੇ ਟਿਕਾਊ ਵਿਕਾਸ ਪ੍ਰਤੀ ਅਟੁੱਟ ਵਚਨਬੱਧਤਾ ਦੇ 50 ਸਾਲ ਪੂਰੇ ਕਰਨ ਦੀ ਖੁਸ਼ੀ ਵਿੱਚ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਪੀ.ਪੀ.ਸੀ.ਬੀ. ਵੱਲੋਂ ਚਮੜਾ ਪ੍ਰੋਸੈਸਿੰਗ ਅਤੇ ਪਲਾਈਵੁੱਡ ਉਦਯੋਗਾਂ ਨਾਲ ਵਿਸ਼ੇਸ਼ ਸੈਸ਼ਨ ਵੀ ਕਰਵਾਇਆ ਗਿਆ।ਸਮਾਗਮ ਦੌਰਾਨ ਚਮੜਾ ਅਤੇ ਪਲਾਈਵੁੱਡ ਉਦਯੋਗਾਂ ਦੇ ਪ੍ਰਮੁੱਖ ਮਾਹਿਰਾਂ ਅਤੇ ਅਕਾਦਮਿਕ ਪੇਸ਼ੇਵਰਾਂ ਨੇ ਹਿੱਸਾ ਲਿਆ ਤਾਂ ਜੋ ਟਿਕਾਊ ਅਭਿਆਸਾਂ ਤੇ ਨਵੀਨਤਾ ਅਤੇ ਆਪਸੀ ਵਿਕਾਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਜਾ ਸਕਣ। ਇਸ ਸੈਸ਼ਨ ਦਾ ਉਦੇਸ਼ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਵਾਤਾਵਰਣ ਸੰਭਾਲ ਪ੍ਰਤੀ ਜ਼ਿੰਮੇਵਾਰੀ ਉਦਯੋਗਿਕ ਪ੍ਰਗਤੀ ਦਾ ਰਾਹ ਪੱਧਰਾ ਕਰਨਾ ਸੀ।ਜ਼ਿਕਰਯੋਗ ਹੈ ਕਿ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਪ੍ਰਦੂਸ਼ਣ) ਐਕਟ, 1974 ਵਿੱਚ ਪਾਸ ਕੀਤਾ ਗਿਆ ਸੀ, ਜਿਸਨੇ ਪੰਜਾਬ ਸਰਕਾਰ ਨੂੰ ਬੋਰਡ ਦੇ ਗਠਨ ਦਾ ਨਿਰਦੇਸ਼ ਦਿੱਤਾ, ਜਿਸ ਦੇ ਫਲਸਰੂਪ ਬੋਰਡ ਦੀ ਸਥਾਪਨਾ 1975 ਵਿੱਚ ਹੋਈ।ਮੁੱਖ ਵਾਤਾਵਰਣ ਇੰਜੀਨੀਅਰ ਡਾ. ਕਰੁਨੇਸ਼ ਗਰਗ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਬੋਰਡ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਜਿਸ ਵਿੱਚ ਆਨਲਾਈਨ ਸਹਿਮਤੀ ਪ੍ਰਬੰਧਨ ਅਤੇ ਨਿਗਰਾਨੀ ਪ੍ਰਣਾਲੀ ਦਾ ਵਿਕਾਸ ਸ਼ਾਮਲ ਹੈ ਅਤੇ ਪੰਜਾਬ ਅਜਿਹਾ ਕਰਨ ਵਾਲਾ ਦੇਸ਼ ਦਾ ਪਹਿਲਾ ਰਾਜ ਹੈ। ਉਨ੍ਹਾਂ ਪਿਛਲੇ 50 ਸਾਲਾਂ ਦੇ ਬੋਰਡ ਦੇ ਵਿਕਾਸ 'ਤੇ ਵੀ ਜ਼ੋਰ ਦਿੱਤਾ।ਸੈਂਟਰਲ ਲੈਦਰ ਰਿਸਰਚ ਇੰਸਟੀਚਿਊਟ ਦੇ ਮੁੱਖ ਵਿਗਿਆਨੀ ਸੁਧਾਕਰ ਪੀ. ਨੇ ਚਮੜਾ ਪ੍ਰੋਸੈਸਿੰਗ ਵਿੱਚ ਸਾਫ਼-ਸੁਥਰੀਆਂ ਤਕਨੀਕਾਂ ਅਤੇ ਕੂੜਾ ਪ੍ਰਬੰਧਨ ਬਾਰੇ ਜਾਗਰੂਕ ਕੀਤਾ। ਪ੍ਰੋਫੈਸਰ, ਐਨ.ਆਈ.ਟੀ. ਜਲੰਧਰ, ਡਾ. ਰੋਹਿਤ ਮਹਿਰਾ ਨੇ ਚਮੜਾ ਉਦਯੋਗ ਅਤੇ ਵਾਤਾਵਰਣ ਪ੍ਰਭਾਵਾਂ 'ਤੇ ਭਾਸ਼ਣ ਦਿੱਤਾ। ਸੀ.ਈ.ਓ., ਲੈਦਰ ਕੰਪਲੈਕਸ ਜਲੰਧਰ, ਹੀਰਾ ਲਾਲ ਨੇ ਲੈਦਰ ਕੰਪਲੈਕਸ ਜਲੰਧਰ ਦੇ ਇਤਿਹਾਸ ਅਤੇ ਚੁਣੌਤੀਆਂ ਬਾਰੇ ਦੱਸਿਆ। ਪ੍ਰਿੰਸੀਪਲ ਸਾਇੰਟੀਫਿਕ ਅਫ਼ਸਰ, ਰਣਜੀਤ ਸਿੰਘ ਨੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡਟੈਕਨਾਲੋਜੀ ਚੰਡੀਗੜ੍ਹ, ਨੇ ਪਲਾਈਵੁੱਡ ਉਦਯੋਗਾਂ ਲਈ ਪ੍ਰਦੂਸ਼ਣ ਨਿਯੰਤਰਣ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਚੇਅਰਮੈਨ, ਆਲ ਇੰਡੀਆ ਪਲਾਈਵੁੱਡ ਮੈਨੂਫੈਕਚਰਿੰਗ ਐਸੋਸੀਏਸ਼ਨ ਨਰੇਸ਼ ਤਿਵਾਰੀ ਨੇ ਸਮੇਂ-ਸਮੇਂ 'ਤੇ ਪਲਾਈਵੁੱਡ ਉਦਯੋਗਾਂ ਵਿੱਚ ਹਵਾ ਪ੍ਰਦੂਸ਼ਣ ਨਿਯੰਤਰਣ ਯੰਤਰ ਲਗਾਉਣ ਵਿੱਚ ਦਿੱਤੇ ਸਹਿਯੋਬ ਬਾਰੇ ਚਾਨਣਾ ਪਾਇਆ।ਇੰਜੀਨੀਅਰ ਵਿਜੈ ਕੁਮਾਰ, ਸੀਨੀਅਰ ਵਾਤਾਵਰਣ ਇੰਜੀਨੀਅਰ ਜਲੰਧਰ, ਦੀਪਕ ਚਾਵਲਾ, ਪਰਵੀਨ ਕੁਮਾਰ, ਸੰਜੇ ਕੁਮਾਰ, ਲੈਦਰ ਕੰਪਲੈਕਸ ਜਲੰਧਰ ਦੀ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ, ਸਮਾਗਮ ਵਿੱਚ ਸ਼ਾਮਲ ਹੋਏ।

# ਜਥੇਦਾਰ ਗੁਰਮੁਖ ਸਿੰਘ ਹੇੜੀਆ ਦੇ ਬੇਵਕਤੀ ਦੇਹਾਂਤ 'ਤੇ ਸੋਹਣ ਸਿੰਘ ਠੰਡਲ ਵੱਲੋਂ ਦੁੱਖ ਦਾ ਪ੍ਰਗਟਾਵਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਹੇੜੀਆ ਦੇ ਉਘੇ ਸਮਾਜ ਸੇਵਕ ਜਥੇਦਾਰ ਗੁਰਮੁੱਖ ਸਿੰਘ ਹੇੜੀਆ ਦੇ ਬਵੇਕਤੀ ਦੇਹਾਂਤ ਤੇ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ



ਪੰਜਾਬ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਜਸਵੀਰ ਸਿੰਘ ਜੱਸ ਹੇੜੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਥੇਦਾਰ ਗੁਰਮੁੱਖ ਸਿੰਘ ਹੇੜੀਆ ਦਾ 5 ਜੁਲਾਈ ਨੂੰ ਸਵੇਰੇ ਅਚਾਨਕ ਦੇਹਾਂਤ ਹੋ ਗਿਆ।ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਦੱਸਿਆ ਕਿ 6 ਜੁਲਾਈ ਨੂੰ ਸਵੇਰੇ 11 ਵਜੇ ਅੰਤਿਮ ਸੰਸਕਾਰ ਪਿੰਡ ਹੇੜੀਆ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ। ਇਸ ਮੌਕੇ ਦੁੱਖ ਦੀ ਘੜੀ ਵਿੱਚ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ, ਰਵਿੰਦਰ ਸਿੰਘ ਠੰਡਲ ਯੂਥ ਆਗੂ, ਬੀਬੀ ਬਲਵੀਰ ਕੌਰ ਠੰਡਲ,ਮਲਕੀਅਤ ਸਿੰਘ ਠੰਡਲ, ਬਲਵੀਰ ਸਿੰਘ, ਪ੍ਰਗਟ ਸਿੰਘ, ਅਮਰਜੀਤ ਸਿੰਘ, ਜਸਵੀਰ ਸਿੰਘ ਜੱਸ ਹੇੜੀਆ, ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋ, ਮਾਸਟਰ ਹਰਭਜਨ ਸਿੰਘ ਅਜਨੋਹਾ, ਜਥੇਦਾਰ ਸੁਰਜੀਤ ਸਿੰਘ ਮਸੂਤਾ ਭੁੰਗਰਨੀ, ਜਗਤਾਰ ਸਿੰਘ ਭੁੰਗਰਨੀ ਸੀਨੀਅਰ ਪੱਤਰਕਾਰ, ਹਰਵਿੰਦਰ ਸਿੰਘ ਭੁੰਗਰਨੀ ਪੱਤਰਕਾਰ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਹਰਜਿੰਦਰ ਕੌਰ ਠੰਡਲ, ਜਸਵਿੰਦਰ ਸਿੰਘ ਮੁੱਖਲਿਆਣਾ, ਮਹਿੰਦਰ ਸਿੰਘ ਸਾਬਕਾ ਸਰਪੰਚ ਮੁੱਖਲਿਆਣਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ ਭੁੰਗਰਨੀ, ਬੀਬੀ ਸੰਤੋਸ਼ ਕੁਮਾਰੀ ਭੁੰਗਰਨੀ, ਲਖਵੀਰ ਸਿੰਘ ਲੱਕੀ ਪੰਚ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।